2-JAN-PAGE-1.qxd 1/1/2023 8:17 PM Page 1

ਸੋਮਵਾਰ, 2 ਜਨਵਰੀ, 2023
18 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 213

# ਨਵਾਂ ਜ਼ਮਾਨਾ

DAILY NAWAN ZAMANA • MONDAY, 2 JANUARY, 2023

ਜਲੰਧਰ

nawan zamana TV

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

## ਪ੍ਰਬੋਧ ਸਕਸੈਨਾ ਹਿਮਾਚਲ ਦੇ ਨਵੇਂ ਮੁੱਖ ਸਕੱਤਰ



**ਸ਼ਿਮਲਾ** : ਹਿਮਾਚਲ ਸਰਕਾਰ ਨੇ ਪ੍ਰਬੋਧ ਸਕਸੈਨਾ ਨੂੰ ਸੂਬੇ ਦਾ ਨਵਾਂ ਮੁੱਖ ਸਕੱਤਰ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਆਰ ਡੀ ਧੀਮਾਨ 31 ਦਸੰਬਰ ਨੂੰ ਸੇਵਾਮੁਕਤ ਹੋ ਗਏ ਸਨ। 1990 ਬੈਚ ਦੇ ਸਕਸੈਨਾ ਦੀ ਮੁੱਖ ਸਕੱਤਰ ਵਜੋਂ ਨਿਯੁਕਤੀ ਪੰਜ ਸੀਨੀਅਰ ਆਈ ਏ ਐੱਸ ਅਫਸਰਾਂ ਨੂੰ ਪਿੱਛੇ ਛੱਡ ਕੇ ਕੀਤੀ ਗਈ ਹੈ।

## ਹਿੰਦ-ਪਾਕਿ ਨੇ ਪ੍ਰਮਾਣੂ ਕੇਂਦਰਾਂ ਦੀਆਂ ਸੂਚੀਆਂ ਵਟਾਈਆਂ

**ਨਵੀਂ ਦਿੱਲੀ** : ਭਾਰਤ ਅਤੇ ਪਾਕਿਸਤਾਨ ਨੇ 32 ਸਾਲਾ ਰਵਾਇਤ ਨੂੰ ਜਾਰੀ ਰੱਖਦਿਆਂ ਐਤਵਾਰ ਦੁਵੱਲੇ ਸਮਝੌਤੇ ਤਹਿਤ ਆਪਣੇ ਪ੍ਰਮਾਣੂ ਕੇਂਦਰਾਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਇਸ ਸਮਝੌਤੇ ਤਹਿਤ ਦੋਵਾਂ ਧਿਰਾਂ ਨੂੰ ਇਕ-ਦੂਜੇ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਦੀ ਮਨਾਹੀ ਹੈ।

## ਕਾਬਲ ਦੇ ਫੌਜੀ ਹਵਾਈ ਅੱਡੇ ਦੇ ਬਾਹਰ ਧਮਾਕੇ, 10 ਮੌਤਾਂ

**ਕਾਬੁਲ** : ਇਥੋਂ ਦੇ ਫੌਜੀ ਹਵਾਈ ਅੱਡੇ ਬਾਹਰ ਐਤਵਾਰ ਬੰਬ ਧਮਾਕਿਆਂ ਨਾਲ 10 ਲੋਕਾਂ ਦੀ ਮੌਤ ਹੋ ਗਈ ਤੇ 8 ਜਣੇ ਜ਼ਖਮੀ ਹੋ ਗਏ। ਤਾਲਿਬਾਨ ਦੇ ਬੁਲਾਰੇ ਅਬਦੁਲ ਨਫੀ ਨੇ ਦੱਸਿਆ ਕਿ ਪਹਿਲਾ ਧਮਾਕਾ ਸਵੇਰ ਵੇਲੇ ਹੋਇਆ ਤੇ ਉਸ ਤੋਂ ਬਾਅਦ ਕਈ ਧਮਾਕੇ ਸੁਣੇ ਗਏ। ਸੁਰੱਖਿਆ ਬਲਾਂ ਨੇ ਪੂਰੇ ਖੇਤਰ ਨੂੰ ਸੀਲ ਕਰ ਦਿੱਤਾ ਹੈ ਤੇ ਹਵਾਈ ਅੱਡੇ ਨੂੰ ਆਉਂਦੇ ਤੇ ਜਾਂਦੇ ਰਸਤਿਆਂ 'ਤੇ ਸੁਰੱਖਿਆ ਵਧਾ ਦਿੱਤੀ ਹੈ।

## ਮਾਨ ਵੱਲੋਂ ਲੋਕਾਂ ਨੂੰ ਮਿਲ ਕੇ ਨਵੇਂ ਸਾਲ ਦੀਆਂ ਵਧਾਈਆਂ



**ਭਵਾਨੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸਾਲ ਦੇ ਪਹਿਲੇ ਦਿਨ ਐਤਵਾਰ ਭਵਾਨੀਗੜ੍ਹ ਬਲਾਕ ਵਿਚ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਤੇ ਲੋਕਾਂ ਦੇ ਰੂਬਰੂ ਹੋ ਕੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਮੁੱਖ ਮੰਤਰੀ ਦਾ ਕਾਫਲਾ ਸਵੇਰੇ ਸੰਗਰੂਰ ਜ਼ਿਲ੍ਹੇ ਦੀ ਹਦੂਦ ਅੰਦਰ ਪਿੰਡ ਚੰਨੋ ਵਿਖੇ ਦਾਖਲ ਹੋਇਆ ਤਾਂ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੇ ਸਵਾਗਤ ਕੀਤਾ। ਇਸ ਉਪਰੰਤ ਮਾਨ ਅਨਾਜ ਮੰਡੀ ਭਵਾਨੀਗੜ੍ਹ ਅਤੇ ਪਿੰਡ ਘਰਾਚੋਂ ਰੁਕੇ। ਇਨ੍ਹਾਂ ਥਾਵਾਂ 'ਤੇ ਉਨ੍ਹਾ ਲੋਕਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

## ਕਮਰਸ਼ੀਅਲ ਗੈਸ ਸਿਲੰਡਰ 25 ਰੁਪਏ ਵਧਿਆ




**ਨਵੀਂ ਦਿੱਲੀ** : ਨਵੇਂ ਸਾਲ ਦੇ ਪਹਿਲੇ ਦਿਨ ਹੀ ਲੋਕਾਂ ਨੂੰ ਝਟਕਾ ਦਿੰਦਿਆਂ ਤੇਲ ਕੰਪਨੀਆਂ ਨੇ ਕਮਰਸ਼ੀਅਲ ਐੱਲ ਪੀ ਜੀ ਸਿਲੰਡਰ ਦੀ ਕੀਮਤ 25 ਰੁਪਏ ਵਧਾ ਦਿੱਤੀ, ਹਾਲਾਂਕਿ ਘਰੇਲੂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ 'ਚ ਵਾਧਾ-ਘਾਟਾ ਨਹੀਂ ਕੀਤਾ। ਦਿੱਲੀ 'ਚ ਕਮਰਸ਼ੀਅਲ ਸਿਲੰਡਰ 1,769 ਰੁਪਏ ਦਾ ਹੋ ਗਿਆ ਹੈ।

## ਅੱਗ ਨਾਲ 2 ਬਜ਼ੁਰਗਾਂ ਦੀ ਮੌਤ

**ਨਵੀਂ ਦਿੱਲੀ** : ਗਰੇਟਰ ਕੈਲਾਸ਼ ਨਗਰ-2 ਦੇ ਓਲਡ ਏਜ ਹੋਮ ਵਿਚ ਐਤਵਾਰ ਸਵੇਰੇ ਅੱਗ ਲੱਗਣ ਨਾਲ ਦੋ ਬਜ਼ੁਰਗ ਮਹਿਲਾਵਾਂ ਦੀ ਮੌਤ ਹੋ ਗਈ, ਜਦਕਿ 13 ਜ਼ਖ਼ਮੀ ਹੋ ਗਏ। ਅੱਗ ਦੂਜੀ ਤੇ ਤੀਜੀ ਮੰਜ਼ਲ ਨੂੰ ਲੱਗੀ। ਫਾਇਰ ਵਿਭਾਗ ਦੀ ਟੀਮ ਨੇ ਛੇ ਜਣਿਆਂ ਨੂੰ ਬਾਹਰ ਕੱਢਿਆ ਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ।

# ਜਿਨਸੀ ਛੇੜਛਾੜ ਦੇ ਦੋਸ਼ਾਂ 'ਤੇ ਸੰਦੀਪ ਸਿੰਘ ਨੇ ਖੇਡ ਮੰਤਰਾਲਾ ਛੱਡਿਆ



**ਚੰਡੀਗੜ੍ਹ** : ਸਾਬਕਾ ਭਾਰਤੀ ਹਾਕੀ ਕਪਤਾਨ ਤੇ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਨੇ ਜੂਨੀਅਰ ਮਹਿਲਾ ਕੋਚ ਵੱਲੋਂ ਲਾਏ ਗਏ ਛੇੜਛਾੜ ਦੇ ਦੋਸ਼ਾਂ ਤਹਿਤ ਚੰਡੀਗੜ੍ਹ 'ਚ ਕੇਸ ਦਰਜ ਹੋਣ ਤੋਂ ਬਾਅਦ ਖੇਡ ਮੰਤਰਾਲਾ ਛੱਡ ਕੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਹਵਾਲੇ ਕਰ ਦਿੱਤਾ ਹੈ, ਪਰ ਕੈਬਨਿਟ ਤੋਂ ਅਸਤੀਫਾ ਨਹੀਂ ਦਿੱਤਾ। ਉਨ੍ਹਾ ਕੋਲ ਪ੍ਰਿੰਟਿੰਗ ਤੇ ਸਟੇਸ਼ਨਰੀ ਦਾ ਮਹਿਕਮਾ ਵੀ ਹੈ।

ਸੰਦੀਪ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਤ ਦੱਸਦਿਆਂ ਕਿਹਾ ਕਿ ਉਹ ਜਾਂਚ ਕਮੇਟੀ ਦੀ ਰਿਪੋਰਟ ਆਉਣ ਤੱਕ ਖੇਡ ਮੰਤਰੀ ਨਹੀਂ ਰਹਿਣਗੇ। ਇਹ ਤਿੰਨ ਮੈਂਬਰੀ ਕਮੇਟੀ ਹਰਿਆਣਾ ਦੇ ਡੀ ਜੀ ਪੀ ਨੇ ਆਈ ਪੀ ਐੱਸ ਮਮਤਾ ਸਿੰਘ ਦੀ ਅਗਵਾਈ ਵਿਚ ਬਣਾਈ ਹੈ।

ਹਰਿਆਣਾ ਦੀ ਜੂਨੀਅਰ ਕੋਚ ਦੀ ਸ਼ਿਕਾਇਤ 'ਤੇ 36 ਸਾਲਾ ਸੰਦੀਪ ਸਿੰਘ ਖਿਲਾਫ ਚੰਡੀਗੜ੍ਹ ਦੇ ਸੈਕਟਰ 26 ਦੇ ਥਾਣੇ 'ਚ ਸ਼ਨੀਵਾਰ ਐੱਫ ਆਈ ਆਰ ਦਰਜ ਕੀਤੀ ਗਈ ਸੀ। ਕੋਚ ਨੇ ਪਿਛਲੇ ਦਿਨੀਂ ਦੋਸ਼ ਲਾਇਆ ਸੀ ਕਿ ਕੁਰੂਕਸ਼ੇਤਰ ਦੇ ਪਿਹੋਵਾ ਤੋਂ ਵਿਧਾਇਕ ਸੰਦੀਪ ਸਿੰਘ ਉਸ ਨੂੰ ਮਿਲਣ ਲਈ ਦਬਾਅ ਪਾਉਂਦੇ ਰਹੇ। ਸੰਦੀਪ ਸਿੰਘ ਨੇ ਪਹਿਲੀ ਵਾਰ ਉਸ ਨੂੰ ਇਕ ਜਿਮ ਵਿਚ ਦੇਖਿਆ ਸੀ ਤੇ ਫਿਰ ਇੰਸਟਾਗਰਾਮ 'ਤੇ ਸੰਪਰਕ ਕੀਤਾ। ਇੰਸਟਾਗ੍ਰਾਮ 'ਤੇ ਸੁਨੇਹੇ ਘੱਲਦੇ ਰਹੇ ਕਿ ਤੇਰਾ ਕੌਮੀ ਖੇਡਾਂ ਦਾ ਸਰਟੀਫਿਕੇਟ ਨਹੀਂ ਮਿਲਿਆ, ਇਸ ਕਰਕੇ ਉਨ੍ਹਾ ਨੂੰ ਆ ਕੇ ਮਿਲ। ਕੋਚ ਮੁਤਾਬਕ ਉਸ ਦਾ ਸਰਟੀਫਿਕੇਟ ਕਿਤੇ ਗੁਆਚ ਗਿਆ ਹੈ ਤੇ ਉਸ ਨੇ ਇਸ ਬਾਰੇ ਸੰਬੰਧਤ ਅਧਿਕਾਰੀਆਂ ਨਾਲ ਗੱਲ ਕੀਤੀ ਹੈ। ਫਿਰ ਵੀ ਉਹ ਕੁਝ ਹੋਰ ਦਸਤਾਵੇਜ਼ਾਂ ਨਾਲ ਸੰਦੀਪ ਸਿੰਘ ਨੂੰ ਉਨ੍ਹਾ ਦੀ ਰਿਹਾਇਸ਼-ਕਮ-ਕੈਂਪ ਆਫਿਸ ਵਿਚ ਮਿਲਣ ਲਈ ਗਈ, ਜਿਥੇ ਮੰਤਰੀ ਨੇ ਉਸ ਨੂੰ ਹੱਥ ਪਾ ਲਿਆ। ਕੋਚ ਮੁਤਾਬਕ, 'ਉਹ ਮੈਨੂੰ ਰਿਹਾਇਸ਼ ਦੇ ਨਾਲ ਲਗਦੇ ਇਕ ਕੈਬਿਨ ਵਿਚ ਲੈ ਗਏ ਤੇ ਮੇਰੇ ਦਸਤਾਵੇਜ਼ ਟੇਬਲ 'ਤੇ ਰੱਖ ਕੇ ਆਪਣਾ ਹੱਥ ਮੇਰੇ ਪੈਰ 'ਤੇ ਰੱਖ ਦਿੱਤਾ ਅਤੇ ਕਿਹਾ ਕਿ ਜਿਸ ਦਿਨ ਦਾ ਤੈਨੂੰ ਪਹਿਲੀ ਵਾਰ ਤੱਕਿਆ, ਉਦੋਂ ਦਾ ਸ਼ੁਦਾਈ ਹੋਇਆ ਪਿਆਂ। ਤੂੰ ਮੈਨੂੰ ਖੁਸ਼ ਰੱਖ, ਮੈਂ ਤੈਨੂੰ ਖੁਸ਼ ਰੱਖਾਂਗਾ। ਮੈਂ ਹੱਥ ਪਰ੍ਹੇ ਕਰ ਦਿੱਤਾ। ਉਨ੍ਹਾ ਮੇਰੀ ਟੀ-ਸ਼ਰਟ ਪਾੜ ਦਿੱਤੀ। ਮੈਂ ਮਦਦ ਲਈ ਰੌਲਾ ਪਾਇਆ, ਪਰ ਸਟਾਫ ਦੇ ਕਿਸੇ ਬੰਦੇ ਨੇ ਮਦਦ ਨਹੀਂ ਕੀਤੀ।'

ਸੰਦੀਪ ਸਿੰਘ ਨੇ ਵੀਰਵਾਰ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਆਜ਼ਾਦ ਜਾਂਚ ਬਿਠਾਉਣ ਦੀ ਮੰਗ ਕੀਤੀ ਸੀ ਤੇ ਕਿਹਾ ਸੀ ਕਿ ਜਾਂਚ 'ਚ ਮਹਿਲਾ ਦਾ ਸਾਰਾ ਰਿਕਾਰਡ ਵੀ ਘੋਖਿਆ ਜਾਵੇ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੀ ਨਿਰਪੱਖ ਜਾਂਚ ਦੀ ਮੰਗ ਕਰ ਚੁੱਕੇ ਹਨ, ਜਦਕਿ ਇਨੈਲੋ ਨੇ ਸੰਦੀਪ ਸਿੰਘ ਨੂੰ ਬਰਤਰਫ ਕਰਕੇ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਮੰਗ ਕੀਤੀ ਹੈ। ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦਰਜ ਕਰਵਾਉਣ ਵਾਲੀ ਮਹਿਲਾ ਕੋਚ ਨੇ ਐਤਵਾਰ ਅੰਬਾਲਾ 'ਚ ਗ੍ਰਹਿ ਮੰਤਰੀ ਅਨਿਲ ਵਿੱਜ ਨਾਲ ਵੀ ਮੁਲਾਕਾਤ ਕੀਤੀ।



ਗੁਰੂ ਨਗਰੀ ਵਾਸੀਆਂ ਦੇ ਨਾਲ-ਨਾਲ ਦੇਸ਼-ਵਿਦੇਸ਼ ਤੋਂ ਆਈ ਸੰਗਤ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ।

# ਬਾਦਲਾਂ ਤੇ ਢੀਂਡਸਾ ਪਰਵਾਰ ਨੇ ਮਿਲੀਭੁਗਤ ਨਾਲ ਸੰਗਰੂਰ ਮੈਡੀਕਲ ਕਾਲਜ ਦੇ ਕੰਮ 'ਚ ਅੜਿੱਕਾ ਡਾਹਿਆ : ਮੁੱਖ ਮੰਤਰੀ



**ਸੰਗਰੂਰ** : ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਬਾਦਲਾਂ ਅਤੇ ਢੀਂਡਸਾ ਪਰਵਾਰ ਉਤੇ ਤਿੱਖਾ ਨਿਸ਼ਾਨਾ ਸਾਧਦਿਆਂ ਆਖਿਆ ਕਿ ਇਨ੍ਹਾਂ ਦੋਵਾਂ ਪਰਵਾਰਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖਾਤਰ ਸੰਗਰੂਰ ਦੇ ਮੈਡੀਕਲ ਕਾਲਜ ਦੇ ਕੰਮ ਵਿਚ ਅੜਿੱਕਾ ਡਾਹਿਆ ਹੋਇਆ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅਜਿਹੇ ਕੋਝੇ ਹੱਥਕੰਡੇ ਅਪਣਾਉਣ ਨਾਲ ਇਨ੍ਹਾਂ ਦੋਵਾਂ ਪਰਵਾਰਾਂ ਦਾ ਲੋਕ ਵਿਰੋਧੀ ਚਿਹਰਾ ਬੇਨਕਾਬ ਹੋਇਆ ਹੈ, ਕਿਉਂਕਿ ਇਹ ਪਰਵਾਰ ਨਹੀਂ ਚਾਹੁੰਦੇ ਕਿ ਆਮ ਲੋਕਾਂ ਨੂੰ ਇੱਥੇ ਬਣਨ ਵਾਲੇ ਮੈਡੀਕਲ ਕਾਲਜ ਨਾਲ ਬਿਹਤਰ ਇਲਾਜ ਅਤੇ ਸਿੱਖਿਆ ਮੁਹੱਈਆ ਹੋਵੇ, ਜਿਸ ਕਰਕੇ ਇਲਾਕੇ ਲਈ ਇਸ ਵੱਕਾਰੀ ਪ੍ਰਾਜੈਕਟ ਦੇ ਰਾਹ ਵਿਚ ਅੜਿੱਕੇ ਡਾਹੁਣ ਲਈ ਮਿਲੀਭੁਗਤ ਨਾਲ ਸਾਜ਼ਿਸ਼ਾਂ ਰਚੀਆਂ ਗਈਆਂ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਸੰਗਰੂਰ ਨੇੜੇ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਜੀ ਦੀ ਯਾਦ ਵਿਚ ਉੱਚ ਦਰਜੇ ਦਾ ਮੈਡੀਕਲ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ, ਜਿਸ ਲਈ 407 ਕਰੋੜ ਰੁਪਏ ਦੇ ਫੰਡ ਰੱਖੇ ਗਏ ਸਨ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ਦਾ ਕੰਮ ਸ਼ੁਰੂ ਕਰਨ ਲਈ ਸੂਬਾ ਸਰਕਾਰ ਨੇ 407 ਕਰੋੜ ਰੁਪਏ ਵਿੱਚੋਂ ਬਹੁਤ ਫੰਡ ਪਹਿਲਾਂ ਹੀ ਜਾਰੀ ਕਰ ਦਿੱਤੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੈਡੀਕਲ ਕਾਲਜ ਦਾ ਪਹਿਲਾ ਅਕਾਦਮਿਕ ਸੈਸ਼ਨ ਇਸ ਸਾਲ ਮਾਰਚ ਮਹੀਨੇ ਤੋਂ ਸ਼ੁਰੂ ਹੋਣਾ ਸੀ, ਜਿਸ ਨਾਲ ਸਮੁੱਚੇ ਮਾਲਵਾ ਖਿੱਤੇ ਨੂੰ ਬਿਹਤਰ ਮੈਡੀਕਲ ਸਹੂਲਤਾਂ ਹਾਸਲ ਹੋਣੀਆਂ ਸਨ। ਉਨ੍ਹਾ ਕਿਹਾ ਕਿ ਇਲਾਕੇ ਦੇ ਨੌਜਵਾਨਾਂ ਨੂੰ ਉਚੇਰੀ ਮੈਡੀਕਲ ਸਿੱਖਿਆ ਦੇ ਬਿਹਤਰ ਮੌਕੇ ਇੱਥੇ ਹੀ ਮਿਲਣੇ ਸ਼ੁਰੂ ਹੋਣੇ ਸਨ ਅਤੇ ਇਨ੍ਹਾਂ ਨੌਜਵਾਨਾਂ ਨੂੰ ਮੈਡੀਕਲ ਸਿੱਖਿਆ

● ਬਾਕੀ ਸਫ਼ਾ 2 'ਤੇ

# ਲਤੀਫਪੁਰਾ ਮੁੜ ਵਸੇਬਾ ਸਾਂਝੇ ਮੋਰਚੇ ਨੇ ਪੀ ਏ ਪੀ ਚੌਕ 'ਚ ਲਾਇਆ ਜਾਮ



**ਜਲੰਧਰ** : ਲਤੀਫਪੁਰਾ ਮੁੜ ਵਸੇਬਾ ਮੋਰਚੇ ਦੇ ਸੱਦੇ 'ਤੇ ਐਤਵਾਰ ਜਥੇਬੰਦੀਆਂ ਨੇ ਪੀ ਏ ਪੀ ਚੌਕ 'ਚ ਜਾਮ ਲਾਇਆ, ਜਿਸ ਕਾਰਨ ਨੈਸ਼ਨਲ ਹਾਈਵੇ 'ਤੇ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਪੁਲਸ ਨੇ ਟ੍ਰੈਫਿਕ ਦੇ ਬਦਲਵੇਂ ਪ੍ਰਬੰਧ ਕੀਤੇ ਹੋਏ ਸਨ, ਪਰ ਟ੍ਰੈਫਿਕ ਜ਼ਿਆਦਾ ਹੋਣ ਕਾਰਨ ਜਾਮ ਵਧਦਾ ਹੀ ਗਿਆ। ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤੀ ਲੋਕਾਂ ਨੇ 3 ਘੰਟੇ ਨੈਸ਼ਨਲ ਹਾਈਵੇ ਜਾਮ ਕੀਤਾ।

ਆਗੂਆਂ ਨੇ ਕਿਹਾ ਕਿ ਮੰਗਾਂ ਦੇ ਨਿਪਟਾਰੇ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲਤੀਫਪੁਰਾ ਦਾ ਉਜਾੜਾ ਇੰਪਰੂਵਮੈਂਟ ਟਰੱਸਟ ਵਲੋਂ ਵੱਡੇ ਮੁਨਾਫੇ ਕਮਾਉਣ ਲਈ ਸਿਆਸਤਦਾਨਾਂ ਤੇ ਮਾਫੀਆ ਨਾਲ ਮਿਲ ਕੇ ਕੀਤਾ ਗਿਆ ਹੈ। ਜੇਕਰ ਇਸ ਦੀ ਜਾਂਚ ਕਰਵਾਈ ਜਾਵੇ ਤਾਂ ਵੱਡੇ ਪੱਧਰ ਉੱਤੇ ਘਪਲੇਬਾਜ਼ੀ ਸਾਹਮਣੇ ਨਿਕਲ ਕੇ ਆਏਗੀ। ਸਰਕਾਰ ਦਾ ਫਰਜ਼ ਬਣਦਾ ਸੀ ਕਿ ਉਹ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨੂੰ ਪੱਕੇ ਵਸਨੀਕ ਦਾ ਅਧਿਕਾਰ ਦਿੰਦੀ। ਪ੍ਰਸ਼ਾਸਨ ਨੇ ਲੋੜ ਤੋਂ ਵੱਧ ਘਰ ਢਾਹ ਕੇ ਲੋਕਾਂ ਨੂੰ ਠੰਢ 'ਚ ਰਹਿਣ ਲਈ ਮਜਬੂਰ ਕੀਤਾ ਹੈ। ਸਮਾਪਤੀ ਵੇਲੇ ਜਗਤਾਰ ਸਿੰਘ ਸੰਘੇੜਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਵੱਲੋਂ ਹੋਰ ਥਾਂ ਫਲੈਟ ਦੇਣ ਦੀ ਪੇਸ਼ਕਸ਼ ਨੂੰ ਠੁਕਰਾਉਂਦੇ ਹੋਏ ਆਗੂਆਂ ਨੇ ਅਗਲੇ ਸਖਤ ਸੰਘਰਸ਼ ਦਾ ਐਲਾਨ ਕਰਦਿਆਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਜਾੜੇ ਵਾਲੀ ਜਗ੍ਹਾ ਉੱਪਰ ਹੀ ਪੀੜਤ ਲੋਕਾਂ ਦਾ ਮੁੜ ਵਸੇਬਾ ਨਾ ਕੀਤਾ, ਉਹਨਾਂ ਦੇ ਹੋਏ ਨੁਕਸਾਨ ਤਾਂ ਮੁਆਵਜ਼ਾ ਨਾ ਦਿੱਤਾ ਅਤੇ ਗਾਲੀ-ਗਲੋਚ ਤੇ ਵਧੀਕੀ ਕਰਨ ਵਾਲੇ ਡੀ ਸੀ ਪੀ ਤੇਜਾ ਖਿਲਾਫ ਸਖਤ ਕਾਰਵਾਈ ਨਾ ਕੀਤੀ ਤਾਂ ਧੰਨੋਵਾਲੀ ਨੇੜੇ 4 ਘੰਟੇ ਲਈ ਹਾਈਵੇ ਅਤੇ ਰੇਲਵੇ ਜਾਮ ਕੀਤਾ ਜਾਵੇਗਾ। ਇਸ ਮੌਕੇ ਮੋਰਚੇ ਦੇ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸੰਤੋਖ ਸਿੰਘ ਸੰਧੂ, ਜਥੇਦਾਰ ਕਸ਼ਮੀਰ ਸਿੰਘ, ਕਸ਼ਮੀਰ ਸਿੰਘ ਘੁਗਸ਼ੋਰ, ਡਾਕਟਰ ਗੁਰਦੀਪ ਸਿੰਘ ਭੰਡਾਲ, ਮਹਿੰਦਰ ਸਿੰਘ ਬਾਜਵਾ, ਹਰਜਿੰਦਰ ਕੌਰ, ਬਲਜਿੰਦਰ ਕੌਰ, ਪਰਮਿੰਦਰ ਸਿੰਘ ਬਾਜਵਾ, ਹੰਸ ਰਾਜ ਪੱਬਵਾਂ, ਜਸਵੀਰ ਕੌਰ ਜੱਸੀ, ਮੰਗਲਜੀਤ ਸਿੰਘ ਪੰਡੋਰੀ, ਸੁਰਿੰਦਰ ਸਿੰਘ ਬੈਂਸ, ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਪਿੰਦਰਪਾਲ ਕੌਰ, ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਬਲਵਿੰਦਰ ਕੌਰ, ਪਰਮਵੀਰ ਕੌਰ, ਬਲਕਾਰ ਸਿੰਘ, ਨਛੱਤਰ ਸਿੰਘ, ਗੁਰਦੀਪ ਸਿੰਘ, ਮਿੰਦਰ ਸਿੰਘ, ਕੁਲਵੀਰ ਸਿੰਘ, ਰਛਪਾਲ ਸਿੰਘ, ਅਮਨ ਸ਼ਰਮਾ, ਮਨਿੰਦਰ ਸਿੰਘ, ਬਲਬੀਰ ਸਿੰਘ ਚੀਮਾ ਤੇ ਬਲਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

## ਜੈਨ ਤੀਰਥ ਸਥਾਨ ਨੂੰ ਸੈਲਾਨੀ ਕੇਂਦਰ ਬਣਾਉਣ ਦਾ ਵਿਰੋਧ



**ਨਵੀਂ ਦਿੱਲੀ** : ਝਾਰਖੰਡ ਵਿਚਲੇ ਜੈਨ ਤੀਰਥ ਸਥਾਨ ਨੂੰ ਸੈਲਾਨੀ ਕੇਂਦਰ ਬਣਾਉਣ ਦੇ ਵਿਰੋਧ ਵਿਚ ਐਤਵਾਰ ਦਿੱਲੀ, ਮੁੰਬਈ ਤੇ ਅਹਿਮਦਾਬਾਦ ਵਿਚ ਲੋਕਾਂ ਵਲੋਂ ਪ੍ਰਦਰਸ਼ਨ ਕੀਤੇ ਗਏ। ਜੈਨ ਸਮਾਜ ਦੇ ਲੋਕ ਦਿੱਲੀ ਦੇ ਪ੍ਰਗਤੀ ਮੈਦਾਨ ਤੇ ਇੰਡੀਆ ਗੇਟ 'ਤੇ ਇਕੱਠੇ ਹੋਏ ਤੇ ਸਰਕਾਰ ਖਿਲਾਫ ਰੋਸ ਜ਼ਾਹਰ ਕੀਤਾ। ਇਸ ਮੌਕੇ ਜੈਨੀ ਆਗੂਆਂ ਵੱਲੋਂ ਇਸ ਸੰਬੰਧ ਵਿਚ ਰਾਸ਼ਟਰਪਤੀ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ।

## ਵਿਸ਼ੇਸ਼ ਸਪਲੀਮੈਂਟ



**ਕਪੂਰਥਲਾ** ਤੋਂ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 9ਵੀਂ ਵਰ੍ਹੇਗੰਢ ਮੌਕੇ 7 ਜਨਵਰੀ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਪ੍ਰੀਤ ਸੰਗੋਜਲਾ** ਨਾਲ ਮੋਬਾਇਲ 99143-35663 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

# ਭਿਆਨਕ ਹਾਦਸੇ 'ਚ ਚਾਰ ਵਿਦਿਆਰਥੀਆਂ ਦੀ ਮੌਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਐਤਵਾਰ ਸਵੇਰੇ ਜਲੰਧਰ-ਪਠਾਨਕੋਟ ਮਾਰਗ 'ਤੇ ਬਿਆਸ ਪਿੰਡ ਨੇੜੇ ਓਵਰਟੇਕ ਕਰਦੀ ਕਾਰ ਡਿਵਾਈਡਰ ਨੂੰ ਟੱਪ ਕੇ ਦੂਜੇ ਵਾਹਨ ਵਿੱਚ ਵੱਜਣ ਕਾਰਨ ਚਾਰ ਵਿਦਿਆਰਥੀਆਂ ਦੀ ਮੌਤ ਹੋ ਗਈ।

ਲੁਧਿਆਣਾ ਦਾ ਕਾਰ ਡਰਾਈਵਰ ਪਠਾਨਕੋਟ ਆਪਣੀ ਪਤਨੀ ਨੂੰ ਛੱਡ ਕੇ ਪਰਤ ਰਿਹਾ ਸੀ ਕਿ ਰਾਮਪੁਰਾ ਫੂਲ ਵੈਟਰਨਰੀ ਕਾਲਜ ਦੇ ਵਿਦਿਆਰਥੀਆਂ ਨੇ ਉਸ ਦੀ ਕਾਰ 'ਚ ਲਿਫਟ ਲੈ ਲਈ। ਮ੍ਰਿਤਕਾਂ ਦੀ ਪਹਿਚਾਣ ਵਿਦਿਆਰਥਣ ਡੌਲੀ ਗੁਲੇਰੀਆ, ਲੋਕੇਸ਼, ਸਿਮਰਨ ਤੇ ਰੋਹਿਨ ਵਜੋਂ ਹੋਈ ਹੈ। ਡਰਾਈਵਰ ਗੰਭੀਰ ਜ਼ਖ਼ਮੀ ਸੀ।

## ਕੋਰੋਨਾ ਦੀ ਐਸੀ ਕੀ ਤੈਸੀ

**ਬੀਜਿੰਗ** : ਚੀਨ ਵਿਚ ਵਧ ਰਹੀ ਕੋਰੋਨਾ ਲਹਿਰ ਦਰਮਿਆਨ ਹਜ਼ਾਰਾਂ ਲੋਕ ਸ਼ਨੀਵਾਰ ਨਵੇਂ ਸਾਲ ਦੇ ਮੌਕੇ ਵੂਹਾਨ 'ਚ ਇਕੱਠੇ ਹੋਏ। ਉਨ੍ਹਾਂ ਰਵਾਇਤ ਮੁਤਾਬਕ ਰਾਤ 12 ਵਜੇ ਗੁਬਾਰੇ ਛੱਡ ਕੇ ਨਵਾਂ ਸਾਲ ਮਨਾਇਆ। ਚੇਤੇ ਰਹੇ ਕੋਰੋਨਾ ਵੂਹਾਨ ਤੋਂ ਹੀ ਸ਼ੁਰੂ ਹੋਇਆ ਸੀ।

ਇਸੇ ਦੌਰਾਨ ਭਾਰਤ ਦੇ ਵੀ ਕਈ ਖੇਤਰਾਂ ਵਿਚ ਕੋਰੋਨਾ ਮਾਮਲੇ ਵਧ ਰਹੇ ਹਨ। 265 ਨਵੇਂ ਕੇਸ ਸਾਹਮਣੇ ਆਉਣ ਨਾਲ ਐਕਟਿਵ ਕੇਸਾਂ ਦੀ ਗਿਣਤੀ 2706 ਹੋ ਗਈ ਹੈ। ਇਹ ਜਾਣਕਾਰੀ ਕੇਂਦਰੀ ਸਿਹਤ ਮੰਤਰਾਲੇ ਨੇ ਐਤਵਾਰ ਦਿੰਦਿਆਂ ਲੋਕਾਂ ਨੂੰ ਇਹਤਿਹਾਤ ਵਰਤਣ ਦੀ ਵੀ ਸਲਾਹ ਦਿੱਤੀ ਹੈ।



## ਅੱਜ-ਨਾਮਾ

ਨਵੇਂ ਸਾਲ ਮੌਕੇ ਚੜ੍ਹ ਗਈ ਠੰਢ ਜਿਹੜੀ,
ਝੱਲਣੀ ਮੁਸ਼ਕਲ ਹੈ ਏਸ ਦੀ ਮਾਰ ਬੇਲੀ।
ਸੂਰਜ ਝਲਕ ਦਿਖਾਈ ਨਹੀਂ ਦਿਨ ਸਾਰਾ,
ਲੰਘਿਆ ਲੁਕਵਾਂ ਪੰਜਾਬੋਂ ਹੈ ਪਾਰ ਬੇਲੀ।
ਧੁੰਦ ਵੀ ਕਈ ਥਾਂ ਸੁਣੀਂਦੀ ਪਈ ਵਾਹਵਾ,
ਪਰ ਨਾ ਸੜਕ 'ਤੇ ਘਟੀ ਰਫਤਾਰ ਬੇਲੀ।
ਪੁੱਜਣਾ ਘਰ, ਪਰ ਪਹੁੰਚ ਜ਼ਰੂਰ ਜਾਈਏ,
ਕੋਈ ਨਾ ਕਰਦਾ ਈ ਸੋਚ-ਵਿਚਾਰ ਬੇਲੀ।
ਹੋ ਜਾਏ ਦੇਰੀ ਤਾਂ ਨਹੀਂ ਪਹਾੜ ਡਿੱਗਦਾ,
ਸਮਝਦਾ ਏਨੀ ਨਾ ਗੱਲ ਇਨਸਾਨ ਬੇਲੀ।
ਪੁਨਰ ਜਨਮ ਨਹੀਂ ਵੇਖਿਆ ਕਦੀ ਹੁੰਦਾ,
ਭੰਗ ਦੇ ਭਾੜੇ ਗਵਾਓ ਨਹੀਂ ਜਾਨ ਬੇਲੀ।

-ਤੀਸ ਮਾਰ ਖਾਂ

# ਕੱਪੜੇ ਦੀ 90 ਫੀਸਦੀ ਮੰਗ ਪੂਰੀ ਕਰਨ ਵਾਲੇ ਸੂਰਤ ਦੀ ਹਾਲਤ ਮੰਦੀ



**ਸੂਰਤ** : ਭਾਰਤ ਦੀ ਸਿੰਥੈਟਿਕ ਟੈਕਸਟਾਈਲ ਦੀ ਰਾਜਧਾਨੀ, ਜਿਹੜੀ ਦੇਸ਼ ਦੇ ਸਿੰਥੈਟਿਕ ਕੱਪੜੇ ਦੀ 90 ਫੀਸਦੀ ਲੋੜ ਪੂਰੀ ਕਰਦੀ ਸੀ, ਬੇਮਿਸਾਲ ਮੰਦੇ ਹਾਲਾਤ 'ਚੋਂ ਲੰਘ ਰਹੀ ਹੈ। ਕਈ ਡਾਈਂਗ ਤੇ ਪ੍ਰੋਸੈਸਿੰਗ ਯੂਨਿਟ ਬੰਦ ਹੋਣ ਕਾਰਨ ਹਜ਼ਾਰਾਂ ਮਜ਼ਦੂਰ ਵਿਹਲੇ ਹੋ ਚੁੱਕੇ ਹਨ। ਉਤਪਾਦਨ ਤਾਂ ਹੀ ਵਧੇਗਾ ਜੇ ਘਰੇਲੂ ਮਾਰਕਿਟ 'ਚ ਮੰਗ ਵਧੇਗੀ।

ਸਾਊਥ ਗੁਜਰਾਤ ਟੈਕਸਟਾਈਲ ਪ੍ਰੋਸੈਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦ ਵਖਾਰੀਆ ਨੇ ਦੱਸਿਆ ਕਿ ਸੂਰਤ ਸ਼ਹਿਰ ਤੇ ਇਸ ਦੇ ਉਦਾਲੇ ਕਰੀਬ 485 ਪ੍ਰੋਸੈਸਿੰਗ (ਡਾਈਂਗ ਤੇ ਪ੍ਰੋਸੈਸਿੰਗ) ਯੂਨਿਟ ਸਨ, ਜਿਹੜੇ ਚਾਰ ਤੋਂ ਪੰਜ ਲੱਖ ਲੋਕਾਂ ਨੂੰ ਸਿੱਧਾ ਰੁਜ਼ਗਾਰ ਦਿੰਦੇ ਸਨ। ਪਿਛਲੇ ਤਿੰਨ-ਚਾਰ ਮਹੀਨਿਆਂ 'ਚ 15-20 ਡਾਈਂਗ ਤੇ ਪ੍ਰੋਸੈਸਿੰਗ ਯੂਨਿਟ ਬੰਦ ਹੋ ਗਏ ਹਨ। ਇਥੇ ਰੋਜ਼ਾਨਾ ਸਾਢੇ ਚਾਰ ਕਰੋੜ ਮੀਟਰ ਕੱਪੜਾ ਬਣਦਾ ਸੀ ਤੇ ਹੁਣ ਸਿਰਫ ਢਾਈ ਕਰੋੜ ਮੀਟਰ ਬਣ ਰਿਹਾ ਹੈ।

ਉਨ੍ਹਾ ਕਿਹਾ ਕਿ ਪਹਿਲਾਂ ਖਪਤਕਾਰ ਦੀ ਤਰਜੀਹ 'ਰੋਟੀ, ਕੱਪੜਾ ਔਰ ਮਕਾਨ' ਹੁੰਦੀ ਸੀ, ਪਰ ਹੁਣ ਇਹ ਬਦਲ ਕੇ 'ਰੋਟੀ, ਮੋਬਾਈਲ ਤੇ ਟੀ ਵੀ' ਹੋ ਗਈ ਹੈ। ਪਹਿਲਾਂ ਮਹਿਲਾਵਾਂ 7-8 ਮੀਟਰ ਦੀ ਸਾੜ੍ਹੀ ਬੰਨ੍ਹਦੀਆਂ ਸਨ, ਪਰ ਹੁਣ ਸਾੜ੍ਹੀਆਂ ਦੀ ਮੰਗ ਘਟ ਗਈ ਹੈ। ਉਹ ਹਰ ਲਿਬਾਸ ਨਾਲ ਦੁੱਪਟਾ ਲੈਂਦੀਆਂ ਸਨ, ਪਰ ਹੁਣ ਦੁੱਪਟੇ ਦਾ ਫੈਸ਼ਨ ਵੀ ਨਹੀਂ ਰਿਹਾ। ਚੂੜੀਦਾਰ ਪਜਾਮੇ ਦੀ ਥਾਂ ਵੀ ਲੈਗਿੰਗ ਨੇ ਲੈ ਲਈ। ਨਤੀਜੇ ਵਜੋਂ ਸਿੰਥੈਟਿਕ ਕੱਪੜੇ ਦੀ ਮੰਗ ਵਿਚ ਬਹੁਤ ਕਮੀ ਆ ਗਈ ਹੈ।

ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ ਗੁਜਰਾਤ ਦੇ ਜਨਰਲ ਸਕੱਤਰ ਕਾਮਰਾਨ ਉਸਮਾਨੀ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਯੂਨਿਟ ਵੀ ਬਹੁਤ ਚੱਲ ਰਹੇ ਹਨ। ਉਹ ਟੈਕਸ ਤੇ ਹੋਰ ਚਾਰਜਿਜ਼ ਨਹੀਂ ਦਿੰਦੇ, ਨਤੀਜੇ ਵਜੋਂ ਰਜਿਸਟਰਡ ਯੂਨਿਟਾਂ ਨਾਲੋਂ ਉਨ੍ਹਾਂ ਦੀ ਲਾਗਤ ਘੱਟ ਆਉਂਦੀ ਹੈ। ਇਸ ਕਰਕੇ ਕਈ ਯੂਨਿਟ ਪਿਛਲੇ ਮਹੀਨਿਆਂ 'ਚ ਬੰਦ ਹੋ ਗਏ ਹਨ। ਉਨ੍ਹਾ ਕਿਹਾ ਕਿ 70 ਹਜ਼ਾਰ ਤੋਂ ਇਕ ਲੱਖ ਮਜ਼ਦੂਰ ਵਿਹਲੇ ਹੋ ਗਏ ਹਨ ਤੇ ਉਨ੍ਹਾਂ ਵਿੱਚੋਂ ਕਈ ਆਪਣੇ ਸੂਬਿਆਂ 'ਚ ਚਲੇ ਗਏ ਹਨ। ਕੁਝ ਸਾਲ ਪਹਿਲਾਂ ਤੱਕ 18-20 ਦਿਨ ਕੰਮ ਮਿਲਣ 'ਤੇ ਵੀ ਮਜ਼ਦੂਰ ਗੁਜ਼ਾਰਾ ਕਰ ਲੈਂਦੇ ਸਨ, ਪਰ ਹੁਣ 24 ਦਿਨ ਕੰਮ ਮਿਲਣ 'ਤੇ ਵੀ ਗੁਜ਼ਾਰਾ ਔਖਾ ਹੋ ਗਿਆ ਹੈ, ਕਿਉਂਕਿ ਮਹਿੰਗਾਈ ਤੇ ਸ਼ਹਿਰ 'ਚ ਰਹਿਣ ਦੀ ਕੀਮਤ ਬਹੁਤ ਵਧ ਗਈ ਹੈ।

ਵਪਾਰੀਆਂ ਦਾ ਕਹਿਣਾ ਹੈ ਕਿ ਸਨਅਤ ਨੂੰ ਟੈਕਨਾਲੋਜੀ ਅਪਗ੍ਰੇਡੇਸ਼ਨ ਫੰਡ ਦਾ ਲਾਭ ਲੋੜੀਂਦਾ ਹੈ, ਪਰ ਇਹ ਸਕੀਮ ਪਿਛਲੇ ਸਾਲ ਬੰਦ ਕਰ ਦਿੱਤੀ ਗਈ। ਇਸ ਨੂੰ ਛੇਤੀ ਸ਼ੁਰੂ ਕਰਨ ਦੀ ਲੋੜ ਹੈ।

ਅੱਜ ਦਾ ਖਪਤਕਾਰ ਦੁਨੀਆ ਦੇ ਫੈਸ਼ਨ ਮੁਤਾਬਕ ਚਲਦਾ ਹੈ ਤੇ ਉਸ ਲਈ ਉਤਪਾਦ ਵਧੀਆ ਬਣਾਉਣਾ ਪੈਣਾ ਹੈ। ਇਸ ਲਈ ਨਵੀਂ ਟੈਕਨਾਲੋਜੀ ਵਾਲੀਆਂ ਮਸ਼ੀਨਾਂ ਦਰਕਾਰ ਹਨ।

## ਦਸੰਬਰ 'ਚ ਜੀ ਐੱਸ ਟੀ ਤੋਂ ਮਾਲੀਆ 15 ਫੀਸਦੀ ਵਧਿਆ




**ਨਵੀਂ ਦਿੱਲੀ** : ਵਿੱਤ ਮੰਤਰਾਲੇ ਨੇ ਐਤਵਾਰ ਦੱਸਿਆ ਕਿ ਦਸੰਬਰ 2022 'ਚ ਜੀ ਐੱਸ ਟੀ ਤੋਂ ਮਾਲੀਆ 15 ਫੀਸਦੀ ਵਧ ਕੇ 1.49 ਲੱਖ ਕਰੋੜ ਰੁਪਏ ਹੋ ਗਿਆ। ਪਿਛਲੇ ਸਾਲ ਦੇ ਦਸੰਬਰ ਦੌਰਾਨ ਕੁੱਲ ਜੀ ਐੱਸ ਟੀ ਮਾਲੀਆ 1,49,507 ਕਰੋੜ ਰੁਪਏ ਮਿਲਿਆ, ਜਿਸ 'ਚ ਸੀ ਜੀ ਐੱਸ ਟੀ 26,711 ਕਰੋੜ ਰੁਪਏ, ਐੱਸ ਜੀ ਐੱਸ ਟੀ 33,357 ਕਰੋੜ ਰੁਪਏ, ਆਈ ਜੀ ਐੱਸ ਟੀ 78,434 ਕਰੋੜ ਰੁਪਏ ਅਤੇ ਸੈੱਸ 51 ਕਰੋੜ ਰੁਪਏ ਹੈ। ਨਵੰਬਰ ਵਿਚ ਜੀ ਐੱਸ ਟੀ ਤੋਂ ਆਮਦਨ 1.46 ਲੱਖ ਕਰੋੜ ਰੁਪਏ ਹੋਈ ਸੀ।

## ਸੁਖਬੀਰ ਬਾਦਲ ਦੀ ਅਗਵਾਈ 'ਚ ਮੇਲਾ ਮਾਘੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਕਰੇਗਾ ਕਾਨਫਰੰਸ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਮੇਲਾ ਮਾਘੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਬਹੁਤ ਵੱਡੀ ਕਾਨਫਰੰਸ ਕਰੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਜਨਰਲ ਸਕੱਤਰ ਸੋਮਣੀ ਅਕਾਲੀ ਦਲ ਨੇ ਕੀਤਾ। ਹਨੀ ਫੱਤਣਵਾਲਾ ਨੇ ਦੱਸਿਆ ਕਿ ਸੁਖਬੀਰ ਬਾਦਲ ਦੀ ਅਗਵਾਈ 'ਚ ਅੱਜ ਪਿੰਡ ਬਾਦਲ ਵਿਖੇ ਵਰਕਰਾਂ ਅਤੇ ਪਾਰਟੀ ਦੇ ਲੀਡਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਕਾਨਫਰੰਸ ਦੌਰਾਨ ਵੱਧ ਤੋਂ ਵੱਧ ਇਕੱਠ ਕਰਨ ਲਈ ਪਾਰਟੀ ਵਰਕਰਾਂ ਦੀ ਡਿਊਟੀ ਲਗਾਈ ਗਈ। ਉਨ੍ਹਾ ਦੱਸਿਆ ਕਿ ਪਿਛਲੇ ਨੌਂ ਮਹੀਨਿਆਂ ਵਿੱਚ ਆਪ ਸਰਕਾਰ ਨੇ ਲੋਕਾਂ ਦਾ ਖੂਨ ਚੂਸ ਰੱਖਿਆ ਹੈ ਅਤੇ ਪੰਜਾਬ ਦੇ ਲੋਕ ਇਸ ਸਰਕਾਰ ਤੋਂ ਬਹੁਤ ਦੁਖੀ ਹਨ। ਉਨ੍ਹਾ ਦੱਸਿਆ ਕਿ ਪੰਜਾਬ ਵਿੱਚ ਸਿਰਫ ਇੱਕੋ ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਲੋਕਾਂ ਦੇ ਦਰਦ ਸਮਝਦੀ ਹੈ ਅਤੇ ਬਾਦਲ ਸਰਕਾਰ ਨੇ ਹਰ ਵਾਰ ਪੰਜਾਬ ਵਿੱਚ ਚੰਗੀ ਕਾਨੂੰਨ ਵਿਵਸਥਾ ਲਾਗੂ ਕੀਤੀ ਹੈ। ਇਸ ਮੌਕੇ ਮਹਿੰਦਰ ਸਿੰਘ ਰਿਣਵਾ ਸਾਬਕਾ ਵਿਧਾਇਕ, ਦਵਿੰਦਰ ਸਿੰਘ ਬੱਬਲ, ਗੁਰਪਾਲ ਸਿੰਘ ਗਰੇਵਾਲ, ਲਖਵਿੰਦਰ ਸਿੰਘ ਰੁਹੀਵਾਲਾ, ਜੈਰਾਜ ਬਰਾੜ, ਬੱਬੂ ਜੈਮਲ ਵਾਲਾ, ਗੁਰਜਿੰਦਰ ਸਿੰਘ, ਮਨੂ ਬਰਾੜ, ਹੈਪੀ ਪੀ ਏ ਆਦਿ ਤੋਂ ਇਲਾਵਾ ਹੋਰ ਵੀ ਕਈ ਹਾਜ਼ਰ ਸਨ।

## ਪੁਲਸ ਤੇ ਐਕਸਾਈਜ਼ ਵਿਭਾਗ ਦੀ ਸਤਲੁਜ ਦਰਿਆ ਕੰਢੇ ਰੇਡ



ਚੱਕ ਭੂਰ ਤੇ ਤਾਰੇਵਾਲਾ ਵਿਖੇ ਰੇਡ ਦੌਰਾਨ ਪ੍ਰਾਪਤ ਹੋਈ ਲਾਹਨ।

**ਮੋਗਾ (ਅਮਰਜੀਤ ਬੱਬਰੀ)**
ਡਿਪਟੀ ਕਮਿਸ਼ਨਰ (ਐਕਸਾਈਜ਼) ਫ਼ਿਰੋਜ਼ਪੁਰ ਰੇਂਜ ਸ੍ਰੀ ਸ਼ਰਲਿਨ ਆਹਲੂਵਾਲੀਆ, ਸੀਨੀਅਰ ਕਪਤਾਨ ਪੁਲਿਸ ਮੋਗਾ ਗੁਲਨੀਤ ਸਿੰਘ ਖੁਰਾਨਾ ਤੇ ਸਹਾਇਕ ਕਮਿਸ਼ਨਰ (ਐਕਸਾਈਜ਼) ਫ਼ਰੀਦਕੋਟ ਰੇਂਜ ਵਿਕਰਮ ਠਾਕੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਕਸਾਈਜ਼ ਅਫ਼ਸਰ ਮੋਗਾ ਨਵਦੀਪ ਸਿੰਘ ਤੇ ਆਬਕਾਰੀ ਨਿਰੀਖਕ ਧਰਮਕੋਟ ਅਜੇ ਕੁਮਾਰ ਵੱਲੋਂ ਧਰਮਕੋਟ ਦੇ ਸਤਲੁਜ਼ ਦਰਿਆ ਉੱਪਰ ਪਿੰਡ ਚੱਕ ਭੂਰ ਤੇ ਤਾਰੇਵਾਲਾ ਵਿਖੇ ਰੇਡ ਕੀਤੀ ਗਈ। ਇਸ ਰੇਡ ਬਾਰੇ ਸ੍ਰੀ ਨਵਦੀਪ ਸਿੰਘ ਤੇ ਸ੍ਰੀ ਅਜੇ ਕੁਮਾਰ ਨੇ ਦੱਸਿਆ ਕਿ ਇਸ ਰੇਡ ਤੋਂ ਉਨ੍ਹਾਂ ਨੂੰ ਦੋ ਲੋਹੇ ਦੇ ਡਰੰਮ, 25 ਤਰਪਾਲਾਂ ਮਿਲੀਆਂ ਜਿਨ੍ਹਾਂ ਵਿੱਚ ਤਕਰੀਬਨ 35 ਹਜ਼ਾਰ ਲੀਟਰ ਲਾਹਨ ਭਰਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਵਿਭਾਗੀ ਹਦਾਇਤਾਂ ਅਨੁਸਾਰ ਇਸ ਲਾਹਨ ਨੂੰ ਮੌਕੇ ਉੱਪਰ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬੇ ਵਿੱਚ ਕਿਧਰੇ ਵੀ ਗੈਰ ਕਾਨੂੰਨੀ ਕੰਮ ਕਰਨ ਵਾਲੇ ਅਤੇ ਮਾੜੇ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਵਿਭਾਗ ਅਤੇ ਐਕਸਾਈਜ਼ ਵਿਭਾਗ ਗੈਰ ਕਾਨੂੰਨੀ ਕੰਮਾਂ ਨੂੰ ਰੋਕਣ ਲਈ ਦਿਨ-ਰਾਤ ਕੰਮ ਕਰ ਰਹੇ ਹਨ।

### ਲੇਖਾ-ਜੋਖਾ 2022 ਪੁਲਸ ਵਿਭਾਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ

## ਪੁਲਸ ਨੇ ਨਸ਼ਿਆਂ ਖਿਲਾਫ ਵਿੱਢੀ ਸਫਲ ਮੁਹਿੰਮ, ਜਾਗਰੂਕਤਾ ਵੀ ਫੈਲਾਈ ਤੇ ਤਸਕਰ ਵੀ ਫੜੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਸਾਲ 2022 ਦੌਰਾਨ ਜ਼ਿਲ੍ਹਾ ਪੁਲਸ ਸ੍ਰੀ ਮੁਕਤਸਰ ਸਾਹਿਬ ਨੇ ਇੱਕ ਪਾਸੇ ਜਿੱਥੇ ਜ਼ਿਲ੍ਹੇ ਦੇ ਲੋਕਾਂ ਨਾਲ ਸਾਂਝ ਪਾਈ ਉਥੇ ਹੀ ਇਸ ਵੱਲੋਂ ਨਸ਼ਿਆਂ ਖਿਲਾਫ ਵੀ ਕਾਰਗਾਰ ਮੁਹਿੰਮ ਤਹਿਤ ਅਨੇਕਾਂ ਪ੍ਰਾਪਤੀਆਂ ਕੀਤੀਆਂ ਗਈਆਂ। ਮਾਣਯੋਗ ਉਪਿੰਦਰਜੀਤ ਸਿੰਘ ਘੁੰਮਣ ਆਈ ਪੀ ਐਸ ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ 'ਚ ਪੁਲਸ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਵਧਾਉਂਦਿਆਂ ਨਸ਼ਿਆਂ ਖਿਲਾਫ ਜਿੱਥੇ ਵੱਡੀ ਜਨ ਜਾਗ੍ਰਿਤੀ ਲਈ ਕੰਮ ਕੀਤਾ, ਉਥੇ ਹੀ ਟ੍ਰੈਫਿਕ ਨਿਯਮਾਂ ਬਾਰੇ ਵੀ ਚੇਤਨਾ ਲਹਿਰ ਚਲਾਈ। ਇਸ ਕੰਮ ਲਈ ਪੁਲਸ ਵੱਲੋਂ ਇਕ ਵਿਸ਼ੇਸ਼ ਪੁਲਸ ਟੀਮ ਗਠਿਤ ਕੀਤੀ ਗਈ ਜੋ ਕਿ ਹਰ ਰੋਜ਼ ਦਿਨ/ਰਾਤ ਸਮੇਂ ਪਿੰਡਾਂ ਅਤੇ ਸ਼ਹਿਰ ਦੇ ਵੱਖ ਵੱਖ ਵਾਰਡਾਂ 'ਚ ਜਾ ਕੇ ਪ੍ਰੋਜੈਕਟਰ ਰਾਹੀਂ ਜਨ ਜਾਗਰੂਕਤਾ ਦੀਆਂ ਫਿਲਮਾਂ ਵਿਖਾਉਂਦੇ ਹਨ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਹਨ। ਉਪਿੰਦਰਜੀਤ ਸਿੰਘ ਘੁੰਮਣ ਆਈ ਪੀ ਐਸ ਨੇ ਦੱਸਿਆ ਕਿ ਇਸ ਤਰ੍ਹਾਂ ਲੋਕਾਂ ਨਾਲ ਪੁਲਸ ਦਾ ਸਿੱਧਾ ਰਾਬਤਾ ਜੁੜਦਾ ਹੈ ਅਤੇ ਲੋਕ ਪੁਲਸ ਨੂੰ ਆਪਣੀ ਮਦਦਗਾਰ ਸਮਝਦੇ ਹੋਏ ਪੁਲਸ ਨੂੰ ਨਸ਼ਾ ਤਸਕਰਾਂ ਸੰਬੰਧੀ ਸੂਚਨਾ ਵੀ ਦਿੰਦੇ ਹਨ ਅਤੇ ਪੁਲਸ ਪ੍ਰਤੀ ਲੋਕਾਂ ਦੇ ਨਜ਼ਰੀਏ ਵਿਚ ਵੀ ਬਦਲਾਅ ਆ ਰਿਹਾ ਹੈ। ਇਸੇ ਤਰਾਂ 1 ਜਨਵਰੀ 2022 ਤੋਂ ਪੂਰੇ ਸਾਲ ਤੱਕ ਪੁਲਸ ਦੀਆਂ ਅਲੱਗ ਅਲੱਗ ਟੀਮਾਂ ਵੱਲੋਂ 265 ਸਕੂਲ/ਕਾਲਜਾਂ, 384 ਪਿੰਡਾਂ/ਸ਼ਹਿਰਾਂ ਤੇ ਹੋਰ ਮਹੱਤਵਪੂਰਨ ਥਾਵਾਂ 'ਤੇ ਕੁੱਲ 640 ਸੈਮੀਨਾਰ ਲਗਾ ਕੇ ਟ੍ਰੈਫਿਕ ਅਤੇ ਨਸ਼ਿਆਂ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਲਹਿਰ ਵਿੱਚ 26989 ਦੇ ਕਰੀਬ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕੀਤਾ ,ਉੱਥੇ ਹੀ 36167 ਦੇ ਕਰੀਬ ਆਮ ਪਬਲਿਕ ਅਤੇ ਡਰਾਈਵਰਾਂ ਨੂੰ ਇਸ ਚੇਤਨਾ ਲਹਿਰ ਨਾਲ ਜੋੜਿਆ। ਦੂਜੇ ਪਾਸੇ ਪੁਲਸ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਵੀ ਸਾਲ 2022 ਦੌਰਾਨ ਪੂਰੀ ਚੌਕਸੀ ਰੱਖਦਿਆਂ ਐਨ ਡੀ ਪੀ ਐਸ ਐਕਟ ਤਹਿਤ ਕੁੱਲ 476 ਮਾਮਲੇ ਦਰਜ ਕੀਤੇ ਗਏ ਅਤੇ 760 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਪੀ ਉਪਿੰਦਰਜੀਤ ਸਿੰਘ ਨੇ ਦੱਸਿਆ ਕਿ ਸਾਲ ਦੌਰਾਨ 43.628 ਕਿਲੋ ਅਫੀਮ, 1307.700 ਕਿਲੋ ਪੋਸਤ, 376054 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ, 11.500 ਕਿਲੋ ਗਾਂਜਾ, 2.158 ਕਿਲੋਗ੍ਰਾਮ ਹੈਰੋਇਨ, 260 ਸ਼ੀਸ਼ੀਆਂ ਬਰਾਮਦ, 330 ਗ੍ਰਾਮ ਭੰਗ, 694 ਗ੍ਰਾਮ ਨਸ਼ੀਲਾ ਪਾਊਡਰ ਅਤੇ 728.150 ਕਿਲੋ ਪੋਸਤ ਦੇ ਹਰੇ ਪੌਦੇ ਬਰਾਮਦ ਕੀਤੇ ਗਏ ਹਨ। ਇਸੇ ਤਰ੍ਹਾਂ ਐਕਸਾਈਜ਼ ਐਕਟ ਤਹਿਤ 386 ਮਾਮਲੇ ਦਰਜ ਕਰਕੇ 381 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਪਾਸੋਂ 2546.995 ਲੀਟਰ ਨਜਾਇਜ਼ ਸ਼ਰਾਬ, 4028.610 ਲੀਟਰ ਠੇਕਾ ਦੇਸੀ ਸ਼ਰਾਬ, 504.50 ਕੁਇੰਟਲ ਲਾਹਣ 15 ਭੱਠੀਆਂ ਅਤੇ 2031.750 ਅੰਗਰੇਜ਼ੀ ਸ਼ਰਾਬ ਬਰਾਮਦ ਕੀਤੀ ਗਈ। ਇਸੇ ਤਰਾਂ ਟ੍ਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਵੀ ਪੁਲਸ ਨੇ ਮੁਸਤੈਦੀ ਨਾਲ ਭੂਮਿਕਾ ਨਿਭਾਈ। ਇਸ ਲਈ ਜ਼ਿਲ੍ਹੇ ਵਿਚ ਪੁਲਸ ਨੇ ਸਾਲ ਦੌਰਾਨ ਆਰ ਟੀ ਓ ਅਤੇ ਨਗਦ ਦੇ ਕੁੱਲ 13508 ਚਲਾਨ ਕੀਤੇ ਅਤੇ 10688150 ਲੱਖ ਦਾ ਜੁਰਮਾਨਾ ਕੀਤਾ ਗਿਆ। ਇਸੇ ਤਰਾਂ ਜ਼ਿਲ੍ਹੇ ਵਿਚ ਪੁਲਸ ਵਿਭਾਗ ਵੱਲੋਂ ਸਾਲ ਦੌਰਾਨ 8167 ਸ਼ਿਕਾਇਤਾਂ ਆਈਆਂ ਜਿਨ੍ਹਾਂ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ 7928 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ। ਪੁਲਸ ਵੱਲੋਂ ਇਸ ਮਾਨਯੋਗ ਅਦਾਲਤ ਵੱਲੋਂ ਪੀ ਓ (ਭਗੌੜੇ) ਕੀਤੇ 60 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਐਸ ਐਸ ਪੀ ਨੇ ਦੱਸਿਆ ਕਿ ਸਾਲ 2022 ਦੌਰਾਨ ਆਰਮਜ਼ ਐਕਟ ਦੇ 14 ਮੁਕੱਦਮੇ ਦਰਜ ਕਰਕੇ 19 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਪਾਸੋਂ 30 ਪਿਸਟਲ, 3 ਰਿਵਾਲਵਰ, 4 ਰਾਈਫਲ, 2 ਮੈਗਜ਼ੀਨ ਅਤੇ 141 ਰੌਂਦ ਬਰਾਮਦ ਕਰਵਾਏ ਗਏ। ਇਸ ਤੋਂ ਬਿਨਾਂ ਸਾਲ ਦੌਰਾਨ ਹਰਮਨ ਸਿੰਘ ਵਾਸੀ ਪਿੰਡ ਕੋਟਭਾਈ ਨੂੰ ਅਗਵਾ ਕਰਨ ਤੋਂ ਬਾਅਦ ਉਸੇ ਦਿਨ ਹੀ ਕਤਲ ਕਰਕੇ ਹਰਮਨ ਸਿੰਘ ਦੇ ਮਾਪਿਆਂ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਜਿਸ ਤਹਿਤ ਪੁਲਸ ਵੱਲੋਂ ਅਗਵਾ ਦੀ ਗੁੱਥੀ ਨੂੰ ਟਰੇਸ ਕਰਕੇ 11 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ, ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦੇ ਕਈ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਅੰਨ੍ਹੇ ਕਤਲਾਂ ਦੀਆਂ ਵਾਰਦਾਤਾਂ ਨੂੰ ਵੀ ਸੁਲਝਾਇਆ ਗਿਆ। ਉਪਿੰਦਰਜੀਤ ਸਿੰਘ ਘੁੰਮਣ ਆਈ.ਪੀ.ਐਸ. ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੁਲਸ ਹਮੇਸ਼ਾ ਲੋਕਾਂ ਦੀ ਮਦਦ ਲਈ ਹਾਜ਼ਰ ਰਹੇਗੀ ਅਤੇ ਨਵਾਂ ਸਾਲ ਲੋਕਾਂ ਨਾਲ ਸਿੱਧਾ ਸਾਂਝ ਪਾਉਂਦਿਆਂ ਉਨ੍ਹਾਂ ਦੇ ਹਰ ਮੁਸ਼ਕਲਾਂ ਦੇ ਸਮੇਂ ਹਮੇਸ਼ਾ ਨਾਲ ਰਹੇਗੀ।

## ਪੁਲਸ ਨਾਲ ਗਲਤ ਵਤੀਰਾ ਕਰਨ ਵਾਲੇ ਵਿਅਕਤੀ ਦੀ ਕਾਰ ਦਾ ਚਲਾਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਤਹਿਸੀਲ ਤੋਂ ਬੱਸ ਸਟੈਂਡ ਵੱਲ ਜਾਂਦੀ ਸੜਕ 'ਤੇ ਗ਼ਲਤ ਪਾਸੇ ਇੱਕ ਵਿਅਕਤੀ ਨੇ ਕਾਰ ਪਾਰਕਿੰਗ ਕਰ ਦਿੱਤੀ, ਜਿਸ 'ਤੇ ਟ੍ਰੈਫ਼ਿਕ ਪੁਲਸ ਵਾਲਿਆਂ ਨੇ ਉਸ ਨੂੰ ਕਾਰ ਹਟਾਉਣ ਲਈ ਕਿਹਾ ਤਾਂ ਕਾਰ ਚਾਲਕ ਨੇ ਪੁਲਸ ਨਾਲ ਬਦਤਮੀਜ਼ੀ ਕੀਤੀ। ਪੁਲਸ ਵੱਲੋਂ ਕਾਰ ਦੇ ਕਾਗ਼ਜ਼ਾਤ ਮੰਗਣ 'ਤੇ ਉਕਤ ਵਿਅਕਤੀ ਨੇ ਕਾਗ਼ਜ਼ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਉਪਰੰਤ ਪੁਲਸ ਨੇ ਕਾਰਵਾਈ ਕਰਦਿਆਂ ਕਾਰ ਨੰਬਰ 08-2222 ਦਾ ਚਲਾਨ ਕਰ ਦਿੱਤਾ। ਬਾਅਦ ਵਿੱਚ ਕਾਰ ਚਾਲਕ ਨੇ ਪੁਲਸ ਤੋਂ ਮੁਆਫੀ ਮੰਗੀ ਤੇ ਆਪਣਾ ਨਾਂਅ ਵਿਪਨਜੀਤ ਵਾਸੀ ਲੁਧਿਆਣਾ ਦੱਸਿਆ ਤੇ ਪੁਲਸ ਕੋਲ ਆਪਣਾ ਡਰਾਈਵਿੰਗ ਲਾਇਸੰਸ ਪੇਸ਼ ਕਰਕੇ ਕਾਰ ਬਾਊਂਡ ਨਾ ਕਰਨ ਲਈ ਬੇਨਤੀ ਕੀਤੀ। ਟ੍ਰੈਫ਼ਿਕ ਪੁਲਸ ਦੇ ਇੰਚਾਰਜ ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਉਕਤ ਵਿਅਕਤੀ ਵੱਲੋਂ ਆਪਣਾ ਡਰਾਈਵਿੰਗ ਲਾਇਸੰਸ ਪੇਸ਼ ਕਰਨ 'ਤੇ ਉਸ ਦੀ ਕਾਰ ਛੱਡ ਦਿੱਤੀ ਹੈ ਤੇ ਕਾਰ ਦਾ ਬਿਨਾਂ ਕਾਗ਼ਜ਼ਾਤ ਤੇ ਪੁਲਸ ਨਾਲ ਗ਼ਲਤ ਵਿਹਾਰ ਕਰਨ ਦਾ ਚਲਾਨ ਕਰ ਦਿੱਤਾ ਹੈ। ਚਲਾਨ ਭੁਗਤਾਨ ਲਈ ਉਸ ਨੂੰ 3 ਜਨਵਰੀ ਦੀ ਤਰੀਕ ਦਿੱਤੀ ਗਈ ਹੈ।

## ਜਲ ਸਪਲਾਈ ਮੰਤਰੀ ਦੇ ਸ਼ਹਿਰ ਅਣਮਿੱਥੇ ਸਮੇਂ ਲਈ ਧਰਨਾ ਲਾਉਣ ਦਾ ਐਲਾਨ

**ਜਲਾਲਾਬਾਦ (ਜੀਤ ਕੁਮਾਰ)**
ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੋਟੀਵੇਟਰ ਅਤੇ ਮਾਸਟਰ ਮੋਟੀਵੇਟਰ ਵਰਕਰਜ ਯੂਨੀਅਨ ਪੰਜਾਬ (ਰਜਿ.) ਵੱਲੋਂ ਪੱਕੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਸੂਬਾ ਪੱਧਰੀ ਮੀਟਿੰਗ ਕਰਨ ਉਪਰੰਤ ਜਲ ਸਪਲਾਈ ਮੰਤਰੀ ਬ੍ਰਮ ਸ਼ੰਕਰ ਜਿੰਪਾ ਦੇ ਸ਼ਹਿਰ ਹੁਸ਼ਿਆਰਪੁਰ ਵਿਖੇ 16 ਜਨਵਰੀ ਤੋਂ ਅਣਮਿੱਥੇ ਸਮੇਂ ਲਈ ਧਰਨਾ ਲਾਉਣ ਦਾ ਐਲਾਨ ਕੀਤਾ ਗਿਆ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਸੋਢੀ, ਸੂਬਾ ਮੀਤ ਪ੍ਰਧਾਨ ਸੁਰਿੰਦਰ ਸਿੰਘ ਘੁਰੀ, ਲਖਵੀਰ ਸਿੰਘ ਸਕੱਤਰ, ਬੇਅੰਤ ਸਿੰਘ ਸਲਾਹਕਾਰ, ਰਣਜੀਤ ਸਿੰਘ ਸਲਾਹਕਾਰ, ਜਗਮੀਤ ਸਿੰਘ ਸਲਾਹਕਾਰ, ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਰਾਜਵਿੰਦਰ ਸਿੰਘ, ਜ਼ਿਲ੍ਹਾ ਸਕੱਤਰ ਭਜਨ ਲਾਲ ਨੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੋਟੀਵੇਟਰ ਤੇ ਮਾਸਟਰ ਮੋਟੀਵੇਟਰ ਦੀਆਂ ਮੰਗਾਂ ਨੂੰ ਲੈ ਕੇ ਹਰ ਵਾਰ ਲਾਰੇ ਲਾਓ ਅਤੇ ਡੰਪ ਟਪਾਓ ਵਾਲੀ ਨੀਤੀ 'ਤੇ ਮਹਿਕਮਾ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸਰਕਾਰ ਚੱਲ ਰਹੀ ਹੈ।

ਉਨ੍ਹਾਂ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ ਸਾਲ 2015 ਵਿੱਚ ਸਵੱਛ ਭਾਰਤ ਅਧੀਨ ਮੋਟੀਵੇਟਰ ਵਰਕਰ ਵਜੋਂ ਰੱਖਿਆ ਗਿਆ ਸੀ, ਜਿਸਦਾ ਮੁੱਖ ਉਦੇਸ਼ ਪਿੰਡਾਂ ਨੂੰ ਖੁੱਲ੍ਹੇ ਵਿਚੋਂ ਸੋਚ ਮੁਕਤ ਕਰਨਾ ਸੀ, ਇਸ ਕੰਮ ਨੂੰ ਮੋਟੀਵੇਟਰ ਵਰਕਰਾਂ ਵਲੋਂ ਪੂਰੀ ਤਨਦੇਹੀ ਨਾਲ ਕੀਤਾ ਗਿਆ। ਕਈ ਜ਼ਿਲ੍ਹੇ ਤਾਂ ਇਕ ਸਾਲ ਵਿਚ ਓ.ਡੀ.ਐਫ. ਕਰ ਦਿੱਤੇ ਗਏ ਤੇ ਕਈ ਜ਼ਿਲ੍ਹਿਆਂ ਵਿੱਚ ਹੁਣ ਤੱਕ ਕੰਮ ਚੱਲ ਰਿਹਾ ਹੈ, ਕਿਉਂਕਿ ਉਥੇ ਪਖਾਨੇ ਦਾ ਕੰਮ ਜ਼ਿਆਦਾ ਹੈ, ਜਿਹੜੇ ਜ਼ਿਲ੍ਹਿਆਂ ਨੇ ਇਕ ਸਾਲ ਵਿਚ ਜ਼ਿਲ੍ਹਾ ਓ.ਡੀ.ਐਫ. ਕੀਤਾ, ਉਨ੍ਹਾਂ ਨੂੰ ਵਿਭਾਗ ਵਲੋਂ ਵਾਟਰ ਸਪਲਾਈ ਸਕੀਮਾਂ 'ਤੇ ਰੱਖਿਆ ਗਿਆ ਅਤੇ ਪਿੰਡਾਂ ਵਿਚ ਬੰਦ ਪਈਆਂ ਸਕੀਮਾਂ ਨੂੰ ਚਲਾਇਆ ਗਿਆ ਅਤੇ ਬਿੱਲ ਕੁਲੈਕਸ਼ਨ ਦਾ ਕੰਮ ਅਤੇ 24 ਘੰਟੇ ਸਪਲਾਈ ਚਲਾਉਣ ਦਾ ਕੰਮ ਲਿਆ ਗਿਆ, ਜਿਸਦੇ ਬਦਲੇ ਮੋਟੀਵੇਟਰ ਵਰਕਰ ਨੂੰ ਸਿਰਫ ਤੇ ਸਿਰਫ ਇਨਸੈਨਟਿਵ ਅਤੇ ਬਿੱਲ ਕੁਲੈਕਸ਼ਨ ਦਾ 10 ਫੀਸਦੀ ਦਿੱਤਾ ਗਿਆ। ਇਸ ਲਈ ਸਾਡੀ ਮੁੱਖ ਮੰਗ ਇਹੀ ਹੈ ਕਿ ਸਾਡੇ ਤਜਰਬੇ ਨੂੰ ਦੇਖਦੇ ਹੋਏ ਸਾਨੂੰ ਵਿਭਾਗ ਵਿੱਚ ਕਿਸੇ ਵੀ ਕੈਟਾਗਰੀ ਵਿਚ ਸ਼ਾਮਲ ਕੀਤਾ ਜਾਵੇ ਤੇ ਬੱਝਵੀਂ ਤਨਖਾਹ ਲਾਗੂ ਕੀਤੀ ਜਾਵੇ ਤੇ ਮੋਟੀਵੇਟਰ ਵਰਕਰਾਂ ਨਾਲ ਹੋ ਰਿਹਾ ਸ਼ੋਸ਼ਣ ਬੰਦ ਕੀਤਾ ਜਾਵੇ ਤਾਂ ਜੁ ਮੋਟੀਵੇਟਰ ਆਪਣੇ ਘਰਾਂ ਦਾ ਰੁਜ਼ਗਾਰ ਸਹੀ ਢੰਗ ਨਾਲ ਚਲਾ ਸਕਣ।

## ਮੂਸੇਵਾਲਾ ਦੀ ਹਵੇਲੀ ਪਹੁੰਚੇ ਪ੍ਰਸ਼ੰਸਕਾਂ ਵੱਲੋਂ ਸ਼ਰਧਾਂਜਲੀ



**ਮਾਨਸਾ (ਰੀਤਵਾਲ)**-ਨਵੇਂ ਸਾਲ ਦੀ ਆਮਦ 'ਤੇ ਗਾਇਕ ਸਿੱਧੂ ਮੂਸੇਵਾਲਾ ਦੀ ਹਵੇਲੀ ਪਹੁੰਚੇ, ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉੱਥੇ ਸਿਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਆਪਣੇ ਪੁੱਤ ਨੂੰ ਭਰੇ ਮਨ ਨਾਲ ਸ਼ਰਧਾਂਜਲੀ ਦਿੱਤੀ ਤੇ ਚਾਵਾਂ ਨਾਲ ਪਾਲ਼ੇ ਪੁੱਤ ਦੀ ਤਸਵੀਰ ਦੇਖ ਕੇ ਭਾਵੁਕ ਹੋ ਗਈ, ਜਿਨ੍ਹਾਂ ਕਿਹਾ ਕਿ ਨਵਾਂ ਸਾਲ 2023 ਤਹਾਨੂੰ ਸਾਰਿਆਂ ਨੂੰ ਮੁਬਾਰਕ, ਪਰ 2022 ਨੇ ਸਾਡਾ ਪੁੱਤ ਸਾਥੋਂ ਖੋਹ ਲਿਆ। ਉਨ੍ਹਾਂ ਕਿਹਾ ਕਿ ਅਸੀਂ ਬਾਈਨੇਮ ਤੇ ਰਿਟਨ ਵਿੱਚ ਵੀ ਦੇ ਚੁੱਕੇ ਹਾਂ, ਪਰ ਸਰਕਾਰ ਨੇ ਉਨ੍ਹਾਂ 'ਤੇ ਕੋਈ ਦੋ ਸ਼ਬਦ ਵੀ ਨਹੀਂ ਬੋਲੇ। ਅੰਦਰੋਂ ਤਾਂ ਬਹੁਤ ਹੀ ਚੀਸ ਉੱਠਦੀ ਹੈ। ਜਦੋਂ ਸਵੇਰੇ 3 ਵਜੇ ਅੱਖ ਖੁੱਲ੍ਹ ਜਾਂਦੀ ਹੈ ਤਾਂ ਗੋਲੀ ਲੈ ਲੈਂਦੇ ਹਾਂ, ਫਿਰ ਅੱਖ ਖੁੱਲ੍ਹ ਜਾਂਦੀ ਹੈ। ਸੱਤ ਮਹੀਨੇ ਹੋ ਗਏ ਸਾਨੂੰ ਬੋਲਦਿਆਂ ਨੂੰ, ਸਾਡੀ ਕਿਸੇ ਨੇ ਕੋਈ ਗੱਲ ਸੁਣੀ ਨਹੀਂ। ਅਸੀਂ ਬਸ ਇਹੀ ਚਾਹੁੰਦੇ ਹਾਂ ਕਿ ਸਾਡੇ ਬੇਟੇ ਨੂੰ ਮਾਰਨ ਵਾਲੇ ਦੇ ਨਾਲ ਮਰਾਉਣ ਵਾਲਿਆਂ ਦੇ ਚਿਹਰੇ ਤੋਂ ਨਕਾਬ ਉਤਾਰਿਆ ਜਾਵੇ। ਜਿੰਨਾ ਚਿਰ ਅਜਿਹਾ ਕੁਝ ਨਹੀਂ ਹੁੰਦਾ, ਓਨਾ ਚਿਰ ਸਾਡੇ ਪੰਜਾਬ ਵਿੱਚ ਇਸੇ ਤਰ੍ਹਾਂ ਕਤਲ ਹੁੰਦੇ ਰਹਿਣਗੇ।

## ਟੀਚਿਆਂ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਤੇ ਅਨੁਸ਼ਾਸਨ ਬਹੁਤ ਜ਼ਰੂਰੀ : ਡੀ ਸੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਡਿਪਟੀ ਕਮਿਸ਼ਨਰ ਪਾਰਥ ਗੁਪਤਾ ਨੇ ਕਿਹਾ ਕਿ ਮੌਜੂਦਾ ਦੌਰ ਸਖ਼ਤ ਮੁਕਾਬਲਿਆਂ ਦਾ ਦੌਰ ਹੈ। ਇਸ ਲਈ ਟੀਚਿਆਂ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਦੀ ਲੋੜ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਇਮਾਨਦਾਰੀ ਨਾਲ ਕੀਤੀ ਮਿਹਨਤ ਨਾਲ ਸਫਲਤਾ ਜ਼ਰੂਰ ਮਿਲੇਗੀ। ਉਨ੍ਹਾਂ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਤੇ ਹੋਰ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਣ ਲਈ ਨਸੀਹਤ ਦਿੱਤੀ। ਡਿਪਟੀ ਕਮਿਸ਼ਨਰ ਸਿਰਸਾ ਸਥਾਨਕ ਸ੍ਰੀਰਾਮ ਬੀ.ਆਰ.ਗਲੋਬਲ ਸਕੂਲ ਵਿਖੇ ਮੈਜੀਕਲ ਮਿਊਜ਼ੀਅਮ ਥੀਮ ਆਧਾਰਤ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।ਪ੍ਰੋਗਰਾਮ ਵਿੱਚ ਜ਼ਿਲ੍ਹਾ ਗਵਰਨਰ ਰੋਟਰੀ 3090 ਗੁਲਬਹਾਰ ਸਿੰਘ ਰਟੌਲੀ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਸਕੂਲੀ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਪ੍ਰੋਗਰਾਮ ਵਿੱਚ ਸਭ ਤੋਂ ਪਹਿਲਾਂ ਸਕੂਲ ਦੇ ਵਿਦਿਆਰਥੀਆਂ ਨੇ ਬੈਂਡ ਦੀ ਪੇਸ਼ਕਾਰੀ ਦਿੱਤੀ ਤੇ ਫਿਰ ਗਣੇਸ਼ ਵੰਦਨਾ ਉਪਰੰਤ ਬਾਰਬੀ ਡਾਂਸ, ਮਿੱਕੀ ਮਾਊਸ ਡਾਂਸ, ਆਸਟਰੇਲੀਅਨ ਡਾਂਸ, ਫਲੇਮਿੰਗੋ ਡਾਂਸ, ਬ੍ਰਾਜ਼ੀਲੀਅਨ ਡਾਂਸ, ਕੋਟਨ ਆਈ ਜੋਏ ਡਾਂਸ, ਚਾਈਨੀਜ਼ ਡਾਂਸ, ਅਫਰੀਕਨ ਡਾਂਸ, ਸਪੇਨ ਡਾਂਸ, ਹਿਪ ਹੌਪ, ਇੰਡੋ ਜੈਜ਼ ਅਤੇ ਭਾਰਤੀ ਸੱਭਿਆਚਾਰਕ ਨਾਚਾਂ ਨੇ ਸਾਰਿਆਂ ਦਾ ਮਨ ਮੋਹ ਲਿਆ ਅਤੇ ਅੰਤ ਵਿੱਚ ਵਿਦਿਆਰਥੀਆਂ ਵੱਲੋਂ ਪੰਜਾਬ ਦੇ ਮਸ਼ਹੂਰ ਭੰਗੜੇ ਨੇ ਸਾਰਿਆਂ ਨੂੰ ਨੱਚਣ ਲਾ ਦਿੱਤਾ।

ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨੂੰ ਟਾਹਿਲਿਆਨੀ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਤੇ ਉਨ੍ਹਾਂ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ। ਸਮਾਗਮ ਦੀ ਸ਼ਲਾਘਾ ਕਰਦਿਆਂ ਸਕੂਲ ਦੇ ਮੁੱਖ ਪ੍ਰਸ਼ਾਸਕ ਭੂਪੇਸ਼ ਮਹਿਤਾ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਭੀਸ਼ਮ ਮਹਿਤਾ, ਵਾਈਸ ਚੇਅਰਮੈਨ ਗੀਤਾਂਸ਼ੂ ਮਹਿਤਾ, ਡਾਇਰੈਕਟਰ ਰਾਧਾ ਰਾਣੀ ਮਹਿਤਾ ਤੇ ਵਾਈਸ ਪ੍ਰਿੰਸੀਪਲ ਜੀਨਾ ਧੂੜੀਆ ਹਾਜ਼ਰ ਸਨ।ਸਮਾਗਮ ਦੇ ਅੰਤ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਤ ਕੀਤਾ ਗਿਆ। .

## ਮੈਡੀਕਲ ਚੈੱਕਅੱਪ ਕੈਂਪ 'ਚ 80 ਮਰੀਜ਼ਾਂ ਦੀ ਜਾਂਚ



**ਜਲਾਲਾਬਾਦ (ਦਹੂਜਾ)**-ਪਿਛਲੇ 2 ਦਹਾਕਿਆਂ ਤੋਂ ਪਰਸਵਾਰਥ ਸਭਾ ਵੱਲੋਂ ਗਾਂਧੀ ਨਗਰ ਵਿੱਚ ਚੱਲ ਰਹੀ ਡਿਸਪੈਂਸਰੀ 'ਚ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਤਿਲਕ ਰਾਜ ਕੁਮਾਰ ਤੇ ਡਾ. ਰਾਜੀਵ ਮਿੱਢਾ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਮੁਫ਼ਤ ਦਵਾਈਆਂ ਦਿੱਤੀਆਂ। ਸਭਾ ਦੇ ਆਹੁਦੇਦਾਰ ਸੁਰੇਸ਼ ਚੌਹਾਨ, ਗੁਰਚਰਨ ਕਮੀਰੀਆ ਨੇ ਦੱਸਿਆ ਕਿ ਅੱਜ 80 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਪਰਸਵਾਰਥ ਸਭਾ ਦੇ ਆਹੁਦੇਦਾਰ ਮੋਹਨ ਲਾਲ ਕੁੱਕੜ, ਗੁਰਚਰਨ ਕਮੀਰਿਆ, ਸੁਰੇਸ਼ ਚੌਹਾਨ, , ਕੀਰਤੀ ਵਾਟਸ, ਵਿਜੇ ਬਾਘਲਾ, ਜਸਰਾਜ ਭਠੇਜਾ, ਖਰੇਤ ਲਾਲ ਮੌਂਗਾ, ਦੇਵਰਾਜ ਸ਼ਰਮਾ, ਰਮੇਸ਼ ਵਧਵਾ, ਦਾਬੜਾ ਸਾਹਿਬ ਆਦਿ ਹਾਜ਼ਰ ਸਨ।

## ਰਾਈਸ ਸ਼ੈਲਰ 'ਚੋਂ ਪੰਜਾਹ ਗੱਟੇ ਜ਼ੀਰੀ ਦੇ ਚੋਰੀ, ਘਟਨਾ ਸੀ ਸੀ ਟੀ ਵੀ ਕੈਮਰੇ 'ਚ ਹੋਈ ਕੈਦ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਲਵਾਨ ਰੋਡ 'ਤੇ ਸਥਿਤ ਇੱਕ ਰਾਈਸ ਸ਼ੈਲਰ ਵਿੱਚੋਂ ਅਣਪਛਾਤੇ ਚੋਰਾਂ ਵੱਲੋਂ ਚੋਰੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਅਭਿਸ਼ੇਕ ਰਾਈਸ ਮਿੱਲਜ਼ ਦੇ ਹਿੱਸੇਦਾਰ ਮੋਹਣ ਲਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਭਲਵਾਨ ਰੋਡ 'ਤੇ ਸਥਿਤ ਸ਼ੈਲਰ ਵਿੱਚੋਂ 30/31 ਦਸੰਬਰ ਦੀ ਦਰਮਿਆਨੀ ਰਾਤ ਨੂੰ ਚੋਰਾਂ ਨੇ ਉਨ੍ਹਾਂ ਦੇ ਸ਼ੈਲਰ ਵਿੱਚ ਭੰਡਾਰ ਕੀਤੀ ਹੋਈ ਜੀਰੀ ਦੇ ਕਰੀਬ 50 ਗੱਟੇ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਅਗਲੇ ਦਿਨ ਪਤਾ ਲੱਗਣ 'ਤੇ ਉਨ੍ਹਾਂ ਨੇ ਪੁਲਸ ਚੌਕੀ ਭਲਵਾਨ ਨੂੰ ਸੂਚਿਤ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਪਣੇ ਸ਼ੈਲਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ਼ ਵੀ ਪੁਲਸ ਨੂੰ ਦਿੱਤੀ ਹੈ। ਰਾਈਸ ਸ਼ੈਲਰ ਐਸੋਸੀਏਸ਼ਨ ਦੇ ਸੀਨੀਅਰ ਆਗੂ ਵਿਜੈ ਕੁਮਾਰ ਬਾਂਸਲ ਨੇ ਪੁਲਸ ਤੋਂ ਮੰਗ ਕੀਤੀ ਕਿ ਪੁਲਸ ਸੰਜੀਦਗੀ ਨਾਲ ਇਸ ਘਟਨਾ ਦੇ ਮੁਲਜ਼ਮਾਂ ਨੂੰ ਕਾਬੂ ਕਰਕੇ ਪੀੜਤ ਸ਼ੈਲਰ ਮਾਲਕ ਨੂੰ ਇਨਸਾਫ਼ ਦਿਵਾਏ।

## ਸ੍ਰੀ ਸ਼ਿਆਮ ਪ੍ਰਭੂ ਖਾਟੂ ਵਾਲੇ ਦੇ ਰੰਗ 'ਚ ਰੰਗੀ ਰਿਆਸਤੀ ਨਗਰੀ



**ਨਾਭਾ (ਵਰਿੰਦਰ ਵਰਮਾ)**
ਸ੍ਰੀ ਬਾਂਕੇ ਬਿਹਾਰੀ ਸੇਵਾ ਮੰਡਲ ਵੱਲੋਂ ਨਵੇਂ ਸਾਲ ਦੇ ਸ਼ੁਭ ਦਿਹਾੜੇ 'ਤੇ ਖਾਟੂ ਵਾਲੇ ਸ਼ਾਮ ਬਾਬਾ ਦਾ ਏਕ ਸ਼ਾਮ ਲੱਖਦਾਤਾਰ ਕੇ ਨਾਮ ਦਾ ਆਯੋਜਨ ਮਾਹਾਰਾਜਾ ਅਗਰਸੈਨ ਪਾਰਕ ਪਟਿਆਲਾ ਗੇਟ ਵਿਖੇ ਕੀਤਾ ਗਿਆ। ਰੰਗ ਬਿਰੰਗੀ ਰੌਸ਼ਨੀ ਵਿੱਚ ਸਜੇ ਬਾਬਾ ਸ਼ਿਆਮ ਜੀ ਦੇ ਦਰਬਾਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਲਾ ਕੇ ਬਾਬਾ ਜੀ ਦੇ ਦਰਸ਼ਨ ਕੀਤੇ। ਇਸ ਮਹਾਂਉਤਸਵ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਗੁਰਦੇਵ ਸਿੰਘ ਦੇਵ ਮਾਨ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਸ਼ੁਭ ਦਿਹਾੜੇ 'ਤੇ ਕੱਢੀ ਗਈ ਨਿਸ਼ਾਨ ਯਾਤਰਾ ਨੇ ਰਿੰਗਸ ਤੋਂ ਖਾਟੂ ਨਗਰੀ ਦਾ ਮਾਹੌਲ ਬਣਾ ਦਿੱਤਾ। ਇਸ ਮੌਕੇ ਸੈਂਕੜੇ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਨਿਸ਼ਾਨ ਚੁੱਕ ਕੇ ਜੈਕਾਰੇ ਲਾਉਂਦੇ ਹੋਏ ਸ਼ਿਆਮ ਭਗਤ ਨਿਸ਼ਾਨ ਯਾਤਰਾ ਵਿੱਚ ਸ਼ਾਮਲ ਹੋਏ। ਰਥ ਵਿੱਚ ਸਵਾਰ ਬਾਬਾ ਸ਼ਾਮ ਦੇ ਸਰੂਪ ਦਾ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿੱਚ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ।

ਇਸ ਮੌਕੇ ਨਿਸ਼ਾਨ ਯਾਤਰਾ ਵਿੱਚ ਜੀ ਪੂਜਾ ਦੀ ਰਸਮ ਆਮ ਆਦਮੀ ਪਾਰਟੀ ਵਪਾਰ ਵਿੰਗ ਪ੍ਰਧਾਨ ਰਮਨ ਜਿੰਦਲ ਭੋਲਾ ਜੀ ਨੇ ਅਦਾ ਕੀਤੀ। ਮਹਾਉਤਸਵ ਵਿੱਚ ਪੂਜਾ ਤੇ ਜੋਤੀ ਪ੍ਰਚੰਡ ਦੀ ਰਸਮ ਅਗਰਵਾਲ ਸਭਾ ਦੇ ਸਰਪ੍ਰਸਤ ਕ੍ਰਿਸ਼ਨ ਗੋਇਲ ਨੇ ਅਤੇ ਝੰਡੇ ਦੀ ਰਸਮ ਰਾਜ ਕੁਮਾਰ ਜਿੰਦਲ ਨੇ ਅਦਾ ਕੀਤੀ। ਇਸ ਤੋਂ ਇਲਾਵਾ ਆਰਤੀ ਦੀ ਰਸਮ ਰਾਹੁਲ ਸਿੰਗਲਾ ਨੇ ਅਦਾ ਕੀਤੀ। ਸ਼ਿਆਮ ਬਾਬਾ ਨੂੰ ਛੱਪਣ ਭੋਗ ਲਾਇਆ ਗਿਆ ਤੇ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਭਜਨ ਗਾਇਕ ਵੱਲੋਂ ਗਾਏ ਭਜਨਾਂ ਵਿੱਚ ਸ਼ਰਧਾਲੂ ਨੱਚਣ ਲਈ ਮਜਬੂਰ ਹੋ ਗਏ।





'ਆਪ' ਦੇ ਸੀਨੀਅਰ ਨੇਤਾ ਸ਼ਾਮ ਸੁੰਦਰ ਵਧਵਾ ਕੁਆਡੀਨੇਟਰ ਵਿਧਾਇਕ ਨੀਨਾ ਮਿੱਤਲ ਦੇ ਆਦੇਸ਼ ਮੁਤਾਬਕ ਬੂਥ ਮਾਰਕੀਟ ਟਾਊਨ ਦੇ ਦੁਕਾਨ ਤੇ ਪਟਿਆਲਾ ਰੋਡ ਦੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਜਿਵੇਂ ਮਾਰਕੀਟ ਦਾ ਲੈਟਰਿਨ, ਬਾਥਰੂਮ ਤੇ ਹੋਰ ਕਈ ਸਮੱਸਿਆਵਾਂ ਸੁਣਦੇ ਹੋਏ। ਇਸ ਮੌਕੇ ਅਕਾਲੀ ਲੀਡਰ ਜਥੇਦਾਰ ਧਿਆਨ ਸਿੰਘ ਸੈਦਖੇੜੀ, ਦੇਵ ਰਾਜ ਗਾਬਾਂ ਅਤੇ ਹੋਰ ਮਾਰਕੀਟ ਵਾਲੇ ਆਪਣੀਆਂ ਸਮੱਸਿਆਵਾਂ ਦੱਸਦੇ ਹੋਏ। (ਫੋਟੋ ਤੇ ਵੇਰਵਾ : ਰਾਜਪੁਰਾ ਤੋਂ ਰਮੇਸ਼ ਕਟਾਰੀਆ)

## ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਜੀਵਨ ਸਿੰਘ ਸੇਵਾ ਸੁਸਾਇਟੀ ਵੱਲੋਂ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਰੇਲਵੇ ਸਟੇਸ਼ਨ ਨਜ਼ਦੀਕ ਦਲਿਤ ਧਰਮਸ਼ਾਲਾ ਵਿਖੇ 30 ਦਸੰਬਰ ਨੂੰ ਪ੍ਰਕਾਸ਼ ਕਰਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਅੱਜ ਭੋਗ ਪਾਏ। ਤਿੰਨੋਂ ਦਿਨ ਚੱਲੇ ਸੇਵਾ ਕਾਰਜਾਂ 'ਚ ਸੰਗਤਾਂ ਨੇ ਤਨ-ਮਨ ਨਾਲ ਹਿੱਸਾ ਲਿਆ। ਭਾਈ ਇੰਦਰਜੀਤ ਸਿੰਘ ਤੇ ਭਾਈ ਇਕਬਾਲ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਡੇਰਾ ਬਾਬਾ ਭਾਈ ਜੀ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਤੇਜਾ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਭੋਗ ਉਪਰੰਤ ਜਲੇਬੀਆਂ ਤੇ ਦਾਲ-ਪ੍ਰਸ਼ਾਦੇ ਦਾ ਅਤੁੱਟ ਲੰਗਰ ਵਰਤਾਇਆ ਗਿਆ। ਸਮਾਗਮ ਵਿੱਚ ਹਲਕਾ ਵਿਧਾਇਕ ਮਾ. ਜਗਸੀਰ ਸਿੰਘ, ਸੁਰਜੀਤ ਸਿੰਘ, ਬਾਬਾ ਜੀਵਨ ਸਿੰਘ ਸੇਵਾ ਸੁਸਾਇਟੀ ਦੇ ਮੈਂਬਰ ਗੁਰਪ੍ਰੀਤ ਸਿੰਘ, ਜਸਵੀਰ ਸਿੰਘ, ਸੋਮਾ ਸਿੰਘ, ਗੁਰਸੇਵਕ ਸਿੰਘ, ਕੁਲਵਿੰਦਰ ਸਿੰਘ, ਵਿਜੈ, ਬੂਟਾ ਸਿੰਘ, ਸੱਤਪਾਲ ਸਿੰਘ, ਲਵਦੀਪ ਸਿੰਘ, ਬਲਵੀਰ ਸਿੰਘ, ਜਸਵਿੰਦਰ ਸਿੰਘ, ਕੇਵਲ ਸਿੰਘ ਤੇ ਭਰਪੂਰ ਸਿੰਘ ਸਮੇਤ ਹੋਰ ਸੰਗਤਾਂ ਸ਼ਾਮਲ ਸਨ।

## ਸ੍ਰੀ ਅਗਰਵਾਲ ਧਰਮਸ਼ਾਲਾ 'ਚ ਰਖਾਏ ਗਏ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ



**ਸਮਾਣਾ (ਇਕਬਾਲ ਸਿੰਘ ਬੱਲ)**
ਸ੍ਰੀ ਅਗਰਵਾਲ ਧਰਮਸ਼ਾਲਾ ਵਿਖੇ ਪ੍ਰਧਾਨ ਜੀਵਨ ਗਰਗ ਦੀ ਅਗਵਾਈ ਹੇਠ ਸ੍ਰੀ ਰਮਾਇਣ ਦੇ ਰਖਾਏ ਗਏ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸੀਤਲਾ ਮਾਤਾ ਮੰਦਰ ਦੇ ਗੇਟ ਦੇ ਨਵੀਨੀਕਰਨ ਦਾ ਉਦਘਾਟਨ ਮਦਨ ਸਿੰਗਲਾ ਤੇ ਅਸ਼ੋਕ ਸਿੰਗਲਾ ਜਯੋਤੀ ਕੌਟ ਸਪਿੰਨ, ਰਿਕਾਰਡ ਰੂਮ 3 ਏ ਸੀ ਸਟਾਫ਼ ਰੂਮ ਦੇ ਨਵੀਨੀਕਰਨ ਤੇ ਬੱਚਿਆਂ ਲਈ ਝੂਲਿਆਂ ਦੀ ਸੇਵਾ ਦਾ ਉਦਘਾਟਨ ਠੇਕੇਦਾਰ ਪ੍ਰਮੋਦ ਸਿੰਗਲਾ, ਡਾਇਨਿੰਗ ਹਾਲ ਏ.ਸੀ ਰੂਮ ਤੇ ਰਸੋਈ ਘਰ ਦੇ ਨਵੀਨੀਕਰਨ ਦੀ ਸੇਵਾ ਦਾ ਉਦਘਾਟਨ ਗੌਰਵ ਆਰ ਅਗਰਵਾਲ ਕੁਲਬੁਰਛਾਂ ਦੁਆਰਾ ਕੀਤਾ ਗਿਆ ਦਿੱਤਾ ਗਿਆ। ਇਸ ਮੌਕੇ ਸ਼ਹਿਰ ਦੀਆਂ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਵੀ ਹਾਜ਼ਰੀ ਲਵਾਈ ਗਈ। ਇਸ ਮੌਕੇ ਸ਼ਹਿਰ ਦੀਆਂ ਉੱਘੀਆਂ ਸ਼ਖ਼ਸੀਅਤਾਂ, ਧਾਰਮਿਕ ਸੰਸਥਾਵਾਂ ਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਪ੍ਰੈੱਸ ਦੇ ਨੁਮਾਇੰਦਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਅਗਰਵਾਲ ਧਰਮਸਾਲਾ ਕਮੇਟੀ ਮੈਂਬਰ ਸੰਕਰ ਜਿੰਦਲ, ਦੇਵਕੀ ਨੰਦਨ ਸਿੰਗਲਾ, ਭੀਮ ਸਿੰਗਲਾ, ਅਸਵਨੀ ਸਿੰਗਲਾ, ਭਾਰਤ ਭੂਸ਼ਨ ਗੋਇਲ, ਗੌਰਵ ਕੰਸਲ, ਗੋਪਾਲ ਸਿੰਗਲਾ, ਕ੍ਰਿਸਨ ਸਿੰਗਲਾ, ਸੰਜੇ ਸਿੰਗਲਾ, ਰਵੀ ਟੀਮਾ, ਤੇਜਿੰਦਰ ਸਿੰਗਲਾ, ਪੰਕਜ ਗਰਗ ਸੁਮਿਤ ਗਰਗ ਤੋਂ ਇਲਾਵਾ, ਰਜਤ ਗੋਇਲ, ਜਤਿੰਦਰ ਗਰਗ, ਕਪੂਰ ਚੰਦ ਬਾਂਸਲ, ਸੁਰੇਸ ਬੀਬੀਪੁਰ, ਰਾਮ ਬਾਂਸਲ, ਡਾ. ਪ੍ਰੇਮ ਪਾਲ, ਬੀ ਕੇ ਮੀਨਾ, ਦਿਨੇਸ਼ ਸਿੰਗਲਾ, ਰਾਜ ਸਚਦੇਵਾ, ਅਸ਼ੋਕ ਵਧਵਾ, ਰਾਜਿੰਦਰ ਗੁਪਤਾ, ਪਵਨ ਸ਼ਾਸ਼ਤਰੀ, ਜਵਾਹਰ ਗੋਇਲ, ਸੁਦਰਸ਼ਨ ਮਿੱਤਲ, ਲਲਿਤ ਸਿੰਗਲਾ, ਕਾਂਤਾ ਬਾਂਸਲ, ਸੁਨੀਸ਼ ਸਿੰਗਲਾ, ਵਿਕਾਸ ਛੋਟੂ, ਗੁਰਦੇਵ ਟਿਵਾਣਾ ਪੀ.ਏ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਬਲਕਾਰ ਸਿੰਘ ਗੱਜੂਮਾਜਰਾ ਹਲਕਾ ਇੰਚਾਰਜ, ਸੁਰਜੀਤ ਸਿੰਘ ਦਹੀਆ, ਓ ਐਸ ਡੀ ਗੁਲਜ਼ਾਰ ਸਿੰਘ ਵਿਰਕ, ਸੁਨੈਨਾ ਮਿੱਤਲ, ਪ੍ਰਿੰਸੀਪਲ ਅਨਿਰੁਧ ਗਰਗ, ਪ੍ਰਿੰਸੀਪਲ ਨੀਤੂ ਦੇਵਗਨ, ਸਕੂਲ ਸਟਾਫ਼ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## ਸਾਲਾਨਾ ਜੋੜ ਮੇਲਾ ਮਨਾਇਆ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਜੀ ਦੇ ਗੱਦੀ ਨਸ਼ੀਨ ਐਡਵੋਕੇਟ ਬਾਬਾ ਅਜੈ ਨੌਨਿਹਾਲ ਸਿੰਘ ਤੇ ਮੁੱਖ ਪ੍ਰਬੰਧਕ ਗੁਰਨਾਮ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸਾਲਾਨਾ ਜੋੜ ਮੇਲਾ ਮਨਾਇਆ ਗਿਆ। ਇਸ ਮੌਕੇ 81 ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ, ਜਿਸ ਵਿੱਚ ਸੁਰਜੀਤ ਸਿੰਘ ਰੱਖੜਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪਟਿਆਲਾ, ਚਰਨਜੀਤ ਸਿੰਘ ਰੱਖੜਾ, ਪਰਮਜੀਤ ਸਿੰਘ ਖਾਲਸਾ, ਕੁਲਵੰਤ ਸਿੰਘ ਕੀਤੂ, ਸੰਜੀਵ ਸ਼ੋਰੀ, ਐਡਵੋਕੇਟ ਰੁਪਿੰਦਰ ਸੰਧੂ, ਜੀਵਨ ਕੁਮਾਰ ਬਾਂਸਲ, ਹੈਪੀ ਢਿੱਲੋਂ, ਦੀਪ ਸੰਘੇੜਾ, ਮੁਕੇਸ਼ ਕੁਮਾਰ ਸ਼ਰਮਾ, ਗੁਰਜੰਟ ਸਿੰਘ, ਭੋਲਾ ਸਿੰਘ ਮਨੀਲਾ ਆਦਿ ਨੇ ਆਪਣੀ ਹਾਜ਼ਰੀ ਲਵਾਈ। ਇਸ ਪ੍ਰੋਗਰਾਮ 'ਚ ਹਜ਼ੂਰੀ ਰਾਗੀ ਹਰਮੰਦਰ ਸਾਹਿਬ ਭਾਈ ਗੁਰਦੇਵ ਸਿੰਘ ਨੇ ਆਪਣੇ ਜਥੇ ਸਮੇਤ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਐਡਵੋਕੇਟ ਬਾਬਾ ਅਜੇ ਨੌਨਿਹਾਲ ਸਿੰਘ, ਮੁੱਖ ਸੇਵਾਦਾਰ ਗੁਰਨਾਮ ਸਿੰਘ ਵਾਹਿਗੁਰ, ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਜੋੜ ਮੇਲੇ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤਾਇਆ।

## ਯੂਰੀਆ ਖਾਦ ਮੁਹੱਈਆ ਨਾ ਕਰਾਉਣ ਵਾਲੀ ਸਰਕਾਰ ਕਿਸਾਨਾਂ ਦਾ ਕੀ ਸੰਵਾਰੇਗੀ : ਮੌਲਵੀਵਾਲਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੁੱਲ ਹਿੰਦ ਕਿਸਾਨ ਸਭਾ ਪੰਜਾਬ ਇਕਾਈ ਦੁਗਾਲ ਦੀ ਮੀਟਿੰਗ ਕਿਸਾਨ ਆਗੂ ਅਮਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਇਕਾਈ ਦੁਗਾਲ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਬੰਤ ਸਿੰਘ, ਸਕੱਤਰ ਗੁਰਨਾਮ ਸਿੰਘ ਤੇ ਖ਼ਜ਼ਾਨਚੀ ਅਮਰਜੀਤ ਸਿੰਘ ਨੂੰ ਚੁਣਿਆ ਗਿਆ। ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਸਮੇਂ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸੀ, ਉਨ੍ਹਾਂ ਵਾਅਦਿਆਂ ਨੂੰ ਲਾਗੂ ਕਰਨ ਤੋਂ ਸਰਕਾਰ ਭੱਜ ਗਈ ਹੈ, ਜਿਸ ਕਰਕੇ ਕਿਸਾਨਾਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਕਿਸਾਨ ਅੰਦੋਲਨ ਮੁੜ ਤੋਂ ਅੰਗੜਾਈਆਂ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਲਾਲ ਕਿਲੇ ਦੀ ਘਟਨਾ ਦੀ ਯਾਦ ਵਿੱਚ 26 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੀਂਦ ਵਿਖੇ ਇਤਿਹਾਸਕ ਰੈਲੀ ਕੀਤੀ ਜਾ ਰਹੀ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਉਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸਾਨੀ ਵੋਟਾਂ ਹਥਿਆਉਣ ਲਈ ਇਸ ਵੱਡੇ-ਵੱਡੇ ਵਾਅਦੇ ਕੀਤੇ ਸਨ, ਸਰਕਾਰ ਕਿਸਾਨਾਂ ਨੂੰ ਸਹੀ ਸਮੇਂ ਯੂਰੀਆ ਖਾਦ ਵੀ ਮੁਹੱਈਆ ਨਹੀਂ ਕਰਾ ਰਹੀ ਉਹ ਕਿਸਾਨਾਂ ਦਾ ਹੋਰ ਕੀ ਸੰਵਾਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਦੁੱਗਲ, ਰਾਮ ਚੰਦ ਚੁਨਗਰਾ, ਲਾਭ ਸਿੰਘ ਕਮਿੱਕਰ ਸਿੰਘ, ਦਰਸ਼ਨ ਸਿੰਘ, ਲੀਲਾ ਸਿੰਘ ਤੇ ਮਲਕੀਤ ਸਿੰਘ ਆਦਿ ਹਾਜ਼ਰ ਸਨ।

...ਸਫ਼ਾ 1 ਦੇ ਬਾਕੀ

### ਬਾਦਲਾਂ ਤੇ ਢੀਂਡਸਾ ਪਰਵਾਰ...

ਲਈ ਮਜਬੂਰੀਵੱਸ ਯੂਕਰੇਨ ਤੇ ਹੋਰ ਵਿਦੇਸ਼ੀ ਮੁਲਕਾਂ ਵਿਚ ਨਾ ਜਾਣਾ ਪੈਂਦਾ। ਮਾਨ ਨੇ ਕਿਹਾ ਕਿ ਮੈਡੀਕਲ ਕਾਲਜ ਨੇ ਜਿੱਥੇ ਇਲਾਕੇ ਦੇ ਨੌਜਵਾਨਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਉਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣੇ ਸਨ, ਉਥੇ ਮਾਲਵਾ ਪੱਟੀ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਉਣਾ ਸੀ।

ਉਹਨਾ ਦੁੱਖ ਨਾਲ ਕਿਹਾ ਕਿ ਇਸ ਮਾਣਮੱਤੇ ਪ੍ਰਾਜੈਕਟ ਨੂੰ ਰੋਕਣ ਲਈ ਬਾਦਲਾਂ ਅਤੇ ਢੀਂਡਸਾ ਪਰਵਾਰ ਨੇ ਆਪਸ ਵਿਚ ਸੁਰ ਨਾਲ ਸੁਰ ਮਿਲਾਉਂਦੇ ਹੋਏ ਆਪਣੇ ਸਿਆਸੀ ਵਖਰੇਵਿਆਂ ਨੂੰ ਵੀ ਲਾਂਭੇ ਕਰ ਦਿੱਤਾ। ਇਨ੍ਹਾਂ ਰਸੂਖਦਾਰ ਪਰਵਾਰਾਂ ਨੇ ਪੂਰੀ ਵਾਹ ਲਾਈ ਹੋਈ ਹੈ ਕਿ ਕਿਸੇ ਵੀ ਤਰ੍ਹਾਂ ਇਹ ਪ੍ਰਾਜੈਕਟ ਸ਼ੁਰੂ ਨਾ ਹੋਵੇ ਅਤੇ ਇੱਥੋਂ ਤੱਕ ਕਿ ਕਾਨੂੰਨੀ ਤੌਰ ਉਤੇ ਰੁਕਾਵਟਾਂ ਪੈਦਾ ਕੀਤੀਆਂ ਗਈਆਂ। ਬਾਦਲਾਂ ਨੇ ਇਸ ਪ੍ਰਾਜੈਕਟ ਨੂੰ ਸਥਾਪਤ ਨਾ ਹੋਣ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਦੁਰਵਰਤੋਂ ਕੀਤੀ, ਤਾਂ ਕਿ ਆਮ ਲੋਕਾਂ ਨੂੰ ਕੋਈ ਰਾਹਤ ਨਾ ਮਿਲ ਸਕੇ।

ਉਹਨਾ ਕਿਹਾ ਕਿ ਇਹ ਕਿੰਨੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਬਾਦਲ ਪਰਵਾਰ ਦੇ ਹੱਥਾਂ ਵਿਚ ਕਠਪੁਤਲੀ ਵਾਲੀ ਭੂਮਿਕਾ ਨਿਭਾਅ ਰਹੀ ਹੈ ਅਤੇ ਇਸ ਸੰਸਥਾ ਨੂੰ ਬਾਦਲਾਂ ਵੱਲੋਂ ਆਪਣੇ ਸਿਆਸੀ ਮਨਸੂਬੇ ਪੂਰੇ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸ ਪ੍ਰਾਜੈਕਟ ਨੂੰ ਰੋਕਣ ਲਈ ਬਾਦਲ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕਰ ਰਹੇ ਹਨ, ਜਦਕਿ ਇਸ ਪ੍ਰਾਜੈਕਟ ਨੇ ਇਲਾਕੇ ਦੇ ਲੋਕਾਂ ਦੀ ਤਕਦੀਰ ਬਦਲ ਦੇਣੀ ਸੀ। ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਅਕਾਲੀ ਉਨ੍ਹਾਂ ਕੋਲ ਆਉਣ ਤਾਂ ਅਕਾਲੀਆਂ ਪਾਸੋਂ ਇਸ ਪ੍ਰਾਜੈਕਟ ਨੂੰ ਰੋਕਣ ਪਿੱਛੇ ਦੇ ਮਕਸਦ ਬਾਰੇ ਸੁਆਲ ਜ਼ਰੂਰ ਕਰਨ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਇਹ ਮੈਡੀਕਲ ਕਾਲਜ ਹਰ ਕੀਮਤ ਉਤੇ ਸ਼ੁਰੂ ਕਰਨ ਲਈ ਉਨ੍ਹਾ ਦੀ ਸਰਕਾਰ ਦ੍ਰਿੜ੍ਹ ਵਚਨਬੱਧ ਹੈ, ਤਾਂ ਕਿ ਸੂਬੇ ਦੇ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾ ਕਿਹਾ ਕਿ ਬਾਦਲ ਜਾਂ ਢੀਂਡਸਾ ਜੋ ਕਰਨਾ ਚਾਹੁੰਦੇ ਹਨ, ਕਰ ਲੈਣ, ਪਰ ਪ੍ਰਾਜੈਕਟ ਹਰ ਹਾਲ ਵਿਚ ਸ਼ੁਰੂ ਹੋਵੇਗਾ।

ਵਿਰੋਧੀ ਧਿਰਾਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਦਾ ਇੱਕੋ-ਇੱਕ ਏਜੰਡਾ ਸੂਬੇ ਦੇ ਵਿਕਾਸ ਨੂੰ ਲੀਹੋਂ ਲਾਹੁਣਾ ਹੈ। ਉਨ੍ਹਾ ਦੀ ਸਰਕਾਰ ਵਿਰੁੱਧ ਕੋਈ ਠੋਸ ਮੁੱਦਾ ਨਾ ਹੋਣ ਕਾਰਨ ਬੁਖਲਾਏ ਹੋਏ ਅਕਾਲੀ ਮੀਡੀਆ 'ਚ ਸੁਰਖੀਆਂ ਬਟੋਰਨ ਲਈ ਅੱਕੀਂ-ਪਲਾਹੀਂ ਹੱਥ ਮਾਰ ਰਹੇ ਹਨ। ਉਹ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਉਨ੍ਹਾ ਨੂੰ ਕੋਈ ਨਹੀਂ ਰੋਕ ਸਕਦਾ।

ਆਪਣੀ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਦੇ ਮੁਫਤ ਬਿਜਲੀ ਦੇ ਇਤਿਹਾਸਕ ਫੈਸਲੇ ਕਾਰਨ ਸੂਬੇ ਦੇ ਲਗਭਗ 90 ਫੀਸਦੀ ਲੋਕਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ। ਉਨ੍ਹਾ ਦੀ ਸਰਕਾਰ ਦੇ ਯਤਨਾਂ ਸਦਕਾ ਸੂਬੇ ਵਿੱਚ ਬਿਜਲੀ ਉਤਪਾਦਨ ਵਿੱਚ 83 ਫੀਸਦੀ ਦਾ ਵਾਧਾ ਹੋਇਆ ਹੈ। ਉਹਨਾ ਕਿਹਾ ਕਿ ਉਨ੍ਹਾ ਦੀ ਸਰਕਾਰ ਵੱਲੋਂ ਕੀਤੇ ਗਏ ਅਣਥੱਕ ਯਤਨਾਂ ਸਦਕਾ ਪਛਵਾੜਾ ਕੋਲਾ ਖਾਣ ਤੋਂ ਬਿਜਲੀ ਉਤਪਾਦਨ ਲਈ ਕੋਲੇ ਦੀ ਸਪਲਾਈ ਲੰਮੇ ਸਮੇਂ ਬਾਅਦ ਮੁੜ ਸ਼ੁਰੂ ਹੋਈ ਹੈ।

ਉਹਨਾ ਕਿਹਾ ਕਿ ਸੂਬੇ ਵਿੱਚ 100 ਆਮ ਆਦਮੀ ਕਲੀਨਿਕ ਪਹਿਲਾਂ ਹੀ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫਤ ਪ੍ਰਦਾਨ ਕਰ ਰਹੇ ਹਨ। ਆਉਣ ਵਾਲੇ ਗਣਤੰਤਰ ਦਿਵਸ ਮੌਕੇ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧਾ ਕੇ 353 ਕਰ ਦਿੱਤੀ ਜਾਵੇਗੀ ਅਤੇ ਮਾਰਚ 2023 ਦੇ ਅੰਤ ਤੱਕ ਸੂਬੇ ਵਿੱਚ ਅਜਿਹੇ 700 ਕਲੀਨਿਕ ਚਾਲੂ ਹੋ ਜਾਣਗੇ। ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬੇ ਦੇ ਸਕੂਲਾਂ ਨੂੰ ਆਹਲਾ ਦਰਜੇ ਦੇ ਸਕੂਲਾਂ ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ। ਸੂਬਾ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਖੇਤਰ ਨੂੰ ਮੁੱਖ ਤਰਜੀਹ ਦੇ ਰਹੀ ਹੈ ਅਤੇ ਇਨ੍ਹਾਂ ਅਹਿਮ ਖੇਤਰਾਂ ਦੀ ਕਾਇਆ ਕਲਪ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਰਾਹੀਂ ਸੂਬੇ ਦੀ ਦੌਲਤ ਲੁੱਟਣ ਵਾਲੇ ਲੋਕਾਂ ਨੂੰ ਉਨ੍ਹਾਂ ਦੀ ਸਰਕਾਰ ਨੇ ਸਲਾਖਾਂ ਪਿੱਛੇ ਡੱਕ ਦਿੱਤਾ ਹੈ। ਸਰਕਾਰੀ ਖਜ਼ਾਨੇ 'ਚੋਂ ਲੁੱਟਿਆ ਗਿਆ ਇਕ-ਇਕ ਪੈਸਾ ਵਾਪਸ ਲਿਆ ਜਾਵੇਗਾ ਅਤੇ ਸੂਬੇ ਦੀ ਸ਼ਾਨ ਨੂੰ ਹਰ ਤਰ੍ਹਾਂ ਨਾਲ ਬਹਾਲ ਕੀਤਾ ਜਾਵੇਗਾ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਵਿੱਤ ਮੰਤਰੀ ਹਰਪਾਲ ਚੀਮਾ, ਸੂਚਨਾ ਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ, ਵਿਧਾਇਕ ਨਰਿੰਦਰ ਕੌਰ ਭਰਾਜ ਅਤੇ ਹੋਰ ਵੀ ਹਾਜ਼ਰ ਸਨ।

## ਜੋੜ ਮੇਲ ਤੋਂ ਲਾਪਤਾ ਬਜ਼ੁਰਗ ਅਜੇ ਤੱਕ ਘਰ ਨਹੀਂ ਪੁੱਜਾ



**ਪਟਿਆਲਾ (ਪੱਤਰ ਪ੍ਰੇਰਕ)**
ਜੋੜ ਮੇਲ ਸ੍ਰੀ ਫਤਿਹਗੜ੍ਹ ਸਾਹਿਬ ਤੋਂ 28 ਦਸੰਬਰ ਤੋਂ ਲਾਪਤਾ ਹੋਇਆ 92 ਸਾਲਾ ਬਜ਼ੁਰਗ ਗੁਰਦੇਵ ਸਿੰਘ ਅੱਜ ਤੱਕ ਵੀ ਘਰ ਨਹੀਂ ਪੁੱਜਾ। ਸਟੇਟ ਬੈਂਕ ਆਫ਼ ਇੰਡੀਆ ਦੀ ਕ੍ਰਮਚਾਰੀ ਯੂਨੀਅਨ ਦੇ ਸੀਨੀਅਰ ਡਿਪਟੀ ਜਨਰਲ ਸਕੱਤਰ ਰਹੇ ਇਨ੍ਹਾਂ ਦੇ ਪੁੱਤਰ ਗੋਬਿੰਦਰ ਸਿੰਘ ਨੇ ਥਾਣਾ ਫ਼ਤਿਹਗੜ੍ਹ ਸਾਹਿਬ ਤੇ ਥਾਣਾ ਤ੍ਰਿਪੜੀ ਵਿੱਚ ਸੂਚਨਾ ਦੇਣ ਤੋਂ ਬਾਅਦ ਪੁਲਸ ਨੇ ਮੁਸਤੈਦੀ ਤਾਂ ਦਿਖਾਈ ਹੈ, ਪਰ ਅਜੇ ਤੱਕ ਉਹ ਬਜ਼ੁਰਗ ਨੂੰ ਲੱਭਣ ਵਿੱਚ ਕਾਮਯਾਬ ਨਹੀਂ ਹੋਈ। ਗੋਬਿੰਦਰ ਸਿੰਘ ਨੇ ਦੱਸਿਆ ਕਿ ਬਜ਼ੁਰਗ 28 ਦਸੰਬਰ ਨੂੰ ਸਵੇਰੇ 9.30 ਵਜੇ ਉਨ੍ਹਾਂ ਦੇ ਘਰੋਂ ਰਣਜੀਤ ਨਗਰ ਪਟਿਆਲਾ ਤੋਂ ਗਏ ਸਨ, 92 ਸਾਲ ਦੇ ਹੋਣ ਦੇ ਬਾਵਜੂਦ ਉਹ ਚੰਗੀ ਸਿਹਤ ਦੇ ਮਾਲਕ ਹਨ ਤੇ ਦਿਮਾਗੀ ਤੌਰ 'ਤੇ ਪੂਰੀ ਤਰ੍ਹਾਂ ਦਰੁਸਤ ਹਨ। ਉਨ੍ਹਾਂ ਦਾ ਕੱਦ 5 ਫੁੱਟ 3 ਇੰਚ, ਰੰਗ ਸਾਫ਼ ਹੈ ਤੇ ਉਨ੍ਹਾਂ ਨੇ ਅਸਮਾਨੀ ਰੰਗ ਦਾ ਕੁੜਤਾ ਪਜਾਮਾ, ਬਰਾਊਨ ਦੀ ਜੈਕਟ ਅਤੇ ਨੀਲੇ ਰੰਗ ਦੀ ਪੱਗ ਬੰਨ੍ਹੀ ਹੈ। ਬਜ਼ੁਰਗ ਗੁਰਦੇਵ ਸਿੰਘ ਦੇ ਪਰਵਾਰਕ ਮੈਂਬਰ ਬਹੁਤ ਪ੍ਰੇਸ਼ਾਨ ਹਨ। ਇਸ ਸਬੰਧ ਵਿੱਚ ਜਾਂਚ ਅਫ਼ਸਰ ਜਗਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸੋਰੋਗੋਗਾ ਇਸ਼ਤਿਹਾਰ ਵੀ ਜਾਰੀ ਕੀਤਾ ਹੈ, ਪਰ ਅਜੇ ਤੱਕ ਕੋਈ ਥਹੁ ਪਤਾ ਨਹੀਂ ਲੱਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

2-JAN-PAGE- 3.qxd 1/1/2023 8:52 PM Page 1



# ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਨਵੇਂ ਸਾਲ 2023 ਦੀਆਂ ਵਧਾਈਆਂ



**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਵੇਂ ਸਾਲ ਦੇ ਪਹਿਲੇ ਦਿਨ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਸਦਭਾਵਨਾ, ਤਰੱਕੀ ਅਤੇ ਇੱਥੋਂ ਦੇ ਲੋਕਾਂ ਦੀ ਖ਼ੁਸ਼ਹਾਲੀ ਲਈ ਅਰਦਾਸ ਕੀਤੀ। ਲੋਕਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਅਰਦਾਸ ਕੀਤੀ ਕਿ ਸੂਬੇ ਅਤੇ ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਲਈ ਨਵਾਂ ਸਾਲ-2023 ਖ਼ੁਸ਼ੀਆਂ-ਖੇੜੇ, ਅਮਨ ਅਤੇ ਖ਼ੁਸ਼ਹਾਲੀ ਲੈ ਕੇ ਆਵੇ। ਉਨ੍ਹਾਂ ਨੇ ਸੂਬੇ ਦੇ ਲੋਕਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਜੋਸ਼ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਨਵਾਂ ਵਰ੍ਹਾ ਸਾਰੇ ਪੰਜਾਬੀਆਂ ਲਈ ਖ਼ੁਸ਼ੀਆਂ, ਅਮਨ ਅਤੇ ਸਫਲਤਾ ਦੇ ਨਵੇਂ ਮੌਕੇ ਲੈ ਕੇ ਆਉਣ ਦੀ ਆਸ ਪ੍ਰਗਟਾਉਂਦਿਆਂ ਭਗਵੰਤ ਮਾਨ ਨੇ ਪੰਜਾਬ ਨੂੰ ਦੇਸ ਦੇ ਮੋਹਰੀ ਸੂਬੇ ਵਜੋਂ ਉਭਾਰਨ ਲਈ ਸੰਕਲਪ ਲੈਣ ਦਾ ਵੀ ਸੱਦਾ ਦਿੱਤਾ।

ਮੁੱਖ ਮੰਤਰੀ ਨੇ ਮਹਾਨ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ ਤਾਂ ਜੋ ਵਿਕਾਸ ਦਾ ਅਸਰ ਜ਼ਮੀਨੀ ਪੱਧਰ 'ਤੇ ਦਿਸੇ ਅਤੇ ਖਾਸ ਕਰਕੇ ਗਰੀਬ ਵਰਗ ਦੇ ਜੀਵਨ ਨੂੰ ਸੁਖਾਲਾ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਦੇ ਬੰਧਨਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਰਵਪੱਖੀ ਤਰੱਕੀ ਅਤੇ ਵਿਕਾਸ ਦੇ ਯੁੱਗ ਦੀ ਸ਼ੁਰੂਆਤ ਕਰਨ ਦੀਆਂ ਬਰੂਹਾਂ 'ਤੇ ਹੈ, ਜਿਸ ਲਈ ਸਾਰੇ ਪੰਜਾਬੀਆਂ ਨੂੰ ਆਉਣ ਵਾਲੇ ਸਾਲ ਵਿਚ ਪੂਰੇ ਜੋਸ਼ ਨਾਲ ਕੰਮ ਕਰਨਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸੂਬੇ ਦੀ ਸਰਬਪੱਖੀ ਤਰੱਕੀ ਅਤੇ ਵਿਕਾਸ ਦੇ ਯੁੱਗ ਨੂੰ ਨਿਰੰਤਰ ਜਾਰੀ ਰੱਖਣ ਲਈ ਹੋਰ ਜ਼ੋਰਦਾਰ ਹੰਭਲਾ ਮਾਰੀਏ।

ਮੁੱਖ ਮੰਤਰੀ ਨੇ ਲੋਕਾਂ ਨੂੰ ਧਰਮ ਨਿਰਪੱਖਤਾ, ਪ੍ਰਭੂਸੱਤਾ, ਫਿਰਕੂ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਸਮੂਹਿਕ ਜੋਸ਼ ਨਾਲ ਕੰਮ ਕਰਨ ਦੀ ਵਚਨਬੱਧਤਾ ਨਾਲ ਸਾਲ 2023 ਦਾ ਸੁਆਗਤ ਕਰਨ ਦਾ ਸੱਦਾ ਦਿੱਤਾ। ਭਗਵੰਤ ਮਾਨ ਨੇ ਨਵਾਂ ਸਾਲ ਸਾਰਿਆਂ ਲਈ ਖ਼ੁਸ਼ਹਾਲੀ ਅਤੇ ਖ਼ੁਸ਼ੀਆਂ-ਖੇੜੇ ਲੈ ਕੇ ਆਉਣ ਦੀ ਕਾਮਨਾ ਕਰਦਿਆਂ ਕਿਹਾ ਕਿ ਆਉਣ ਵਾਲਾ ਸਾਲ ਪੰਜਾਬ ਦੇ ਸਰਵਪੱਖੀ ਵਿਕਾਸ ਅਤੇ ਤਰੱਕੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਕੌਮੀ ਏਕਤਾ, ਸਾਂਤੀ, ਪਿਆਰ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਬੰਧਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ।

## 'ਹਥਿਆਰਾਂ ਨਾਲ ਸੋਸ਼ਲ ਮੀਡੀਆ 'ਤੇ ਕੋਈ ਫੋਟੋ, ਵੀਡੀਓ ਅਪਲੋਡ ਨਾ ਕੀਤੀ ਜਾਵੇ'

**ਰੋਪੜ ( ਬਿੰਦਰਾ):** ਹਥਿਆਰਾਂ ਨਾਲ ਸੋਸ਼ਲ ਮੀਡੀਆ 'ਤੇ ਕੋਈ ਫੋਟੋ ਤੇ ਵੀਡੀਓ ਅਪਲੋਡ ਨਾ ਕੀਤੀ ਜਾਵੇ। ਵਿਵੇਕ ਸੋਨੀ ਐਸ ਐਸ ਪੀ ਰੋਪੜ ਨੇ ਇਹ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ 3 ਦਿਨ ਪਹਿਲਾਂ ਪਿੰਡ ਬਿਭੌਰ ਸਾਹਿਬ ਨੰਗਲ ਦੇ ਵਸਨੀਕ ਹਰੀਸ਼ ਸ਼ਰਮਾ ਨੇ ਹੱਥ 'ਚ ਬੰਦੂਕ ਲੈ ਕੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਅਪਲੋਡ ਕੀਤੀ ਸੀ, ਜਿਸ ਵਿੱਚ ਉਹ ਗਾਲੀ ਗਲੋਚ ਕਰਕੇ ਕੁਝ ਪੁਲਸ ਅਫਸਰਾਂ ਤੇ ਹੋਰਨਾਂ ਨੂੰ ਮਾੜੀ ਸ਼ਬਦਾਵਲੀ ਬੋਲ ਰਿਹਾ ਸੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਸੀ। ਸੋਨੀ ਨੇ ਕਿਹਾ ਕਿ ਵੀਡੀਓ ਵਾਇਰਲ ਹੋਣ 'ਤੇ ਉਸ ਨੂੰ ਗ੍ਰਿਫਤਾਰ ਕਰਨ ਗਏ ਪੁਲਸ ਕਰਮਚਾਰੀਆਂ ਨਾਲ ਵੀ ਉਸ ਵਿਅਕਤੀ ਵੱਲੋਂ ਹੱਥੋਪਾਈ ਅਤੇ ਗਲਤ ਵਿਵਹਾਰ ਕੀਤਾ ਗਿਆ। ਸੋਨੀ ਨੇ ਦੱਸਿਆ ਕਿ ਉਸ ਵਿਅਕਤੀ ਖਿਲਾਫ ਕਾਰਵਾਈ ਕਰਦੇ ਹੋਏ ਧਾਰਾ 353,186,506,294ਆਈ ਪੀ ਸੀ, ਅਤੇ 25-54-59ਆਰਮਜ਼ ਐਕਟ ਪਰਚਾ ਦਰਜ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਜੁਡੀਸ਼ਨਲ ਰੀਮਾਂਡ 'ਤੇ ਜੇਲ੍ਹ ਭੇਜ ਦਿੱਤਾ ਹੈ। ਉਨ੍ਹਾ ਜ਼ਿਲ੍ਹਾ ਨਿਵਾਸੀਆਂ ਨੂੰ ਕਿਹਾ ਹੈ ਕਿ ਉਹ ਅਜਿਹੇ ਹੌਛੇ ਕਮ ਨਾ ਕਰਨ।

# ਵਹਿਮਾਂ ਵਿੱਚ ਫਸੀ ਮਾਨਸਿਕਤਾ



ਡਾ: ਨਵਪ੍ਰੀਤ ਕੌਰ
(82839-59199)

ਜਾਦੂ-ਟੂਣੇ ਵੀ ਇੱਕ ਹੁਨਰ ਹਨ ਜੋ ਕਿ ਅੱਜ ਵਿਗਿਆਨ ਦੇ ਯੁੱਗ ਵਿੱਚ ਵੀ ਮਨੁੱਖ ਦਾ ਪਿੱਛਾ ਨਹੀਂ ਛੱਡਦੇ। ਕਈ ਵਾਰ ਬਿਮਾਰੀ, ਮੌਤ, ਘਰ ਵਿੱਚ ਘਾਟਾ ਵਾਧਾ ਹੋਣ ਦਾ ਕਾਰਨ ਜਾਦੂ- ਟੂਣਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਪੀੜਤ ਲੋਕ ਸਾਧਾਂ ਸੰਤਾਂ ਕੋਲ ਦੌੜ ਕਰਦੇ ਹਨ। ਕਈ ਵਾਰ ਇਸ ਦੌੜ ਦਾ ਸਿੱਟਾ ਮਨੁੱਖ ਧੋਖੇ ਦਾ ਸ਼ਿਕਾਰ ਬਣ ਜਾਂਦਾ ਹੈ।

ਰਮਨ, "ਬਾਬਾ ਜੀ, ਮੇਰੇ ਪੁੱਤਰ ਸੀਤਲ ਵਿੱਚ ਭੂਤ ਬੋਲਦਾ ਹੈ।" ਭੂਤ ਕਹਿੰਦਾ ਹੈ ਕਿ ਸੀਤਲ ਦੁੱਧ ਪੀ ਕੇ, ਵਾਲਾਂ ਨੂੰ ਤੇਲ ਲਾ ਕੇ ਸਿਖਰ ਦੁਪਹਿਰੇ ਪਿੰਡ ਦੇ ਸਿਵਿਆਂ ਕੋਲੋਂ ਲੰਘਿਆ ਸੀ, ਭੂਤ ਉਸ ਦੇ ਮਗਰ ਪੈ ਗਿਆ ਹੈ।

ਦਾ ਹੁਕਮ ਕੀਤਾ। ਸੀਤਲ ਵੱਲ ਮੂੰਹ ਕਰ ਕੇ ਕਹਿਣ ਲੱਗੇ, " ਨਿਕਲ ਭੂਤ, ਇਥੋਂ ਦੌੜ ਜਾ, ਨਹੀਂ ਤਾਂ ਮੈਂ ਗਰਮ ਚਿਮਟੇ ਮਾਰ-ਮਾਰ ਕੇ ਤੇਰੇ ਟੁਕੜੇ ਕਰ ਦੇਵਾਂਗਾ ਤੇ ਅੱਗ ਵਿੱਚ ਸਾੜ ਦੇਵਾਂਗਾ। ਤੈਨੂੰ ਗੂਗਲ ਦੀ ਥਾਂ ਗੰਦ ਦੀ ਧੂਪ ਦਿੱਤੀ ਜਾਵੇਗੀ।"

ਇਹ ਸੁਣ ਕੇ ਸੀਤਲ ਵਿਚਲਾ ਭੂਤ ਸੀਤਲ ਰਾਹੀਂ ਬੋਲਿਆ," ਮੈਨੂੰ ਮੁਆਫ ਕਰੋ, ਮੈਂ ਚੱਲਿਆ, ਮੈ ਚੱਲਿਆ" ਸੀਤਲ ਠੀਕ-ਠਾਕ ਹੋ ਕੇ ਬੈਠ ਗਿਆ।

ਜਦੋਂ ਬਾਬਾ ਜੀ ਜਾਣ ਲੱਗੇ ਤਾਂ ਹੁਕਮ ਹੋਇਆ 'ਮੇਰੀ ਕੁਟੀਆ ਵਿੱਚ ਇਸੀ ਵਕਤ ਸਵਾ ਤੋਲਾ ਸੋਨਾ ਤੇ ਸਵਾ ਮਣ ਕਣਕ ਪਹੁੰਚਾ ਦਿਓ।" ਅਸਲ ਗੱਲ ਇਹ ਸੀ ਕਿ

ਬਾਵਾ ਜੀ ਕੁਟੀਆ ਦੇ ਅੰਦਰ ਗਏ ਤੇ ਨਸ਼ੇ ਨਾਲ ਟੱਲੀ ਹੋ ਕੇ ਰਮਨ ਦੇ ਨਾਲ ਚੱਲ ਪਏ। ਰਮਨ ਦੇ ਘਰ ਆਂਢੀ-ਗੁਆਂਢੀ

ਸੀਤਲ ਦੁੱਧ ਪੀ ਕੇ ਸਿਰ ਨੂੰ ਤੇਲ ਲਾ ਕੇ ਦੁਪਹਿਰੇ ਸਮੇਂ ਆਪਣੇ ਖੇਤਾਂ ਵੱਲ ਗੇੜਾ ਮਾਰਨ ਚਲੇ ਗਿਆ। ਰਸਤੇ ਵਿੱਚ ਸਿਵਿਆਂ



ਇੱਕਠੇ ਹੋਏ ਸਨ। ਘਰ ਨੇੜੇ ਜਾ ਕੇ ਬਾਵਾ ਜੀ ਨੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ, "ਹੇ ਭਗਵਾਨ! ਢਾਹ ਦੇ ਕੋਠੇ, ਗੱਡ ਦੇ ਤੰਬੂ, ਹੇ ਭਗਵਾਨ! ਨਾ ਰਹੇ ਰੋੜ ਨਾ ਰਹੇ ਕੰਕਰ" ਲੋਕਾਂ ਵਿੱਚ ਸਹਿਮ ਛਾ ਗਿਆ। ਸੋਚਣ ਲੱਗੇ ਕਿ ਸੰਤ ਤਾਂ ਬਹੁਤ ਕਰਨੀ ਵਾਲੇ ਸਨ।

ਬਾਵਾ ਜੀ ਸੀਤਲ ਦੇ ਮੰਜੇ ਕੋਲ ਗਏ। ਗੂਗਲ ਦੀ ਧੂਪ ਦੇਣ

ਕੋਲ ਆ ਕੇ ਉਸ ਨੂੰ ਲੋਕਾਂ ਦੀ ਗੱਲ ਯਾਦ ਆ ਗਈ ਕਿ ਦੁੱਧ ਪੀ ਕੇ ਸਿਰ ਨੂੰ ਤੇਲ ਲਾ ਕੇ ਦੁਪਹਿਰ ਸਮੇਂ ਸਿਵਿਆਂ ਕੋਲ ਨਹੀਂ ਜਾਣਾ ਚਾਹੀਦਾ। ਉਹ ਡਰ ਕੇ ਘਬਰਾ ਗਿਆ ਤੇ ਬੇਹੋਸ਼ੀ ਦੀ ਦਸ਼ਾ ਵਿੱਚ ਘਰ ਆ ਕੇ ਮੰਜੇ ਤੇ ਲੇਟ ਗਿਆ। ਇਹ ਭੂਤ ਨਹੀਂ ਸਗੋਂ ਉਸ ਦੇ ਮਨ ਦਾ ਹੀ ਡਰ ਸੀ।

## ਨਵੇਂ ਸਾਲ ਨੂੰ ਸਮਰਪਤ ਕੀਤਾ ਐਤਵਾਰ ਦੁਪਹਿਰ ਦਾ ਹਫਤਾਵਾਰੀ ਲੰਗਰ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** : ਸ੍ਰੀ ਖਾਟੂ ਸ਼ਿਆਮ ਮੰਦਰ ਫਰੈਂਡਜ਼ ਕਲੋਨੀ ਫਗਵਾੜਾ ਦੇ ਮੁੱਖ ਸੇਵਾਦਾਰ ਪੰਡਤ ਜੁਗਲ ਕਿਸ਼ੋਰ ਦੀ ਅਗਵਾਈ 'ਚ ਸਥਾਨਕ ਰੇਲਵੇ ਰੋਡ 'ਤੇ ਸ਼ਿਆਮ ਰਸੋਈ ਦੇ ਬੈਨਰ ਹੇਠ ਹਰੇਕ ਐਤਵਾਰ ਨੂੰ ਵਰਤਾਏ ਜਾਣ ਵਾਲੇ ਦੁਪਹਿਰ ਦੇ ਫ੍ਰੀ ਭੋਜਨ ਦੀ ਲੜੀ ਤਹਿਤ ਅੱਜ ਦਾ ਲੰਗਰ ਨਵੇਂ ਸਾਲ ਨੂੰ ਸਮਰਪਤ ਕੀਤਾ ਗਿਆ। ਲੰਗਰ ਦੀ ਸੇਵਾ ਦਾ ਸ਼ੁੱਭ ਆਰੰਭ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਗੁਰਦੀਪ ਸਿੰਘ ਕੰਗ ਨੇ ਕਰਵਾਇਆ। ਉਨ੍ਹਾ ਲੰਗਰ ਦਾ ਸ਼ੁੱਭ ਆਰੰਭ ਕਰਵਾਉਂਦੇ ਹੋਏ ਪੰਡਤ ਜੁਗਲ ਕਿਸ਼ੋਰ ਅਤੇ ਉਨ੍ਹਾ ਦੀ ਟੀਮ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਦੌਰਾਨ ਪੰਡਤ ਜੁਗਲ ਕਿਸ਼ੋਰ ਨੇ ਸਮੂਹ ਹਾਜ਼ਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸੁੱਖ ਸ਼ਾਂਤੀ ਦੀ ਅਰਦਾਸ ਕੀਤੀ। ਉਨ੍ਹਾ ਲੰਗਰ 'ਚ ਸਹਿਯੋਗ ਲਈ ਕੁਲਦੀਪ ਸਿੰਘ ਚੀਮਾ, ਗੁਰਮੀਤ ਕੌਰ ਚੀਮਾ ਕਨੇਡਾ ਤੋਂ ਇਲਾਵਾ ਗਊਸ਼ਾਲਾ ਤੇ ਸ਼ਿਆਮ ਰਸੋਈ ਸੇਵਾ ਸੰਮਤੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾ ਦੱਸਿਆ ਕਿ ਹਰੇਕ ਐਤਵਾਰ ਦੁਪਿਹਰ 12 ਤੋਂ 3 ਵਜੇ ਤੱਕ ਫ੍ਰੀ ਭੋਜਨ ਕਰਵਾਇਆ ਜਾਂਦਾ ਹੈ। ਭਗਵਾਨ ਸ੍ਰੀ ਖਾਟੂ ਸ਼ਿਆਮ ਦੇ ਅਸ਼ੀਰਵਾਦ ਨਾਲ ਇਹ ਸੇਵਾ ਕਰੀਬ ਦੋ ਸਾਲ ਤੋਂ ਨਿਰਵਿਘਨ ਜਾਰੀ ਹੈ ਅਤੇ ਸ੍ਰੀ ਖਾਟੂ ਸ਼ਿਆਮ ਦੀ ਇੱਛਾ ਤੱਕ ਅੱਗੇ ਵੀ ਜਾਰੀ ਰਹੇਗੀ। ਇਸ ਮੌਕੇ ਹਰਜੀਤ ਕੌਰ, ਹੇਮੰਤ ਭਾਰਗਵ, ਦੀਪਕ ਭਾਰਗਵ, ਸੁਰੇਸ਼ ਭਾਰਗਵ, ਗੁਰਦੀਪ ਸਿੰਘ, ਗੋਵਿੰਦ ਭਾਰਗਵ, ਅਨਮੋਲ ਭਾਰਗਵ ਕੰਚਨ, ਪ੍ਰੀਆ, ਤਾਰਾਮਣੀ, ਸੁਨੀਤਾ, ਸ਼ਾਰਦਾ, ਰਜਨੀ, ਕੋਮਲ, ਸਨੇਹਾ, ਪਲਕ, ਆਸ਼ੂ, ਵੇਦ ਪ੍ਰਕਾਸ਼ ਭਾਰਗਵ, ਵਿਨੋਦ ਕੁਮਾਰ, ਯੋਗੇਸ਼, ਮੋਹਿਤ ਆਦਿ ਹਾਜ਼ਰ ਸਨ।

## ਸੰਤ ਸਰਵਣ ਦਾਸ ਸਲੇਮ ਟਾਬਰੀ ਆਦਿ ਧਰਮ ਦੇ ਧਰਮ ਗੁਰੂ ਸਥਾਪਤ



**ਹੁਸ਼ਿਆਰਪੁਰ (ਓ ਪੀ ਰਾਣਾ)** : ਆਦਿ ਧਰਮ ਮੰਡਲ ਦੇ ਸੰਸਥਾਪਕ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ 'ਤੇ ਦੋ ਦਿਨਾ ਵਿਸ਼ਾਲ ਸਮਾਗਮ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਭਾਰੀ ਗਿਣਤੀ 'ਚ ਹਾਜ਼ਰ ਸੰਗਤਾਂ ਵਿੱਚ ਬੜੀ ਸ਼ਰਧਾ ਨਾਲ ਸੰਪੰਨ ਹੋਏ। ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਭਾਰੀ ਗਿਣਤੀ ਵਿੱਚ ਹਾਜ਼ਰ ਸੰਤਾਂ, ਮਹਾਂਪੁਰਸ਼ਾਂ, ਧਾਰਮਕ,ਸਮਾਜਕ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਸੰਤ ਸਰਵਣ ਦਾਸ ਸਲੇਮਟਾਵਰੀ ਲੁਧਿਆਣਾ ਨੂੰ ਦਸਤਾਰਬੰਦੀ ਕਰਕੇ ਆਦਿ ਧਰਮ ਦੇ "ਧਰਮ ਗੁਰੂ" ਸਥਾਪਤ ਕੀਤਾ, ਜਿਸ ਨੂੰ ਹਾਜ਼ਰ ਹਜ਼ਾਰਾਂ ਸੰਗਤਾਂ ਵੱਲੋਂ ਦੋਵੇਂ ਹੱਥ ਖੜ੍ਹੇ ਕਰਕੇ "ਬੋਲੇ ਸੋ ਨਿਰਭੈ,ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ" "ਭਗਵਾਨ ਸ੍ਰੀ ਬਾਲਮੀਕ ਜੀ ਮਹਾਰਾਜ ਕੀ ਜੈ" ਦੇ ਜੈਕਾਰਿਆਂ ਨਾਲ ਭਰਪੂਰ ਸਵਾਗਤ ਕੀਤਾ। ਇਸ ਮੌਕੇ ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ,ਸੰਤ ਬਲਵੀਰ ਧਾਂਦਰਾ ਜਨਰਲ ਸਕੱਤਰ,ਸੰਤ ਕਰਮ ਚੰਦ,ਸੰਤ ਜੀਤ ਰਾਮ ਯਮੁਨਾਨਗਰ,ਸੰਤ ਰਾਜ ਕੁਮਾਰ ਰੁੜਕੀ ਉਤਰਾਖੰਡ,ਸੰਤ ਬੁੱਧੀ ਦਾਸ ਸਾਗਰ,ਸੰਤ ਗਿਰਧਾਰੀ ਲਾਲ,ਸੰਤ ਜਗਤਾਰ ਸਿੰਘ,ਸੰਤ ਕਰਮ ਸਿੰਘ,ਸੰਤ ਕਾਹਨ ਸਿੰਘ ਢੇਸੀਆਂ,ਸੰਤ ਰਾਜੂ ਅਸਤਾਲਾਂ ਮਾਲਵਾ,ਸੰਤ ਧਰਮ ਸਿੰਘ,ਸੰਤ ਦਿਲਾਵਰ ਸਿੰਘ ਬੰਗਾ,ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ,ਬਲਵੀਰ ਧਾਂਦਰਾ ਪ੍ਰਚਾਰਕ,ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸ਼ਨ,ਜੀਤ ਰਾਮ ਖੈਤਾਨ,ਬਲਵਿੰਦਰ ਨਾਨੋਵਾਲੀਆ,ਨਾਜਰ ਰਾਮ ਮਾਨ,ਸੁਰਿੰਦਰਪਾਲ ਸਿੰਘ ਪ੍ਰਧਾਨ ਯੂਥ ਵਿੰਗ,ਮਾਸਟਰ ਸੁਖਵੀਰ ਦੁਗਾਲ,ਜਗਦੀਸ਼ ਦੀਸ਼ਾ,ਕਮਲ ਜਨਾਗਲ,ਭਾਈ ਸਤਿਗੁਰ ਸਿੰਘ,ਭਾਈ ਪ੍ਰਗਟ ਸਿੰਘ,ਭਾਈ ਸੁਖਚੈਨ ਸਿੰਘ ਲਹਿਰਾਗਾਗਾ,ਭਾਈ ਗੁਰਜੀਤ ਸਿੰਘ,ਬੀਬੀ ਪੂਨਮ ਹੀਰਾ,ਚਮਕੌਰ ਸਿੰਘ ਪ੍ਰਚਾਰਕ,ਰਾਮ ਸਿੰਘ ਸੇਹਕੇ ਪ੍ਰਚਾਰਕ,ਹੁਕਮ ਚੰਦ ਜੈਤੋਂ ਪ੍ਰਚਾਰਕ,ਪਵਨ ਮਹਿਮੀ ਗੀਤਕਾਰ,ਮਨਜੀਤ ਮੁੱਗੋਵਾਲੀਆ ਆਦਿ ਹਾਜ਼ਰ ਸ਼ਖਸੀਅਤਾਂ ਨੇ ਸੰਤ ਸਰਵਣ ਦਾਸ ਦੇ ਦਸਤਾਰਬੰਦੀ ਸਮੇਂ ਹਾਜ਼ਰੀ ਭਰੀ। ਇਸ ਮੌਕੇ ਦੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ 7ਵੀਂ ਸ਼ੋਭਾ ਯਾਤਰਾ ਜਖੇਪਲ (ਸੰਗਰੂਰ) ਤੋਂ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਤ ਸਤਵਿੰਦਰ ਹੀਰਾ ,ਸੰਤ ਸੁਰਿੰਦਰ ਦਾਸ ਨੇ ਸੰਗਤਾਂ ਦੇ ਵਿਸ਼ਾਲ ਇੱਕਠ ਵਿੱਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ,ਡਾ.ਭੀਮ ਰਾਉ ਅੰਬੇਡਕਰ, ਬਾਬਾ ਬੰਤਾ ਰਾਮ ਘੇੜਾ, ਬਾਬੂ ਕਾਂਸ਼ੀ ਰਾਮ ਵਰਗੇ ਮਹਾਨ ਰਹਿਬਰਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ "ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ" ਆਦਿ ਧਰਮ ਮਿਸ਼ਨ ਨੂੰ ਘਰ- ਘਰ, ਜਨ-ਜਨ ਤੱਕ ਪਹੁੰਚਾਉਣ ਲਈ ਸੰਘਰਸ਼ ਕਰ ਰਿਹਾ ਹੈ, ਆਦਿ ਧਰਮੀ ਮੂਲ ਨਿਵਾਸੀ ਸਮਾਜ ਨੂੰ ਇੱਕ ਮੰਚ, ਇੱਕ ਝੰਡੇ ਹੇਠ ਇੱਕਠੇ ਕਰਨ ਲਈ ਸੰਤ ਸਰਵਣ ਦਾਸ ਨੂੰ "ਆਦਿ ਧਰਮ ਗੁਰੂ" ਐਲਾਨਿਆ ਗਿਆ ਹੈ ਜਿਨ੍ਹਾ ਦੀ ਅੱਜ ਦਸਤਾਰਬੰਦੀ ਕਰਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵੱਲੋਂ ਮਾਨਤਾ ਪ੍ਰਦਾਨ ਕੀਤੀ ਗਈ ਹੈ। ਉਨਾਂ ਕਿਹਾ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ਵ ਭਰ ਵਿੱਚ ਫੈਲੇ ਆਦਿ ਧਰਮ ਕੌਮ ਦੇ ਸਮਾਜਕ,ਧਾਰਮਕ ਮਸਲਿਆਂ ਨੂੰ ਨਜਿੱਠਿਆ ਜਾਵੇਗਾ ਅਤੇ ਹੱਲ ਕੀਤਾ ਜਾਵੇਗਾ ਅਤੇ ਕੌਮ ਦੇ ਹਰ ਮਸਲੇ ਲਈ ਕ੍ਰਾਂਤੀਕਾਰੀ ਅੰਦੋਲਨ ਚਲਾਏ ਜਾਣਗੇ।

## ਜਨਤਾ ਤੇ ਮੀਡੀਆ ਦੇ ਸਹਿਯੋਗ ਨਾਲ ਪੁਲਸ ਹਰ ਜੁਰਮ ਨੂੰ ਕਾਬੂ ਕਰ ਸਕਦੀ : ਗੁਰਮੀਤ ਕੌਰ





**ਬਹਿਰਾਮ (ਅਵਤਾਰ ਕਲੇਰ)** : ਪੁਲਸ ਪ੍ਰਸ਼ਾਸਨ ਵੱਲੋਂ ਪੁਲਸ ਪਬਲਿਕ ਅਤੇ ਮੀਡੀਆ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਇਲਾਕੇ ਦੇ ਸਰਪੰਚ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਹੋਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਜ਼ਿਲ੍ਹਾ ਪੁਲਸ ਦੇ ਐਸ ਪੀ (ਹੈਡਕੁਆਰਟਰ) ਮੈਡਮ ਗੁਰਮੀਤ ਕੌਰ ਨੇ ਕਿਹਾ ਕਿ ਜੁਰਮ ਰੋਕਣ ਲਈ ਪਬਲਿਕ ਨੂੰ ਪੁਲਸ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੁਲਸ ਪਬਲਿਕ ਦੇ ਸਹਿਯੋਗ ਨਾਲ ਵਧ ਰਹੇ ਜੁਰਮਾਂ 'ਤੇ ਨੱਥ ਪਾ ਸਕਦੀ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹੇ 'ਚ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਪੁਲਸ ਨੇ ਨਸ਼ਿਆਂ ਨੂੰ ਨੱਥ ਪਾਉਣ ਲਈ 1ਜੁਲਾਈ 2022 ਤੋਂ ਹੁਣ ਤੱਕ ਐਨ ਡੀ ਪੀ ਸੀ ਐਕਟ ਅਧੀਨ ਕੁੱਲ 96 ਮੁਕੱਦਮੇ ਦਰਜ ਕੀਤੇ ਹਨ, ਜਿਨ੍ਹਾਂ 'ਚ 114 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਹੈਰੋਇਨ 1 ਕਿਲੋ 345 ਗ੍ਰਾਮ , ਚੂਰਾ ਪੋਸਤ 76 ਕਿਲੋ ,ਨਸ਼ੀਲੀਆਂ ਗੋਲੀਆਂ 2980 , ਕੈਪਸੂਲ 60 , ਨਸ਼ੀਲੇ ਟੀਕੇ 165 , ਗਾਂਜਾ 550 ਗ੍ਰਾਮ ਅਤੇ ਚਰਸ 400 ਗ੍ਰਾਮ ਬਰਾਮਦ ਕੀਤੀ ਹੈ। ਉਨ੍ਹਾ ਦੱਸਿਆ ਕਿ ਆਬਕਾਰੀ ਐਕਟ ਅਧੀਨ 5 ਮੁਕੱਦਮੇ ਦਰਜ ਕਰਕੇ 7 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀਆਂ ਤੋਂ 1,39,500 ਐਮ ਐਲ ਸ਼ਰਾਬ ਅਤੇ 36 ਬੋਤਲਾਂ ਬੀਅਰ ਦੀਆਂ ਬਰਾਮਦ ਕੀਤੀਆਂ ਹਨ। ਇਸੇ ਤਰ੍ਹਾਂ ਅਸਲਾ ਐਕਟ ਅਧੀਨ 5 ਮੁਕੱਦਮੇ ਦਰਜ ਕਰਕੇ 5 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਪਿਸਤੌਲ , 2 ਦੇਸੀ ਪਿਸਤੌਲ ,9 ਰੌਂਦ ਅਤੇ 1 ਚਾਕੂ ਬਰਾਮਦ ਕੀਤੇ ਹਨ। ਇਸ ਮੌਕੇ ਡੀ ਐਸ ਪੀ ਬੰਗਾ ਸਰਵਣ ਸਿੰਘ ਬੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕੱਦਮਾ ਨੰ. 15 ਮਿਤੀ 16 ਫਰਵਰੀ 2021 ਥਾਣਾ ਸਿਟੀ ਬੰਗਾ ਵਿਖੇ ਬੀ ਕੈਟਾਗਰੀ ਦਾ ਗੈਂਗਸਟਰ ਲਖਵਿੰਦਰ ਸਿੰਘ ਉਰਫ ਮਟਰੂ ਨਿਵਾਸੀ ਹੀਉ ਨੂੰ ਮਿਤੀ 31 ਅਕਤੂਬਰ ਨੂੰ ਗ੍ਰਿਫਤਾਰ ਕੀਤਾ। ਇਸੇ ਤਰ੍ਹਾਂ ਥਾਣਾ ਬਹਿਰਾਮ ਵੱਲੋਂ ਬਿਜਲੀ ਦੇ ਟਰਾਂਸਫਾਰਮਰਾਂ ਵਿੱਚੋਂ ਤੇਲ ਚੋਰੀ ਕਰਨ ਵਾਲਾ ਗਰੋਹ ਕਾਬੂ ਕੀਤਾ ਗਿਆ, ਜਿਨ੍ਹਾਂ ਪਾਸੋਂ 250 ਲੀਟਰ ਚੋਰੀ ਦਾ ਤੇਲ, ਨਟ ਬੋਲਟ , ਕੈਨੀਆਂ , ਕੀਪ ਅਤੇ ਚੋਰੀ ਕਰਨ ਦੇ ਔਜ਼ਾਰ ਫੜੇ ਗਏ। ਡੀ ਐਸ ਪੀ ਬੰਗਾ ਸਰਵਣ ਸਿੰਘ ਬੱਲ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਮੁਕੰਦਪੁਰ 'ਚ ਮੁਕੱਦਮਾ ਨੰ 51 ਮਿਤੀ 3 ਅਕਤੂਬਰ 22 ਜੁਰਮ 379 ਅਧੀਨ ਪਿਛਲੇ ਦੋ ਸਾਲਾਂ ਤੋਂ ਗੱਡੀਆਂ ਚੋਰੀਆਂ ਕਰਕੇ ਕੱਟ ਕੇ ਵੇਚਣ ਵਾਲਾ ਗੈਂਗ ਗ੍ਰਿਫਤਾਰ ਕੀਤਾ ਗਿਆ, ਜਿਸ ਵਿੱਚ ਮੁੱਖ ਦੋਸ਼ੀ ਰਾਜ ਕੁਮਾਰ ਨਿਵਾਸੀ ਨਾਨਕਪੁਰ ਮੁਹੱਲਾ ਗੁਰਾਇਆ (ਜਲੰਧਰ) ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤਰ੍ਹਾਂ ਥਾਣਾ ਸਦਰ ਬੰਗਾ 'ਚ ਅਣਸੁਲਝਿਆ ਮੁਕੱਦਮਾ ਜੋ ਅਨਟਰੇਸ ਚੱਲਿਆ ਆ ਰਿਹਾ ਸੀ, ਇਸ ਵਿੱਚ ਕਤਲ ਕੀਤੇ ਸੁਖਵਿੰਦਰ ਸਿੰਘ ਡੀ ਜੇ ਵਾਲੇ ਜਿਸ ਵਿੱਚ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਤਲ ਵਿਚ ਵਰਤਿਆ ਪਿਸਤੌਲ ਵੀ ਬਰਾਮਦ ਕੀਤਾ ਗਿਆ। ਪੁਲਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇ। ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਇਸ ਮੌਕੇ ਐਸ ਐਚ ਓ ਸਿਟੀ ਬੰਗਾ ਮਹਿੰਦਰ ਸਿੰਘ ਅਤੇ ਐਸ ਐਚ ਓ ਰਘੁਬੀਰ ਸਿੰਘ ਆਦਿ ਵੀ ਹਾਜ਼ਰ ਸਨ।

## ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ



**ਮੋਰਿੰਡਾ, (ਜੈਜੀ ਸਰਦਾਰ )** : ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀ ਸੁਖਮਈ ਸ਼ੁਰੂਆਤ ਦੇ ਮੌਕੇ ਮੋਰਿੰਡਾ ਤਹਿਸੀਲ ਵਿਖੇ ਅੱਜ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੇਵਾ ਕੇਂਦਰ ਕੁਆਰਡੀਨੇਟਰ ਪਰਮਿੰਦਰ ਸਿੰਘ ਅਤੇ ਗੁਰਪ੍ਰੀਤ ਕੌਰ ਫਰਦ ਕੇਂਦਰ ਇੰਚਾਰਜ ਨੇ ਦੱਸਿਆ ਕਿ ਤਹਿਸੀਲਦਾਰ ਚੇਤਨ ਬਾਂਗੜ ਅਤੇ ਹਰਮਿੰਦਰ ਸਿੰਘ ਸਿੱਧੂ ਨਾਇਬ ਤਹਿਸੀਲਦਾਰ ਮੋਰਿੰਡਾ ਦੀ ਅਗਵਾਈ 'ਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀ ਚੰਗੀ ਸ਼ੁਰੂਆਤ ਦੀ ਕਾਮਨਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸੁਖਮਨੀ ਸਾਹਿਬ ਪਾਠ ਦੇ ਭੋਗ ਪਾ ਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਗਈ ਹੈ। ਤਹਿਸੀਲਦਾਰ ਚੇਤਨ ਬੰਗੜ, ਨਾਇਬ ਤਹਿਸੀਲਦਾਰ ਹਰਮਿੰਦਰ ਸਿੰਘ, ਸੇਵਾ ਕੇਂਦਰ ਕੋਆਰਡੀਨੇਟਰ ਪਰਮਿੰਦਰ ਸਿੰਘ ਅਤੇ ਫਰਦ ਕੇਂਦਰ ਇੰਚਾਰਜ ਗੁਰਪ੍ਰੀਤ ਕੌਰ ਤੇ ਤਹਿਸੀਲ ਸਟਾਫ ਸੋਮਨਾਥ, ਅਮਨਦੀਪ ਸਿੰਘ, ਗੁਰਮੀਤ ਸਿੰਘ, ਬਿਕਰਮਜੀਤ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਸੇਬਾਂ ਦਾ ਟਰੱਕ ਪਲਟਣ ਨਾਲ ਲੱਗਾ ਜਾਮ

**ਜਲੰਧਰ ( ਸੁਰਿੰਦਰ ਕੁਮਾਰ)** : ਸਥਾਨਕ ਜਲੰਧਰ-ਪਠਾਨਕੋਟ ਜੀ ਟੀ ਰੋਡ 'ਤੇ ਅੱਜ ਸਵੇਰੇ ਦਸ ਵਜੇ ਇੱਕ ਸੇਬਾਂ ਦਾ ਭਰਿਆ ਟਰੱਕ ਪਲਟ ਗਿਆ ।

ਸਿੱਟੇ ਵਜੋਂ ਰਾਮਾਂ ਮੰਡੀ ਤੱਕ ਲੰਬਾ ਜਾਮ ਲੱਗ ਗਿਆ। ਜਾਮ ਦੀ ਸੂਚਨਾ ਮਿਲਦਿਆਂ ਹੀ ਥਾਣਾ ਮਕਸੂਦਾਂ ਤੇ ਐਸ ਐਚ ਓ ਮਨਜੀਤ ਸਿੰਘ ਤੁਰੰਤ ਪੁਲਸ ਬਲ ਲੈ ਕੇ ਮੌਕੇ 'ਤੇ ਪੁਹੰਚੇ ਤੇ ਟਰੱਕ ਨੂੰ ਹਟਾਉਣ ਲਈ ਕਰੇਨ ਮੰਗਵਾਈ ਤੇ ਇਸ ਪਲਟੇ ਟਰੱਕ ਨੂੰ ਸੜਕ ਤੋਂ ਹਟਾਉਣ ਲਈ ਕਾਰਵਾਈ ਸ਼ੁਰੂ ਕੀਤੀ। ਲਗਭਗ ਦੋ ਘੰਟਿਆਂ ਬਾਅਦ ਇਸ ਪਲਟੇ ਸੇਬਾਂ ਦੇ ਟਰੱਕ ਨੂੰ ਅੱਡਾ ਨੂਰਪੁਰ ਚੌਂ ਹਟਾ ਕੇ ਟਰੈਫਿਕ ਨੂੰ ਚਾਲੂ ਕੀਤਾ। ਪਲਟੇ ਟਰੱਕ ਕਰਕੇ ਲੋਕ ਗਲੀਆਂ ਮੁਹੱਲਿਆਂ 'ਚੋਂ ਦੀ ਆਪਣੇ ਵਾਹਨ ਲੈ ਕੇ ਲੰਘਣ ਲਈ ਮਜਬੂਰ ਹੋ ਗਏ।

## ਕੇ ਐੱਮ ਵੀ ਦੇ ਪ੍ਰਿੰਸੀਪਲ ਵੱਲੋਂ ਨਵੇਂ ਸਾਲ 'ਤੇ ਮੁਬਾਰਕਬਾਦ



**ਜਲੰਧਰ (ਨ ਜ਼ ਸ)** : ਭਾਰਤ ਦੀ ਵਿਰਾਸਤ ਅਤੇ ਆਟੋਨਾਮਸ ਸੰਸਥਾ, ਕੰਨਿਆ ਮਹਾਂਵਿਦਿਆਲਾ, ਜਲੰਧਰ ਦੇ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਨੇ ਨਵੇਂ ਸਾਲ 2023 ਦੀ ਆਮਦ 'ਤੇ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥਣਾਂ ਨੂੰ ਦਿਲੀ ਮੁਬਾਰਕਬਾਦ ਦਿੱਤੀ। ਇਸ ਮੌਕੇ ਸੰਬੋਧਿਤ ਹੁੰਦਿਆਂ ਹੋਇਆਂ ਉਨ੍ਹਾ ਸਮੂਹ ਨਾਗਰਿਕਾਂ ਨੂੰ ਦੇਸ਼ ਦੀ ਤਰੱਕੀ, ਖੁਸ਼ਹਾਲੀ, ਸਵੱਛਤਾ 'ਚ ਵਾਧੇ ਲਈ ਅਤੇ ਸਮਾਜਕ ਕੁਰੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਖ਼ਾਤਮੇ 'ਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾ ਸਾਲ 2022 ਨੂੰ ਵਿਦਿਆਲਾ ਲਈ ਸ਼ਾਨਦਾਰ ਵਰ੍ਹਾ ਦੱਸਦੇ ਹੋਏ ਕਿਹਾ ਕਿ ਜਿਥੇ ਵਿਦਿਆਲਾ ਨੇ ਉੱਚ ਸਿੱਖਿਆ ਦੇ ਪੱਧਰ 'ਚ ਨਵੇਂ ਮੁਕਾਮ ਹਾਸਲ ਕਰਦੇ ਹੋਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਅਲੱਗ ਪਛਾਣ ਬਣਾਈ, ਉਥੇ ਨਾਲ ਹੀ ਆਪਣੀ ਸਮਾਜਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਮੋਹਰੀ ਤੌਰ 'ਤੇ ਸਮਾਜਕ ਵਿਕਾਸ 'ਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ । ਇਸ ਤੋਂ ਇਲਾਵਾ ਉਨ੍ਹਾ ਕਿਹਾ ਕਿ ਇਸ ਨਵੇਂ ਵਰ੍ਹੇ 2023 ਵਿੱਚ ਵੀ ਕੇ ਐਮ ਵੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਲੜਕੀਆਂ ਅਤੇ ਮਹਿਲਾਵਾਂ ਨੂੰ ਸਸ਼ਕਤ ਕਰਦੇ ਹੋਏ ਉਨ੍ਹਾਂ ਨੂੰ ਆਤਮ ਨਿਰਭਰ ਅਤੇ ਵਿਸ਼ਵ ਪੱਧਰੀ ਨਾਗਰਿਕ ਬਣਾਉਣ ਦੀ ਆਪਣੀ ਵਚਨਬੱਧਤਾ ਪ੍ਰਤੀ ਪੂਰਨ ਗੰਭੀਰਤਾ ਨਾਲ ਕਾਰਜਸ਼ੀਲ ਰਹੇਗਾ । ਇਸ ਦੇ ਨਾਲ ਹੀ ਉਨ੍ਹਾ ਨੇ ਸਮਾਜਕ ਖੁਸ਼ਹਾਲੀ ਅਤੇ ਆਪਸੀ ਸਾਂਝ ਦੀ ਵੀ ਕਾਮਨਾ ਕੀਤੀ ।

## ਐੱਚ ਡੀ ਸੀ ਏ ਦੀ ਕ੍ਰਿਕਟ ਪ੍ਰਤੀ ਸਮਰਪਤ ਭਾਵਨਾ ਨਾਲ ਬੱਚਿਆਂ ਨੂੰ ਅੱਗੇ ਵਧਣ ਦੇ ਮਿਲ ਰਹੇ ਸੁਨਹਿਰੀ ਮੌਕੇ : ਕੈਬਨਿਟ ਮੰਤਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਟਰਾਈਡੈਂਟ ਗਰੁੱਪ ਵੱਲੋਂ ਕਰਵਾਏ ਜਾ ਰਹੇ ਟਰਾਈਡੈਂਟ ਮਾਲਵਾ ਅੰਤਰ-ਜ਼ਿਲ੍ਹਾ ਅੰਡਰ-15 ਕ੍ਰਿਕਟ ਕੱਪ ਤਹਿਤ ਟੂਰਨਾਮੈਂਟ ਦਾ ਦੂਜਾ ਮੈਚ ਐਚ.ਡੀ.ਸੀ.ਏ ਕ੍ਰਿਕਟ ਖੇਡ ਮੈਦਾਨ, ਰੇਲਵੇ ਮੰਡੀ ਵਿਖੇ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਚ ਡੀ ਸੀ ਏ ਦੇ ਸਕੱਤਰ ਡਾ: ਰਮਨ ਘਈ ਨੇ ਦੱਸਿਆ ਕਿ ਮੈਚ ਦੌਰਾਨ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਲਤਾ ਸੈਣੀ ਵੀ ਮੌਜੂਦ ਸਨ। ਉਨ੍ਹਾਂ ਖਿਡਾਰੀਆਂ ਅਤੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਐਚ ਡੀ ਸੀ ਏ ਵੱਲੋਂ ਕ੍ਰਿਕਟ ਨੂੰ ਪ੍ਰਫੁੱਲਤ ਕਰਨ ਲਈ ਸਮੇਂ-ਸਮੇਂ 'ਤੇ ਚੰਗੀਆਂ ਖ਼ਬਰਾਂ ਲੈ ਕੇ ਆਉਣ ਵਾਲੇ ਯਤਨਾਂ ਦੀ ਸ਼ਲਾਘਾ ਕਰਦੇ ਹਨ ਤੇ ਵੱਡੇ ਪੱਧਰ ਦੇ ਮੈਚ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਟਰਾਈਡੈਂਟ ਗਰੁੱਪ ਵੱਲੋਂ ਕਰਵਾਏ ਜਾ ਰਹੇ ਕ੍ਰਿਕਟ ਕੱਪ ਸਬੰਧੀ ਖਿਡਾਰੀਆਂ ਦਾ ਉਤਸ਼ਾਹ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕ੍ਰਿਕਟ ਹੀ ਨਹੀਂ ਬਲਕਿ ਕਿਸੇ ਵੀ ਖੇਡ ਵਿੱਚ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਐਚ ਡੀ ਸੀ ਏ ਦੇ ਪ੍ਰਧਾਨ ਡਾ: ਦਲਜੀਤ ਖੇਲਾ, ਸਕੱਤਰ ਡਾ: ਰਮਨ ਘਈ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਓਹਨਾ ਕਿਹਾ ਕਿ ਅਜਿਹੇ ਉਪਰਾਲੇ ਜਾਰੀ ਰਹਿਣੇ ਚਾਹੀਦੇ ਹਨ। ਕਿਉਂਕਿ ਇਨ੍ਹਾਂ ਯਤਨਾਂ ਨਾਲ ਸਾਡੇ ਸੂਬੇ ਅਤੇ ਦੇਸ਼ ਨੂੰ ਚੋਟੀ ਦੇ ਦਰਜੇ ਦੇ ਖਿਡਾਰੀ ਮਿਲਣਗੇ। ਇਸ ਮੌਕੇ ਐਚ.ਡੀ.ਸੀ.ਏ ਵਲੋ ਡਾ: ਰਮਨ ਘਈ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਆਪਣਾ ਕੀਮਤੀ ਸਮਾਂ ਕੱਢਣ ਲਈ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ। ਖੇਡੇ ਗਏ ਮੈਚ ਵਿੱਚ ਗੁਰਦਾਸਪੁਰ ਨੇ ਬੱਲੇਬਾਜ਼ੀ ਕੀਤੀ। ਗੁਰਦਾਸਪੁਰ ਦੀ ਪੂਰੀ ਟੀਮ ਸਿਰਫ਼ 51 ਦੌੜਾਂ 'ਤੇ ਆਲ ਆਊਟ ਹੋ ਗਈ। ਇਸ ਦੇ ਜਵਾਬ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ 11.2 ਓਵਰਾਂ ਵਿੱਚ 52 ਦੌੜਾਂ ਬਣਾ ਕੇ ਅਗਲੇ ਦੌਰ ਵਿੱਚ ਪ੍ਰਵੇਸ਼ ਕਰ ਲਿਆ। ਇਸ ਵਿੱਚ ਰਿਆਂਸ਼ ਨੇ ਨਾਬਾਦ 30, ਆਰੀਅਨ ਅਰੋੜਾ ਨੇ 12 ਅਤੇ ਰੁਦਰ ਸ਼ਰਮਾ ਨੇ 10 ਦੌੜਾਂ ਦਾ ਯੋਗਦਾਨ ਪਾਇਆ। ਇਸ ਮੌਕੇ ਐਚ.ਡੀ.ਸੀ.ਏ ਦੇ ਪ੍ਰਧਾਨ ਡਾ: ਦਲਜੀਤ ਖੇਲਾ, ਚੇਅਰਮੈਨ ਟੂਰਨਾਮੈਂਟ ਕਮੇਟੀ ਡਾ: ਪੰਕਜ ਸ਼ਿਵ, ਵਿਵੇਕ ਸਾਹਨੀ, ਜਤਿੰਦਰ ਸੂਦ, ਠਾਕੁਰ ਜੋਗਰਾਜ, ਸਤਪ੍ਰੀਤ ਸਾਬੀ, ਗੌਰਵ ਵਾਲੀਆ, ਜਸਵੀਰ ਸਿੰਘ, ਮੁਨੀਸ਼ ਕੁਮਾਰ, ਸੁਭਾਸ਼ ਸ਼ਰਮਾ, ਨਰੇਸ਼ ਕੁਮਾਰ, ਜ਼ਿਲ੍ਹਾ ਟਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਕੋਚ ਦਲਜੀਤ ਇੰਜੀ., ਮਹਿਲਾ ਕੋਚ ਦਵਿੰਦਰ ਕਲਿਆਣ, ਕੋਚ ਦਲਜੀਤ ਧੀਮਾਨ, ਪੁਲਕਿਤ ਸ਼ਰਮਾ, ਰਮਨ ਸਿੰਘ, ਕਰਨ ਸ਼ਰਮਾ, ਦਿਨੇਸ਼ ਕੁਮਾਰ ਆਦਿ ਹਾਜ਼ਰ ਸਨ।

## ਨਵਜੋਤ ਸਾਹਿਤ ਸੰਸਥਾ ਔੜ ਵੱਲੋਂ 'ਮਹਿਲਾ ਸ਼ਕਤੀਕਰਨ' ਨੂੰ ਸਮਰਪਤ ਰਹੇਗਾ 'ਨਵਾਂ ਵਰ੍ਹਾ'



**ਬਹਿਰਾਮ (ਅਵਤਾਰ ਕਲੇਰ)** : ਨਵੇਂ ਵਰ੍ਹੇ ਦੌਰਾਨ ਮਹਿਲਾ ਸ਼ਕਤੀਕਰਨ ਦੀ ਉਦਾਹਰਨ ਵਜੋਂ ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਦੀ ਅਗਵਾਈ ਮਹਿਲਾਵਾਂ ਕਰਨਗੀਆਂ, ਜਿਸ ਵਿੱਚ ਪ੍ਰਧਾਨ ਦੀ ਜ਼ਿੰਮੇਵਾਰੀ ਨਾਮਵਰ ਸ਼ਾਇਰਾ ਰਜਨੀ ਸ਼ਰਮਾ ਨਿਭਾਉਣਗੇ, ਅਮਰਜੀਤ ਜਿੰਦ ਸਕੱਤਰ ਤੇ ਨੀਰੂ ਜੱਸਲ ਖਜ਼ਾਨਚੀ ਹੋਣਗੇ। ਇਵੇਂ ਮਹਿਲਾਵਾਂ ਦੀ ਹੀ ਬਾਕੀ ਕਾਰਜਕਾਰਨੀ 'ਚ ਹਰਬੰਸ ਕੌਰ, ਰਣਜੀਤ ਕੌਰ, ਇੰਦਰਪ੍ਰੀਤ ਕੌਰ, ਪ੍ਰੋ. ਸੰਦੀਪ ਕੌਰ, ਰੀਨਾ ਰਾਣੀ ਆਦਿ ਸਾਥ ਦੇਣਗੇ। ਸੰਸਥਾ ਦੇ ਮਿਸ਼ਨ 'ਤੇ ਪਹਿਰਾ ਦਿੰਦਿਆਂ ਨਵ ਨਿਯੁਕਤ ਟੀਮ ਵੱਲੋਂ 12 ਮਹੀਨਾਵਾਰ ਸਮਾਗਮ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਸਾਰੇ ਸਮਾਗਮ ਖੇਤਰ ਦੇ ਵੱਖ ਵੱਖ ਵਿੱਦਿਅਕ ਅਦਾਰਿਆਂ ਅਤੇ ਪਿੰਡਾਂ 'ਚ ਕਰਵਾਏ ਜਾਣਗੇ। ਪਲੇਠਾ ਉੱਦਮ 'ਧੀਆਂ ਦੀ ਲੋਹੜੀ' ਵਜੋਂ ਧੀਆਂ ਦੇ ਗੀਤਾਂ ਦੀ ਮਹਿਫਲ ਦਾ ਹੋਵੇਗਾ। ਦੂਜਾ ਸਮਾਗਮ 'ਸਾਹਿਤ 'ਚ ਮਹਿਲਾ ਵਰਗ ਦੀ ਭੂਮਿਕਾ' ਵਿਸ਼ੇ 'ਤੇ ਸੈਮੀਨਾਰ ਦੇ ਰੂਪ 'ਚ ਕਰਵਾਇਆ ਜਾਵੇਗਾ। ਇਵੇਂ 'ਮਹਿਲਾ ਦਿਵਸ' ਮੌਕੇ ਵੱਖ ਵੱਖ ਖੇਤਰਾਂ 'ਚ ਸੇਵਾਵਾਂ ਲਈ ਮਹਿਲਾਵਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਾਮਵਰ ਕਵਿੱਤਰੀਆਂ ਦਾ ਕਵੀ ਦਰਬਾਰ ਵੀ ਜੁੜੇਗਾ। ਇਵੇਂ ਅਗਲੀ ਲੜੀ 'ਚ ਵਿਦਿਆਰਥਣਾਂ ਦੀ ਮਹਿਲਾ ਵਰਗ ਨਾਲ ਸੰਬੰਧਤ ਸਵਾਲਾਂ ਦੇ ਅਧਾਰਤ ਲਿਖਤੀ ਪ੍ਰੀਖਿਆ ਅਤੇ 'ਤੀਆਂ' ਮੌਕੇ ਮਹਿਲਾ ਜਨ ਜੀਵਨ ਦੇ ਵਿਰਸੇ ਨਾਲ ਜੁੜੀਆਂ ਵਸਤੂਆਂ ਦੀ ਪ੍ਰਦਰਸ਼ਨੀ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਮਹਿਲਾਵਾਂ ਦੇ ਜੀਵਨ ਸੰਘਰਸ਼ ਸੰਬੰਧੀ ਕਵਿਤਾ, ਭਾਸ਼ਣ, ਲੋਕ ਬੋਲੀਆਂ ਦੀਆਂ ਪ੍ਰਤੀਯੋਗਤਾਵਾਂ ਹੋਣਗੀਆਂ। ਮਹਿਲਾ ਲੇਖਕਾਵਾਂ ਨੂੰ 'ਰੂਬਰੂ' ਵੀ ਕਰਵਾਇਆ ਜਾਵੇਗਾ ਅਤੇ ਮਹਿਲਾ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਕੁਰੀਤੀਆਂ ਖਿਲਾਫ਼ 'ਜਾਗ੍ਰਤੀ ਮਾਰਚ' ਵੀ ਕੱਢਿਆ ਜਾਵੇਗਾ। ਸੰਸਥਾ ਦੇ ਸਾਲਾਨਾ ਸਮਾਗਮ ਦੌਰਾਨ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੀ ਸੇਵਾ ਹਿੱਤ ਪੰਜ ਮਹਿਲਾ ਹਸਤਾਖ਼ਰਾਂ ਨੂੰ 'ਨਵਜੋਤ ਪੁਰਸਕਾਰ-2023' ਨਾਲ ਨਿਵਾਜਿਆ ਜਾਵੇਗਾ। ਨਵੀਂ ਮਹਿਲਾ ਟੀਮ ਨੂੰ ਵਧਾਈ ਦਿੰਦਿਆਂ ਸੰਸਥਾ ਦੇ ਸੰਸਥਾਪਕ ਗੁਰਦਿਆਲ ਰੌਸ਼ਨ, ਪ੍ਰੋ. ਸੰਧੂ ਵਰਿਆਣਵੀ, ਸਤਪਾਲ ਸਾਹਲੋਂ ਅਤੇ ਸੁਰਜੀਤ ਮਜਾਰੀ ਨੇ ਕਿਹਾ ਕਿ ਸੰਸਥਾ ਨੂੰ ਮਹਿਲਾ ਟੀਮ ਵੱਲੋਂ ਅਗਵਾਈ ਮਿਲਣੀ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨਵੀਂ ਟੀਮ ਵੱਲੋਂ ਆਪਣੇ ਕਾਰਜਕਾਲ ਦੌਰਾਨ ਨਵੇਂ ਕੀਰਤੀਮਾਨ ਸਥਾਪਤ ਹੋਣਗੇ ਅਤੇ ਨਵਜੋਤ ਸਾਹਿਤ ਸੰਸਥਾ ਔੜ ਦਾ ਨਾਂਅ ਹੋਰ ਚਮਕੇਗਾ। ਸੰਸਥਾ ਦੇ ਇਸ ਫ਼ੈਸਲੇ ਲਈ ਅਦਬੀ ਮਹਿਕ ਦੇ ਮੁੱਖ ਸੰਪਾਦਕਾ ਕਮਲਾ ਸੱਲ੍ਹਣ, ਥਾਣਾ ਔੜ ਦੇ ਮੁਖੀ ਮੈਡਮ ਨਰੇਸ਼ ਕੁਮਾਰੀ, ਇਸਤਰੀ ਜਾਗ੍ਰਤੀ ਮੰਚ ਦੇ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਪੰਜਾਬ/ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਬੰਗਾ ਇਕਾਈ ਦੇ ਕਾਰਜਕਾਰਨੀ ਪ੍ਰਧਾਨ ਮੈਡਮ ਜਤਿੰਦਰ ਕੌਰ ਮੂੰਗਾ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ, ਮਾਨਵਤਾ ਕਲਾ ਮੰਚ ਦੇ ਨਿਰਦੇਸ਼ਕ ਕੁਲਵੰਤ ਕੌਰ ਨਗਰ ਅਤੇ ਇਲਾਕੇ ਦੇ ਮਹਿਲਾ ਸਰਪੰਚ/ਨੰਬਰਦਾਰਾਂ ਨੇ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ।

## ਮਨਸੂਰਪੁਰ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਿਲੌਰ, (ਨਿਰਮਲ)** : ਫਿਲੌਰ ਦੇ ਨਜ਼ਦੀਕੀ ਪਿੰਡ ਮਨਸੂਰਪੁਰ ਵਿਖੇ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਜਿਸ ਦੌਰਾਨ ਭਾਈ ਜਰਨੈਲ ਸਿੰਘ ਬੈਂਸ ਢਾਡੀ ਜਥਾ ਅਤੇ ਪਿੰਡ ਮਨਸੂਰਪੁਰ ਦੀਆਂ ਬੱਚੀਆਂ ਹਰਮਨ ਕੌਰ, ਰਵਨੀਤ ਕੌਰ , ਜਸਨਪ੍ਰੀਤ ਕੌਰ , ਸਿਮਰਨਜੀਤ ਕੌਰ, ਜਸਪ੍ਰੀਤ ਕੌਰ ਅਤੇ ਹੋਰਾਂ ਨੇ ਸੰਗਤਾਂ ਨੂੰ ਗੁਰਬਾਨੀ ਨਾਲ ਜੋੜਿਆ ਅਤੇ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕੀਤੀ। ਇਸ ਮੌਕੇ ਸੇਵਾ ਨਿਭਾਉਣ ਵਾਲੇ ਪ੍ਰਮੁੱਖ ਵਿਅਕਤੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਅਮਰੀਕ ਸਿੰਘ ਪ੍ਰਧਾਨ, ਅਮਰੀਕ ਸਿੰਘ ਨੰਬਰਦਾਰ, ਬਲਦੇਵ ਸਿੰਘ, ਜਸਵਿੰਦਰ ਸਿੰਘ ਬਾਬਾ, ਪਰਮਜੀਤ ਸਿੰਘ ਪੰਮਾ, ਕੁਲਦੀਪ ਸਿੰਘ ਬਿੱਟੂ ਸਾਬਕਾ ਸਰਪੰਚ, ਗੁਰਮੀਤ ਸਿੰਘ ਧਾਲੀਵਾਲ ਕੈਨੇਡੀਅਨ, ਉਂਕਾਰ ਸਿੰਘ, ਸੀਤਲ ਸਿੰਘ, ਸੰਤੋਖ ਸਿੰਘ,ਜੋਗਾ ਸਿੰਘ ਜੰਡੂ, ਮੰਗਲ ਸਿੰਘ, ਨਰਿੰਦਰ ਸਿੰਘ, ਹੈਪੀ, ਬੀਬੀ ਬਲਜਿੰਦਰ ਕੌਰ, ਬੀਬੀ ਸਰਬਜੀਤ ਕੌਰ , ਬੀਬੀ ਮਨਦੀਪ ਕੌਰ,ਸੁਖਵਿੰਦਰ ਕੌਰ, ਬੀਬੀ ਅਮਰਜੀਤ ਕੌਰ ਪੰਚ, ਬੀਬੀ ਗੁਰਜੀਤ ਕੌਰ, ਕਿਰਨ ਅਤੇ ਹੋਰ ਹਾਜ਼ਰ ਸਨ।



# ਲਤੀਫ਼ਪੁਰਾ ਕਾਂਡ ਬਾਰੇ ਜਮਹੂਰੀ ਅਧਿਕਾਰ ਸਭਾ ਨੇ ਜਾਰੀ ਕੀਤੀ ਮੁਢਲੀ ਤੱਥ-ਖੋਜ ਰਿਪੋਰਟ

**ਜਲੰਧਰ** : ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਪਿਛਲੇ ਦਿਨੀਂ ਲਤੀਫ਼ਪੁਰਾ ਵਿਚ ਨਜਾਇਜ਼ ਕਬਜ਼ੇ ਹਟਾਉਣ ਦੇ ਨਾਂਅ ਹੇਠ ਉਜਾੜੇ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਅੱਜ ਜਾਰੀ ਕੀਤੀ ਆਪਣੀ ਰਿਪੋਰਟ 'ਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਇੰਪਰੂਵਮੈਂਟ ਦੇ ਮਨਸ਼ਿਆਂ ਉੱਪਰ ਗੰਭੀਰ ਸਵਾਲ ਉਠਾਏ ਹਨ। ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਦੀ ਅਗਵਾਈ ਹੇਠ ਤੱਥ ਖੋਜ ਟੀਮ, ਜਿਸ 'ਚ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਅਤੇ ਜਸਵੀਰ ਦੀਪ, ਜ਼ਿਲ੍ਹਾ ਪ੍ਰਧਾਨ ਡਾ. ਜਗਜੀਤ ਸਿੰਘ ਚੀਮਾ, ਜ਼ਿਲ੍ਹਾ ਸਕੱਤਰ ਡਾ. ਮੰਗਤ ਰਾਏ, ਜ਼ਿਲ੍ਹਾ ਕਮੇਟੀ ਮੈਂਬਰਾਨ ਜਸਵਿੰਦਰ ਸਿੰਘ ਭੋਗਲ, ਡਾ. ਸੈਲੇਸ਼, ਮਾਸਟਰ ਜੋਗਿੰਦਰ ਸਿੰਘ, ਮਾਸਟਰ ਕਰਨੈਲ ਸਿੰਘ, ਪਰਮਜੀਤ ਕਡਿਆਣਾ ਅਤੇ ਬਿਹਾਰੀ ਲਾਲ ਛਾਬੜਾ, ਸਭਾ ਦੇ ਮੈਂਬਰ ਮਾਸਟਰ ਲਵਿੰਦਰ ਸਿੰਘ ਤੇ ਨਿਤਿਨ ਅਤੇ ਐਡਵੋਕੇਟ ਮਧੂ ਰਚਨਾ ਤੇ ਐਡਵੋਕੇਟ ਯੁਵਰਾਜ ਸਿੰਘ ਸ਼ਾਮਲ ਹੋਏ, ਉਜਾੜਾ ਪੀੜਤਾਂ ਨਾਲ ਗੱਲਬਾਤ ਕਰਨ, ਇਸ ਵਿਵਾਦ ਨਾਲ ਸੰਬੰਧਤ ਪੁਰਾਣੇ ਰਿਕਾਰਡ, ਬਹੁਤ ਸਾਰੇ ਦਸਤਾਵੇਜ਼ਾਂ, ਅਦਾਲਤੀ ਹੁਕਮਾਂ ਅਤੇ ਹੋਰ ਹਾਸਲ ਸਬੂਤਾਂ ਦੀ ਪਰਖ-ਪੜਤਾਲ ਕਰਨ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦਾ ਪੱਖ ਜਾਣਨ ਅਤੇ ਮੀਡੀਆ ਰਿਪੋਰਟਾਂ ਦੀ ਪੁਣਛਾਣ ਕਰਨ ਤੋਂ ਬਾਅਦ ਇਸ ਨਤੀਜੇ 'ਤੇ ਪੁੱਜੀ ਹੈ ਕਿ ਸੰਬੰਧਤ ਰਕਬੇ ਦੀ ਨਿਸ਼ਾਨਦੇਹੀ ਕਰਵਾਏ ਬਿਨਾਂ ਇੰਪਰੂਵਮੈਂਟ ਟਰੱਸਟ ਕਰਤਾ-ਧਰਤਾ ਇਹ ਕਿਵੇਂ ਕਹਿ ਸਕਦੇ ਹਨ ਕਿ ਲਤੀਫ਼ਪੁਰਾ ਮੁਹੱਲੇ 'ਚ ਸੱਤ ਦਹਾਕਿਆਂ ਤੋਂ ਰਹਿ ਰਹੇ ਵਸਨੀਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਸਭਾ ਨੇ ਸਵਾਲ ਉਠਾਇਆ ਹੈ ਕਿ ਰਾਜ ਅਤੇ ਪ੍ਰਸ਼ਾਸਨ ਦਾ ਸੰਵਿਧਾਨਕ ਫਰਜ਼ ਲੋਕਾਂ ਦੀਆਂ ਕੁੱਲੀ-ਗੁੱਲੀ-ਜੁੱਲੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨਾ ਹੈ ਨਾ ਕਿ ਕਥਿਤ ਵਿਕਾਸ ਦੇ ਨਾਂਅ ਹੇਠ ਲੋਕਾਂ ਦੀ ਮਿਹਨਤ-ਮੁਸ਼ੱਕਤ ਕਰਕੇ ਬਣਾਏ ਘਰ ਢਾਹ ਕੇ ਉਨ੍ਹਾਂ ਨੂੰ ਉਜਾੜਨਾ। ਅਦਾਲਤੀ ਹੁਕਮਾਂ ਦੀ ਚੁਣਵੀਂ ਤਾਮੀਲ ਉੱਪਰ ਸਵਾਲ ਕਰਦਿਆਂ ਟੀਮ ਦਾ ਕਹਿਣਾ ਹੈ ਕਿ ਲਾਗੂ ਕਰਨ ਲਈ ਸਿਰਫ਼ ਸੁਪਰੀਮ ਕੋਰਟ ਦੇ ਹੁਕਮ ਨੂੰ ਚੁਣਿਆ ਗਿਆ ਕਿਉਂਕਿ ਇਸ ਨੂੰ ਜ਼ਮੀਨ ਉੱਪਰ ਕਬਜ਼ਾ ਕਰਨ ਲਈ ਪੀੜਤਾਂ ਵਿਰੁੱਧ ਵਰਤਿਆ ਜਾ ਸਕਦਾ ਸੀ। ਉਹ ਹੁਕਮ ਪ੍ਰਸ਼ਾਸਨ ਨੇ ਦਰਕਿਨਾਰ ਕਰ ਦਿੱਤੇ ਜੋ ਉੱਥੇ ਵਸ ਰਹੇ ਵਸਨੀਕਾਂ ਨੂੰ ਸੁਰੱਖਿਆ ਦਿੰਦੇ ਹਨ। ਰਿਪੋਰਟ ਕਹਿੰਦੀ ਹੈ ਕਿ ਬਿਨਾਂ ਨਿਸ਼ਾਨਦੇਹੀ ਕਰਵਾਏ ਕਥਿਤ ਨਜਾਇਜ਼ ਕਬਜ਼ੇ ਹਟਾਉਣ 'ਤੇ ਜ਼ੋਰ ਦੇਣ ਪਿੱਛੇ ਇੰਪਰੂਵਮੈਂਟ ਟਰੱਸਟ ਅਤੇ ਨਜਾਇਜ਼ ਕਬਜ਼ਿਆਂ ਵਾਲੇ ਰਸੂਖਵਾਨਾਂ ਦੇ ਗੱਠਜੋੜ ਦੇ ਹਿਤ ਹਨ। ਜਦਕਿ ਨਿਸ਼ਾਨਦੇਹੀ ਆਮ ਲੋਕਾਂ ਦੀ ਮੰਗ ਹੈ। ਟਰੱਸਟ ਦੇ ਮੌਜੂਦਾ ਚੇਅਰਮੈਨ ਅਤੇ ਹੋਰ ਅਧਿਕਾਰੀਆਂ ਨੇ ਨਿਸ਼ਾਨਦੇਹੀ ਕਰਾਏ ਬਗੈਰ ਹੀ ਪੁਲਸ ਫੋਰਸ ਦੇ ਜ਼ੋਰ ਆਮ ਲੋਕਾਂ ਨੂੰ ਉਜਾੜ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਕਾਰਵਾਈ ਦਾ ਮਨੋਰਥ ਕਿਨ੍ਹਾਂ ਦੇ ਹਿਤ ਬਚਾਉਣਾ ਹੈ। ਰਿਪੋਰਟ ਨੇ ਇਸ ਉਜਾੜੇ ਦੇ ਬਹਾਨੇ ਰਾਜਨੀਤਕ ਰੋਟੀਆਂ ਸੇਕਣ ਵਾਲੇ ਚੋਣ ਸਿਆਸਤਦਾਨਾਂ ਦੇ ਝੂਠੇ ਹੇਜ ਦਾ ਨੋਟਿਸ ਲੈਂਦਿਆਂ ਕਿਹਾ ਕਿ ਅਕਾਲੀ, ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਦੇ ਰਾਜ 'ਚ ਲਤੀਫ਼ਪੁਰੇ ਦੇ ਲੋਕਾਂ ਨੂੰ ਉਜਾੜਨ ਦੀ ਸਾਜ਼ਸ਼ ਨੂੰ ਅੱਗੇ ਵਧਾਇਆ ਗਿਆ, ਇਸ ਲਈ ਇਨ੍ਹਾਂ ਦੀ ਹਮਦਰਦੀ ਝੂਠੀ ਹੈ। ਰਿਪੋਰਟ ਕਹਿੰਦੀ ਹੈ ਕਿ ਜੇ ਇੰਪਰੂਵਮੈਂਟ ਟਰੱਸਟ ਨਾਲ ਸੰਬੰਧਤ ਜਿਨ੍ਹਾਂ ਧਾਂਦਲੀਆਂ ਦੀ ਜਾਂਚ ਵਿਜੀਲੈਂਸ ਵਿਭਾਗ ਵੱਲੋਂ ਕੀਤੀ ਜਾ ਰਹੀ ਜਾਂਚ ਜੇ ਸਹੀ ਤਰੀਕੇ ਨਾਲ ਮੁਕੰਮਲ ਹੋ ਜਾਂਦੀ ਹੈ ਤਾਂ ਇੰਪਰੂਵਮੈਂਟ ਟਰੱਸਟ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਦਾਅਵਿਆਂ ਦੀ ਸਚਾਈ ਸਾਹਮਣੇ ਆ ਸਕਦੀ ਹੈ ਕਿ ਇੱਥੇ ਕਿਹੜੇ ਕਿਹੜੇ ਕਬਜ਼ੇ ਨਜਾਇਜ਼ ਹਨ ਅਤੇ ਟਰੱਸਟ ਨੇ ਇੱਥੇ ਕਿਹੜਾ ਰਕਬਾ ਐਕਵਾਇਰ ਕੀਤਾ ਸੀ। ਰਿਪੋਰਟ ਕਹਿੰਦੀ ਹੈ ਕਿ ਜੇ ਆਈ ਟੀ ਵੱਲੋਂ 120 ਫੁੱਟ ਸੜਕ ਖਾਲੀ ਕਰਾਉਣ ਲਈ ਬੁਲਡੋਜ਼ਰ ਚਲਾ ਕੇ 300 ਫੁੱਟ ਤੱਕ ਪੂਰਾ ਮੁਹੱਲਾ ਹੀ ਢਹਿਢੇਰੀ ਕਰ ਦੇਣ ਦੀ ਕੋਈ ਵਾਜਬੀਅਤ ਨਹੀਂ ਬਣਦੀ, ਜਿੱਥੇ 60 ਫੁੱਟ ਸੜਕ ਅਜੇ ਵੀ ਮੌਜੂਦ ਹੈ। ਸਭਾ ਦੇ ਆਗੂਆਂ ਨੇ ਦੱਸਿਆ ਕਿ ਜਲਦੀ ਹੀ ਮੁਕੰਮਲ ਰਿਪੋਰਟ ਵੀ ਜਾਰੀ ਕੀਤੀ ਜਾਵੇਗੀ। ਟੀਮ ਨੇ ਮੰਗ ਕੀਤੀ ਹੈ ਕਿ ਸਥਾਨਕ ਲੋਕਾਂ ਦੀ ਮੰਗ ਅਨੁਸਾਰ ਜੇ ਆਈ ਟੀ ਵੱਲੋਂ ਅਵਾਰਡ ਤਹਿਤ ਐਕਵਾਇਰ ਕੀਤੀ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ ਜਾਵੇ ਤਾਂ ਜੋ ਸਚਾਈ ਪਤਾ ਲੱਗ ਸਕੇ ਕਿ ਅਸਲ ਐਕਵਾਇਰ ਕੀਤਾ ਰਕਬਾ ਕਿੰਨਾ ਹੈ ਅਤੇ ਇਸ ਵਿੱਚ ਕਿੱਥੇ ਕਿੱਥੇ ਕੀ ਕੀ ਹੇਰਾਫੇਰੀ ਕੀਤੀ ਗਈ ਹੈ। ਰਕਬੇ ਦੀ ਮਿਣਤੀ ਕਰਕੇ ਅਸਲ ਨਜਾਇਜ਼ ਉਸਾਰੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਅਤੇ ਆਮ ਲੋਕਾਂ ਨੂੰ ਨਜਾਇਜ਼ ਉਸਾਰੀਆਂ ਕਰਨ ਵਾਲੇ ਕਹਿ ਕੇ ਭੰਡਣ ਦਾ ਬਿਰਤਾਂਤ ਬੰਦ ਕੀਤਾ ਜਾਵੇ। ਸੱਤ ਦਹਾਕਿਆਂ ਤੋਂ ਉੱਥੇ ਰਹਿ ਰਹੇ ਲੋਕ ਕਾਨੂੰਨੀ ਤੌਰ 'ਤੇ ਮਾਲਕ ਸਵੀਕਾਰ ਕੀਤੇ ਜਾਣ ਦੇ ਹੱਕਦਾਰ ਹਨ। ਉਨ੍ਹਾਂ ਦਾ ਮਾਲਕੀ ਦਾ ਹੱਕ ਮੰਨਿਆ ਜਾਵੇ ਅਤੇ ਸਰਕਾਰੀ ਰਿਕਾਰਡ 'ਚ ਉਨ੍ਹਾਂ ਦੀ ਮਾਲਕੀ ਬਾਕਾਇਦਾ ਰੂਪ 'ਚ ਦਰਜ ਕੀਤੀ ਜਾਵੇ। ਢਾਹੇ ਗਏ ਸਾਰੇ ਹੀ ਮਕਾਨਾਂ ਦਾ ਉਚਿਤ ਮੁਆਵਜ਼ਾ ਦਿੱਤਾ ਜਾਵੇ। ਬਿਨਾਂ ਨਿਸ਼ਾਨਦੇਹੀ ਕਰਾਏ ਮਕਾਨਾਂ ਨੂੰ ਅਦਾਲਤੀ ਹੁਕਮ ਦੀ ਤਾਮੀਲ ਦੇ ਨਾਂ 'ਤੇ ਅੰਧਾਧੁੰਦ ਢਾਹੁਣ ਵਾਲੇ ਪ੍ਰਸ਼ਾਸਨਿਕ ਅਤੇ ਟਰੱਸਟ ਦੇ ਅਧਿਕਾਰੀਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਬੇਮੁਹਾਰੇ ਸ਼ਹਿਰੀਕਰਨ ਦੇ ਵਿਸਤਾਰ ਨੂੰ ਸਖ਼ਤੀ ਨਾਲ ਨਿਯਮਿਤ ਕੀਤਾ ਜਾਵੇ। ਜਲੰਧਰ 'ਚ ਮਿਊਂਸਪਲ ਕਾਰਪੋਰੇਸ਼ਨ, ਇੰਪਰੂਵਮੈਂਟ ਟਰੱਸਟ ਅਤੇ ਸ਼ਹਿਰੀਕਰਨ ਨੂੰ ਨਿਯਮਤ ਕਰਨ ਨਾਲ ਸੰਬੰਧਤ ਹੋਰ ਸਰਕਾਰੀ ਅਦਾਰਿਆਂ ਦੇ ਭ੍ਰਿਸ਼ਟ ਹਿੱਸਿਆਂ ਸਮੇਤ ਕਥਿਤ ਅਣਅਧਿਕਾਰਤ ਕਲੋਨੀਆਂ ਬਣਾ ਕੇ ਮੁਨਾਫ਼ੇ ਕਮਾਉਣ ਵਾਲੇ ਮਾਫ਼ੀਆ ਦੀ ਜਵਾਬਦੇਹੀ ਕੀਤੀ ਜਾਵੇ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ । ਵਿਕਾਸ ਦਾ ਮੂਲ ਮਨੋਰਥ ਮਨੁੱਖੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਹੈ। ਇਸ ਲਈ, ਮਿਊਂਸਪਲ ਕਾਰਪੋਰੇਸ਼ਨ ਵੱਲੋਂ ਸ਼ਹਿਰ ਦੇ ਸਾਰੇ ਹੀ ਹਿੱਸਿਆਂ ਵਿਚ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਮੁਢਲੀਆਂ ਲੋੜਾਂ, ਸੀਵਰ, ਪੀਣ ਵਾਲਾ ਪਾਣੀ, ਪੱਕੀਆਂ ਗਲੀਆਂ, ਕੂੜੇ ਦਾ ਨਿਪਟਾਰਾ ਆਦਿ ਤੁਰੰਤ ਮੁਹੱਈਆ ਕਰਾਈਆਂ ਜਾਣ। ਲਤੀਫ਼ਪੁਰੇ 'ਚ ਗਾਹਲਾਂ ਕੱਢਣ ਅਤੇ ਬਦਤਮੀਜ਼ੀ ਕਰਨ ਵਾਲੇ ਡੀ ਸੀ ਪੀ ਜਸਕਿਰਨਜੀਤ ਸਿੰਘ ਤੇਜਾ ਨੂੰ ਤੁਰੰਤ ਨੌਕਰੀ ਤੋਂ ਮੁਅੱਤਲ ਕੀਤਾ ਜਾਵੇ।

# ਬਾਬਾ ਮੋਤੀ ਰਾਮ ਮਹਿਰਾ ਤੇ ਦੀਵਾਨ ਟੋਡਰ ਮੱਲ ਦੀ ਮਹਾਨ ਸੇਵਾ ਨੂੰ ਸਮਰਪਤ ਗੁਰਮਤਿ ਸਮਾਗਮ



**ਮੋਹਾਲੀ ( ਗੁਰਜੀਤ ਬਿੱਲਾ )** : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬਾਬਾ ਮੋਤੀ ਰਾਮ ਜੀ ਮਹਿਰਾ ਅਤੇ ਦੀਵਾਨ ਟੋਡਰ ਮੱਲ ਜੀ ਦੀ ਮਹਾਨ ਸੇਵਾ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਦਿਹਾੜੇ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਪਰਵੀਨ ਸਿੰਘ ਜੀ ਪ੍ਰੀਤ ਦੇ ਢਾਡੀ ਜੱਥੇ ਨੇ ਬਾਬਾ ਮੋਤੀ ਰਾਮ ਜੀ ਮਹਿਰਾ ਵਲੋ ਸੂਬਾ ਸਰਹਿੰਦ ਦੀ ਕੇਦ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਦੁੱਧ ਪਿਲਾਉਣ ਦੀ ਸੇਵਾ ਕਰਨ ਦਾ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਸੁਣਾਇਆ ਉਨਾਂ ਇਹ ਵੀ ਦਸਿਆ ਕਿ ਮੁਗਲ ਹਕੂਮਤ ਨੇ ਉਨਾ ਨੂੰ ਇਹ ਸੇਵਾ ਕਰਨ ਬਦਲੇ ਸਮੇਤ ਪਰਵਾਰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕੀਤਾ। ਭਾਈ ਜਬਰਤੋੜ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਸੁਨਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਜੀ ਲੁਧਿਆਣੇ ਵਾਲਿਆਂ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਦੀਵਾਨ ਟੋਡਰ ਮੱਲ ਜੀ ਵਲੋਂ ਮੁਗਲ ਹਕੂਮਤ ਤੋ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਸੰਸਕਾਰ ਲਈ ਸੋਨੇ ਦੀਆਂ ਮੋਹਰਾਂ ਖੜੀਆਂ ਕਰਕੇ ਦੁਨੀਆਂ ਦੀ ਸਭ ਤੋਂ ਮਹਿੰਗੀ ਜੱਗਾ ਖਰੀਦ ਕੇ ਸੰਸਕਾਰ ਕਰਨ ਦੇ ਪ੍ਰਸੰਗ ਨੂੰ ਵਿਸਥਾਰ ਸਾਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਗੁਰਬਖਸ਼ ਸਿੰਘ ਸ਼ਾਂਤ, ਭਾਈ ਹਰਵਿੰਦਰ ਸਿੰਘ, ਭਾਈ ਵਰਿੰਦਰ ਸਿੰਘ , ਭਾਈ ਹਰਸਿਮਰਨਜੀਤ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਸਰੂਪ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ, ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ।

1-January-PAGE-4-2.qxd 1/1/2023 8:27 PM Page 1

ਨਵਾਂ ਜ਼ਮਾਨਾ

ਸੋਮਵਾਰ, 2 ਜਨਵਰੀ 2023

# ਭਾਜਪਾ ਦੇ ਵਾਰੇ ਨਿਆਰੇ

*ਭਾਜਪਾ ਦੀ ਕੇਂਦਰ ਸਰਕਾਰ ਪੂਰੀ ਤਰ੍ਹਾਂ ਕਾਰਪੋਰੇਟਾਂ ਦੀ ਸਰਕਾਰ ਹੈ। ਕਾਰਪੋਰੇਟ ਭਾਜਪਾ ਨੂੰ ਸੱਤਾ ਹਾਸਲ ਕਰਨ ਦੀ ਲੜਾਈ ਵਿੱਚ ਦਿਲ ਖੋਲ੍ਹ ਕੇ ਚੋਣ ਚੰਦਾ ਦਿੰਦੇ ਹਨ। ਕੁਝ ਸਿੱਧੇ ਤੇ ਕੁਝ ਲੁਕਵੇਂ ਤੌਰ ਉੱਤੇ ਮਿਲਣ ਵਾਲੇ ਇਸ ਚੰਦੇ ਦੇ ਆਸਰੇ ਭਾਜਪਾ ਚੋਣਾਂ ਵਿੱਚ ਮਣਾਂ-ਮੂੰਹੀਂ ਧਨ ਦੀ ਵਰਤੋਂ ਕਰਦੀ ਹੈ। ਇਸ ਦੇ ਬਦਲੇ ਕਾਰਪੋਰੇਟ ਪਿੱਛੇ ਬੈਠ ਕੇ ਸਰਕਾਰ ਚਲਾਉਂਦੇ ਹਨ। ਉਨ੍ਹਾਂ ਦੇ ਇਸ਼ਾਰੇ ਉੱਤੇ ਉਹ ਆਰਥਿਕ ਨੀਤੀਆਂ ਘੜੀਆਂ ਜਾਂਦੀਆਂ ਹਨ, ਜਿਹੜੀਆਂ ਕਾਰਪੋਰੇਟਾਂ ਲਈ ਲੋਕਾਂ ਦੀ ਲੁੱਟ ਦਾ ਵਸੀਲਾ ਬਣ ਸਕਣ। ਕਿਰਤੀਆਂ ਦੇ ਜਮਹੂਰੀ ਹੱਕਾਂ ਉੱਤੇ ਡਾਕੇ, ਜਨਤਕ ਜਾਇਦਾਦਾਂ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਤੇ ਵਣ ਸੰਪਤੀ ਦੀ ਤਬਾਹੀ ਦੀ ਖੁੱਲ੍ਹ ਦੇ ਕੇ ਇਹ ਸਰਕਾਰ ਕਾਰਪੋਰੇਟਾਂ ਦਾ ਕਰਜ਼ਾ ਉਤਾਰਦੀ ਰਹਿੰਦੀ ਹੈ।*

*ਇਹ ਕਾਰਪੋਰੇਟ ਭਾਜਪਾ ਦੀ ਝੋਲੀ ਧਨ ਨਾਲ ਕਿੱਦਾਂ ਭਰਦੇ ਹਨ, ਇਸ ਦਾ ਖੁਲਾਸਾ ਚੋਣ ਸੁਧਾਰਾਂ ਬਾਰੇ ਸੰਸਥਾ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕਸ ਰਿਫਾਰਮਸ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕੀਤਾ ਹੈ। ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਲਈ ਭਾਜਪਾ ਸਰਕਾਰ ਨੇ ਚੋਣ ਟਰੱਸਟ ਦਾ ਗਠਨ ਕੀਤਾ ਸੀ। ਕਾਰਪੋਰੇਟ ਬਿਨਾਂ ਆਪਣੀ ਪਛਾਣ ਉਜਾਗਰ ਕੀਤੇ ਇਸ ਚੋਣ ਟਰੱਸਟ ਰਾਹੀਂ ਆਪਣੀ ਮਨਪਸੰਦ ਪਾਰਟੀ ਨੂੰ ਚੋਣ ਚੰਦਾ ਦੇ ਸਕਦੇ ਹਨ।*

*ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕਸ ਰਿਫਾਰਮਸ ਦੀ ਰਿਪੋਰਟ ਮੁਤਾਬਕ 2021-22 ਵਿੱਚ ਕਾਰਪੋਰੇਟਾਂ ਤੇ ਹੋਰ ਧਨ ਕੁਬੇਰਾਂ ਵੱਲੋਂ ਚੋਣ ਟਰੱਸਟ ਰਾਹੀਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ 487.06 ਕਰੋੜ ਰੁਪਏ ਦਿੱਤੇ ਗਏ ਸਨ। ਇਨ੍ਹਾਂ ਵਿੱਚ ਸਭ ਤੋਂ ਵੱਧ ਭਾਜਪਾ ਨੂੰ 351.50 ਕਰੋੜ ਰੁਪਏ ਦਿੱਤੇ ਗਏ, ਜੋ ਕੁੱਲ ਚੰਦੇ ਦਾ 72.17 ਫ਼ੀਸਦੀ ਬਣਦਾ ਹੈ। ਉਸ ਤੋਂ ਬਾਅਦ ਤੇਲੰਗਾਨਾ ਰਾਸ਼ਟਰ ਸਮਿਤੀ ਨੂੰ 40 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 27 ਕਰੋੜ ਰੁਪਏ, ਆਮ ਆਦਮੀ ਪਾਰਟੀ ਨੂੰ 21.12 ਕਰੋੜ ਰੁਪਏ, ਵਾਈ ਐੱਸ ਆਰ ਕਾਂਗਰਸ ਨੂੰ 20 ਕਰੋੜ ਰੁਪਏ ਤੇ ਕਾਂਗਰਸ ਪਾਰਟੀ ਨੂੰ 18.44 ਕਰੋੜ ਰੁਪਏ ਮਿਲੇ ਸਨ। ਇਸ ਤੋਂ ਬਿਨਾਂ ਅਕਾਲੀ ਦਲ ਨੂੰ 7 ਕਰੋੜ ਰੁਪਏ, ਪੰਜਾਬ ਲੋਕ ਕਾਂਗਰਸ ਪਾਰਟੀ ਨੂੰ ਇੱਕ ਕਰੋੜ ਰੁਪਏ, ਗੋਆ ਫਾਰਵਰਡ ਪਾਰਟੀ ਨੂੰ 50 ਲੱਖ ਤੇ ਡੀ ਐੱਮ ਕੇ ਨੂੰ 50 ਲੱਖ ਚੰਦਾ ਮਿਲਿਆ ਸੀ।*

*ਇਸ ਰਿਪੋਰਟ ਮੁਤਾਬਕ 475.80 ਕਰੋੜ ਦਾ ਚੰਦਾ 89 ਕਾਰਪੋਰੇਟਾਂ ਜਾਂ ਕਾਰੋਬਾਰੀ ਘਰਾਣਿਆਂ ਵੱਲੋਂ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ 40 ਧਨਕੁਬੇਰ ਵਿਅਕਤੀਆਂ ਨੇ ਵੀ 11 ਕਰੋੜ ਰੁਪਏ ਤੋਂ ਵੱਧ ਦਾ ਚੋਣ ਚੰਦਾ ਦਿੱਤਾ ਸੀ। ਪਿਛਲੇ ਵਿੱਤੀ ਵਰ੍ਹੇ ਦੀ ਤੁਲਨਾ ਵਿੱਚ ਇਸ ਵਾਰ ਭਾਜਪਾ ਦੀ ਚੋਣ ਚੰਦੇ ਦੀ ਹਿੱਸੇਦਾਰੀ ਵਿੱਚ 10 ਫ਼ੀਸਦੀ ਕਮੀ ਆਈ ਹੈ। ਪਿਛਲੇ ਵਿੱਤੀ ਵਰ੍ਹੇ ਦੌਰਾਨ ਭਾਜਪਾ ਨੂੰ ਕੁੱਲ ਚੋਣ ਚੰਦੇ ਵਿੱਚੋਂ 82.05 ਫੀਸਦੀ ਹਿੱਸੇਦਾਰੀ ਮਿਲੀ ਸੀ ਤੇ ਇਸ ਵਾਰ ਉਸ ਨੂੰ 72.17 ਫ਼ੀਸਦੀ ਹਿੱਸਾ ਮਿਲਿਆ ਹੈ। ਇਸ ਦੇ ਬਾਵਜੂਦ ਭਾਜਪਾ ਨੂੰ ਪਿਛਲੇ ਵਿੱਤੀ ਵਰ੍ਹੇ ਦੌਰਾਨ ਮਿਲੇ ਚੋਣ ਚੰਦੇ ਦੀ ਰਕਮ ਵਿੱਚ ਇਸ ਵਾਰ 130 ਕਰੋੜ ਦਾ ਵਾਧਾ ਹੋਇਆ ਹੈ, ਕਿਉਂਕਿ ਇਕੱਤਰ ਚੋਣ ਚੰਦੇ ਦੀ ਰਕਮ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਦਾ ਇੱਕ ਹੋਰ ਕਾਰਨ ਵੀ ਹੈ। ਉਹ ਇਹ ਕਿ ਕੇਂਦਰ ਵੱਲੋਂ ਚੋਣ ਟਰੱਸਟ ਲਈ ਬਣਾਏ ਨਿਯਮਾਂ ਅਨੁਸਾਰ ਉਸ ਨੇ ਇੱਕ ਵਿੱਤੀ ਵਰ੍ਹੇ ਦੌਰਾਨ ਕੁੱਲ ਜਮ੍ਹਾਂ ਚੰਦੇ ਦਾ 95 ਫ਼ੀਸਦੀ ਸਿਆਸੀ ਪਾਰਟੀਆਂ ਨੂੰ ਦੇਣਾ ਹੁੰਦਾ ਹੈ, ਪਰ ਇਸ ਵਾਰ ਉਸ ਵੱਲੋਂ 99.99 ਫ਼ੀਸਦੀ ਵੰਡ ਦਿੱਤਾ ਗਿਆ ਹੈ।*

*ਭਾਰਤੀ ਜਨਤਾ ਪਾਰਟੀ ਨੂੰ ਚੋਣ ਟਰੱਸਟ ਰਾਹੀਂ ਮਿਲੇ ਚੰਦੇ ਤੋਂ ਇਲਾਵਾ 20 ਹਜ਼ਾਰ ਤੋਂ ਵੱਧ ਚੰਦਾ ਦੇਣ ਵਾਲੇ ਵਿਅਕਤੀਆਂ ਤੇ ਵਪਾਰਕ ਅਦਾਰਿਆਂ ਰਾਹੀਂ ਵੀ 263.02 ਕਰੋੜ ਰੁਪਏ ਚੰਦਾ ਮਿਲਿਆ ਹੈ। ਇਸ ਦਾ ਜ਼ਿਕਰ ਉਸ ਨੇ ਚੋਣ ਕਮਿਸ਼ਨ ਨੂੰ ਪੇਸ਼ ਕੀਤੀ ਆਪਣੀ ਰਿਪੋਰਟ ਵਿੱਚ ਕੀਤਾ। ਇਸ ਤਰ੍ਹਾਂ ਚਾਲੂ ਵਿੱਤੀ ਵਰ੍ਹੇ ਦੌਰਾਨ ਭਾਜਪਾ ਨੂੰ ਧਨਕੁਬੇਰਾਂ ਤੋਂ ਕੁਲ 614.52 ਕਰੋੜ ਰੁਪਏ ਚੰਦਾ ਮਿਲਿਆ ਹੈ। ਵੀਹ ਹਜ਼ਾਰ ਤੋਂ ਘੱਟ ਚੰਦਾ ਦੇਣ ਵਾਲਿਆਂ ਦਾ ਅੰਕੜਾ ਇਸ ਵਿੱਚ ਨਹੀਂ ਹੈ।*

# ਕੇਂਦਰੀ ਤੇ ਰਾਜ ਸਰਕਾਰੀ ਮੁਲਾਜ਼ਮ ਦੇਸ਼-ਵਿਆਪੀ ਸੰਘਰਸ਼ਾਂ ਦੇ ਰਾਹ


ਵੇਦ ਪ੍ਰਕਾਸ਼

ਕੇਂਦਰੀ ਤੇ ਰਾਜ ਸਰਕਾਰੀ ਮੁਲਾਜ਼ਮਾਂ ਨੇ ਦੇਸ਼-ਵਿਆਪੀ ਅੰਦੋਲਨ ਦੇ ਰਾਹ ਪੈਣ ਦਾ ਫੈਸਲਾ ਕੀਤਾ ਹੈ। ਕੁਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਅਤੇ ਕਨਫੈਡਰੇਸ਼ਨ ਆਫ ਸੈਂਟਰਲ ਗਵਰਨਮੈਂਟ ਇੰਪਲਾਈਜ਼ ਐਂਡ ਵਰਕਰਜ਼ ਵੱਲੋਂ ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ 8 ਦਸੰਬਰ ਨੂੰ ਸੰਮੇਲਨ ਮੌਕੇ ਇਹ ਐਲਾਨ ਸਾਂਝੇ ਤੌਰ 'ਤੇ ਕੀਤਾ ਗਿਆ। ਇਹ ਦੇਸ਼-ਵਿਆਪੀ ਸੰਘਰਸ਼ ਕੇਂਦਰੀ ਤੇ ਰਾਜ ਸਰਕਾਰੀ ਮੁਲਾਜ਼ਮਾਂ, ਮਜ਼ਦੂਰਾਂ ਅਤੇ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਲਈ ਕੀਤਾ ਜਾ ਰਿਹਾ ਹੈ।

ਅੰਤਰ-ਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਦਬਾਅ ਹੇਠ 1990 ਤੋਂ ਲਾਗੂ ਨਵਉਦਾਰਵਾਦੀ ਆਰਥਕ ਨੀਤੀਆਂ ਨੇ ਪਬਲਿਕ ਸੈਕਟਰ ਵੱਲੋਂ ਦੇਸ਼ ਦੇ ਵਿਕਾਸ ਵੱਜੋਂ ਪਾਏ ਜਾਂਦੇ ਯੋਗਦਾਨ ਨੂੰ ਮੁਕੰਮਲ ਰੂਪ ਵਿੱਚ ਨਕਾਰ ਦਿੱਤਾ। ਵਿਕਾਸ ਦੇ ਨਾਂਅ ਹੇਠ ਲਾਗੂ ਕੀਤੀਆਂ ਨਿੱਜੀਕਰਨ ਦੀਆਂ ਨੀਤੀਆਂ ਨੇ ਸਮੁੱਚੀਆਂ ਲੋਕ ਸੇਵਾਵਾਂ ਨੂੰ ਪ੍ਰਭਾਵਤ ਕੀਤਾ ਅਤੇ ਦੇਸ਼ ਦੀ ਅਰਥ ਵਿਵਸਥਾ ਨੂੰ ਤਬਾਹ ਕਰ ਕੇ ਰੱਖ ਦਿੱਤਾ। ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਸਰਕਾਰੀ ਸੇਵਾਵਾਂ ਨਾਲ ਹੀ ਹੁੰਦਾ ਹੈ। ਸਰਕਾਰੀ ਮੁਲਾਜ਼ਮਾਂ ਦੇ ਕੰਮਾਂ ਰਾਹੀਂ ਹੀ ਸਰਕਾਰ ਦੀ ਜਵਾਬਦੇਹੀ ਤਹਿ ਹੁੰਦੀ ਹੈ। ਚਾਹੀਦਾ ਤਾਂ ਇਹ ਸੀ ਕਿ ਸਮਾਜ ਦੇ ਬਹੁਪੱਖੀ ਵਿਕਾਸ ਲਈ ਸੇਵਾਵਾਂ ਵਿੱਚ ਹੋਰ ਸੁਧਾਰ ਤੇ ਵਿਕਾਸ ਕੀਤਾ ਜਾਂਦਾ, ਪਰ ਇਨ੍ਹਾਂ ਨੀਤੀਆਂ ਨੇ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਕਰ ਕੇ ਸਰਕਾਰੀ ਸੇਵਾਵਾਂ ਨੂੰ ਖਾਤਮੇ ਦੇ ਰਾਹ ਤੋਰ ਦਿੱਤਾ। ਕੇਂਦਰੀ ਵਿਭਾਗਾਂ ਅਧੀਨ ਕੋਈ ਦਸ ਲੱਖ ਤੋਂ ਜ਼ਿਆਦਾ ਅਸਾਮੀਆਂ ਖਾਲੀ ਹਨ। ਸੂਬਾ ਸਰਕਾਰਾਂ ਅਧੀਨ ਵੀ ਲੱਖਾਂ ਅਸਾਮੀਆਂ ਖਾਲੀ ਹਨ। ਵੱਖ-ਵੱਖ ਰਾਜਾਂ ਅੰਦਰ 50 ਫੀਸਦੀ ਤੋਂ ਜ਼ਿਆਦਾ ਕੱਚੇ ਜਾਂ ਠੇਕਾ ਅਧਾਰਤ ਮੁਲਾਜ਼ਮ ਹਨ। ਪੂਰੇ-ਪੂਰੇ ਗ੍ਰੇਡਾਂ ਉਤੇ ਨਿਯੁਕਤੀਆਂ ਦੀ ਥਾਂ ਨਵੀਆਂ ਨਿਯੁਕਤੀਆਂ ਠੇਕਾ, ਆਊਟ ਸੋਰਸਿੰਗ ਜਾਂ ਉੱਕਾ-ਪੁੱਕਾ ਤਨਖਾਹ 'ਤੇ ਕੀਤੀਆਂ ਜਾ ਰਹੀਆਂ ਹਨ। ਪਹਿਲਾਂ-ਪਹਿਲ ਹੇਠਲੇ ਪਦਾਂ 'ਤੇ ਠੇਕਾ ਭਰਤੀ ਹੁੰਦੀ ਸੀ, ਹੁਣ ਉੱਚ ਅਸਾਮੀਆਂ 'ਤੇ ਵੀ ਠੇਕਾ ਭਰਤੀ ਕੀਤੀ ਜਾ ਰਹੀ ਹੈ। ਨਵੇਂ ਰੁਜ਼ਗਾਰ ਦੇ ਵਾਅਦੇ ਕਰਨ ਵਾਲੇ ਹਾਕਮਾਂ ਨੇ ਲੱਖਾਂ ਖਾਲੀ ਅਸਾਮੀਆਂ ਹੀ ਸਮਾਪਤ ਕਰ ਦਿੱਤੀਆ ਹਨ।

ਕਿਰਤ ਦੀ ਲੁੱਟ ਕਰਦਿਆਂ ਇੱਕ ਨਵੀਂ ਵੰਨਗੀ ਮਾਣ ਭੱਤਾ ਮੁਲਾਜ਼ਮਾਂ ਦੀ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਤੋਂ ਕੰਮ ਤਾਂ ਕਈ-ਕਈ ਲਏ ਜਾਂਦੇ ਹਨ, ਪਰ ਇੱਕ ਮਜ਼ਦੂਰ ਨੂੰ ਮਿਲਦੀ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾਂਦੀ। ਸਾਡੇ ਪੁਰਖਿਆਂ ਵੱਲੋਂ ਦਹਾਕਿਆਂ ਦੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ ਵੱਖ-ਵੱਖ ਤਰ੍ਹਾਂ ਦੇ ਕੋਈ 40 ਦੇ ਕਰੀਬ ਭੱਤੇ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਬੰਦ ਕਰ ਦਿੱਤੇ ਗਏ ਹਨ। ਭੱਤਿਆਂ ਦੀ ਕਟੌਤੀ ਦੇ ਮਾਮਲੇ ਵਿਚ ਅੰਗਹੀਣ ਅਤੇ ਔਖੀਆਂ ਹਾਲਤਾਂ ਵਿੱਚ ਕੰਮ ਕਰਦੇ ਸੁਰੱਖਿਆ ਕਰਮੀਆਂ ਤੱਕ ਨੂੰ ਵੀ ਨਹੀਂ ਬਖਸ਼ਿਆ ਗਿਆ। ਕੋਰੋਨਾ ਮਹਾਂਮਾਰੀ ਦੌਰਾਨ ਦੇਸ਼ ਨੇ ਸਰਕਾਰੀ ਸਿਹਤ ਸਹੂਲਤਾਂ ਦੀ ਖਸਤਾ ਹਾਲਤ ਵੇਖੀ ਹੈ। ਸਿਹਤ ਕਾਮਿਆਂ ਦੀ ਕਮੀ ਸਨਮੁੱਖ ਔਖੀਆਂ ਹਾਲਤਾਂ ਵਿੱਚ ਕੱਚੇ ਤੌਰ 'ਤੇ ਕੋਰੋਨਾ ਯੋਧੇ ਭਰਤੀ ਕੀਤੇ ਗਏ। ਹਵਾਈ ਜਹਾਜ਼ਾਂ ਰਾਹੀਂ ਇਨ੍ਹਾਂ 'ਤੇ ਫੁੱਲਾਂ ਦੀ ਵਰਖਾ ਤਾਂ ਕੀਤੀ ਗਈ, ਪਰ ਸੇਵਾਵਾਂ ਪੱਕੀਆਂ ਨਹੀਂ ਕੀਤੀਆਂ। ਕਈ ਰਾਜਾਂ ਨੇ ਤਾਂ ਇਨ੍ਹਾਂ ਨੂੰ ਨੌਕਰੀਉਂ ਹੀ ਕੱਢ ਦਿੱਤਾ। ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਅੰਦੋਲਨ ਦੇ ਰਾਹ ਪੈਣਾ ਲਾਜ਼ਮੀ ਹੈ।

ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਨਵਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ, ਜਿਸ ਨੂੰ ਅੱਗੇ ਤੋਰਦਿਆਂ ਐੱਨ.ਡੀ.ਏ. ਦੇ ਸਹਿਯੋਗ ਨਾਲ ਸੰਸਦ ਵਿੱਚ ਪੀ. ਐੱਫ .ਆਰ.ਡੀ.ਏ. ਬਿੱਲ ਪਾਸ ਕਰ ਕੇ ਨਵੀਂ ਪੈਨਸ਼ਨ ਪ੍ਰਣਾਲੀ ਲਾਗੂ ਕਰ ਦਿੱਤੀ ਹੈ। ਪੁਰਾਣੀ ਪੈਨਸ਼ਨ ਪ੍ਰਣਾਲੀ ਨਿਸਚਿਤ ਲਾਭ ਵਾਲੀ ਸਮਾਜਿਕ ਸੁਰੱਖਿਆ ਯੋਜਨਾ ਸੀ, ਜਿਸ ਵਿੱਚ ਮੁਲਾਜ਼ਮਾਂ ਤੋਂ ਯੋਗਦਾਨ ਨਹੀਂ ਲਿਆ ਜਾਂਦਾ ਸੀ। ਨਵੀਂ ਪੈਨਸ਼ਨ ਪ੍ਰਣਾਲੀ ਹਿੱਸੇਦਾਰੀ 'ਤੇ ਅਧਾਰਤ ਹੈ। ਇਸ ਪੈਸੇ ਨੂੰ ਮਾਰਕੀਟ ਵਿੱਚ ਲਾਇਆ ਜਾਂਦਾ ਹੈ ਅਤੇ ਬਾਅਦ 'ਚ ਪੈਨਸ਼ਨ ਦਿੱਤੀ ਜਾਂਦੀ ਹੈ। ਪੀ. ਐੱਫ .ਆਰ .ਡੀ.ਏ. ਬਿੱਲ ਪਾਸ ਹੋਣ ਉਪਰੰਤ ਜਦੋਂ ਕਿਹਾ ਜਾਂਦਾ ਸੀ ਕਿ ਨਵੀਂ ਪੈਨਸ਼ਨ ਸਕੀਮ ਨਾਲ ਨਿਗੂਣੀ ਪੈਨਸ਼ਨ ਮਿਲੇਗੀ ਤਾਂ ਕੋਈ ਸੁਣਨ ਨੂੰ ਤਿਆਰ ਨਹੀਂ ਸੀ। ਅੱਜ ਜਦੋਂ ਸੇਵਾ-ਮੁਕਤੀ 'ਤੇ 1200 ਰੁ., 1700 ਰੁ., 2100 ਰੁ. ਪੈਨਸ਼ਨ ਮਿਲਦੀ ਹੈ ਤਾਂ ਮੁਲਾਜ਼ਮ ਹੈਰਾਨ-ਪਰੇਸ਼ਾਨ ਤੇ ਚਿੰਤਤ ਹਨ। ਪੈਨਸ਼ਨ ਦੀ ਮੰਗ 'ਤੇ ਦੇਸ਼ ਭਰ ਵਿੱਚ ਮੁਲਾਜ਼ਮ ਜਥੇਬੰਦ ਹੋਏ ਹਨ ਅਤੇ ਸੰਘਰਸ਼ਾਂ ਦੇ ਰਾਹ 'ਤੇ ਹਨ। ਸਿੱਟੇ ਵਜੋਂ ਰਾਜਸਥਾਨ, ਛੱਤੀਸਗੜ੍ਹ 'ਤੇ ਝਾਰਖੰਡ ਦੀਆਂ ਸੂਬਾ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਪ੍ਰਣਾਲੀ ਲਾਗੂ ਕਰ ਦਿੱਤੀ ਹੈ। ਪੰਜਾਬ ਦੀ ਸਰਕਾਰ ਨੇ ਵੀ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਅਜਿਹੇ ਵਿੱਚ ਕੇਂਦਰੀ 'ਤੇ ਰਾਜ ਸਰਕਾਰੀ ਮੁਲਾਜ਼ਮਾਂ ਵੱਲੋਂ ਦੇਸ਼-ਵਿਆਪੀ ਅੰਦੋਲਨ ਦਾ ਫੈਸਲਾ ਸਵਾਗਤਯੋਗ ਹੈ।

ਪਬਲਿਕ ਸੈਕਟਰ ਦਾ ਦੇਸ਼ ਦਾ ਸਨਅਤੀਕਰਨ ਕਰਨ ਤੇ ਆਰਥਕ ਤੌਰ 'ਤੇ ਆਤਮ ਨਿਰਭਰ ਬਣਾਉਣ ਵਿੱਚ ਬੜਾ ਵੱਡਾ ਯੋਗਦਾਨ ਰਿਹਾ ਹੈ। ਇਸ ਨਾਲ ਖੇਤਰੀ ਵਿਕਾਸ ਹੋਇਆ ਹੈ, ਪਰ ਇਸ ਨੂੰ ਖਤਮ ਕਰਕੇ ਆਰਥਕ ਹਿੱਤਾਂ 'ਤੇ ਸੱਟ ਮਾਰੀ ਜਾ ਰਹੀ ਹੈ ਅਤੇ ਆਤਮ ਨਿਰਭਰਤਾ ਨੂੰ ਖਤਮ ਕੀਤਾ ਜਾ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਪਬਲਿਕ ਸੈਕਟਰ ਦਾ ਪਸਾਰਾ ਕਰਕੇ ਇਸ ਨੂੰ ਹੋਰ ਮਜ਼ਬੂਤ ਕੀਤਾ ਜਾਂਦਾ। ਨਵੀਆਂ ਭਰਤੀਆਂ ਹੁੰਦੀਆਂ, ਲੋਕਾਂ ਨੂੰ ਹੋਰ ਰੁਜ਼ਗਾਰ ਮਿਲਦਾ ਤਾਂ ਜੋ ਉਨ੍ਹਾਂ ਦੀ ਖਰੀਦ ਸ਼ਕਤੀ ਵਧਦੀ, ਪਰ ਸਰਕਾਰ ਇਸ ਦੇ ਉਲਟ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਸਰਕਾਰੀ ਸੰਪਤੀ ਨੂੰ ਵੇਚਿਆ ਤੇ ਗਹਿਣੇ ਰੱਖਿਆ ਜਾ ਰਿਹਾ ਹੈ। ਕਾਰਪੋਰੇਟਾਂ ਨੂੰ ਸਰਕਾਰੀ ਲੁੱਟ ਦੀ ਖੁੱਲ੍ਹੀ ਛੁੱਟੀ ਅਤੇ ਵੱਧ ਤੋਂ ਵੱਧ ਲਾਭ ਇਕੱਠਾ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਜਨਤਕ ਖੇਤਰ ਦੀਆਂ ਸਾਰੀਆਂ ਸੰਪਤੀਆਂ ਦੇਸ਼ ਦੇ ਲੋਕਾਂ ਦੀਆਂ ਹਨ, ਪਰ ਸਰਕਾਰ ਇਹਨਾਂ ਨੂੰ ਦੇਸ਼ੀ ਵਿਦੇਸ਼ੀ ਕਾਰਪੋਰੇਟਾਂ ਦੇ ਹੱਥਾਂ ਵਿੱਚ ਵੇਚ ਰਹੀ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਨਤਕ ਖੇਤਰ ਨੂੰ ਮੁਦਰੀਕਰਨ ਪਾਈਪ ਲਾਈਨ ਰਾਹੀਂ ਲੰਮੇ ਸਮੇਂ ਲਈ ਪ੍ਰਾਈਵੇਟ ਹੱਥਾਂ 'ਚ ਦੇਣ ਦੇ ਬੜੇ ਗੁਣ ਗਿਣਾਏ ਸਨ, ਪਰ ਇਹ ਨਿਜੀਕਰਨ ਤੋਂ ਵੀ ਭੈੜੀ ਵਿਵਸਥਾ ਹੈ।

ਅੱਜ ਜਦੋਂ ਮਹਿੰਗਾਈ ਸਿਖਰਾਂ ਛੂਹ ਰਹੀ ਹੈ, ਲੋਕਾਂ ਦਾ ਜਿਊਣਾ ਮੁਸ਼ਕਲ ਹੋਇਆ ਪਿਆ ਹੈ। ਇਸ ਵਧ ਰਹੀ ਮਹਿੰਗਾਈ ਅਨੁਸਾਰ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਮਹਿੰਗਾਈ ਭੱਤਾ ਨਹੀਂ ਦਿੱਤਾ ਜਾ ਰਿਹਾ। ਕੇਂਦਰੀ ਹਾਕਮ 8ਵੇਂ ਤਨਖਾਹ ਕਮਿਸ਼ਨ ਦੇ ਗਠਨ ਤੋਂ ਇਨਕਾਰੀ ਹਨ। ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ, ਤਨਖਾਹ ਕਮਿਸ਼ਨ ਵਾਧਾ ਅਤੇ ਕੱਟੇ ਭੱਤੇ ਬਹਾਲ ਕਰਨ ਤੋਂ ਇਨਕਾਰੀ ਕੇਂਦਰ ਸਰਕਾਰ ਕਾਰਪੋਰੇਟਾਂ ਨੂੰ ਕਰੋੜਾਂ ਦੇ ਗੱਫੇ ਪ੍ਰਦਾਨ ਕਰਦੀ ਹੈ। ਗਰੀਬਾਂ ਨੂੰ ਮਿਲੀਆਂ ਸਬਸਿਡੀਆਂ ਵਿੱਚ ਕਟੌਤੀ ਕੀਤੀ ਜਾਂਦੀ ਹੈ, ਪਰ ਧਨਕੁਬੇਰਾਂ ਨੂੰ ਕਰੋੜਾਂ ਰੁਪਏ ਦੀਆਂ ਰਾਹਤਾਂ ਦਿੱਤੀਆਂ ਜਾ ਰਹੀਆਂ ਹਨ। ਕੇਂਦਰੀ ਵਿੱਤ ਰਾਜ ਮੰਤਰੀ ਅਨੁਸਾਰ 50 ਵਪਾਰਕ ਅਦਾਰਿਆਂ ਤੇ ਘਰਾਣਿਆਂ ਨੇ ਬੈਂਕਾਂ ਦੇ 92,570 ਕਰੋੜ ਰੁਪਏ ਵਾਪਸ ਨਹੀਂ ਕੀਤੇ। ਰਿਜ਼ਰਵ ਬੈਂਕ ਆਫ ਇੰਡੀਆ ਨੇ ਇਨ੍ਹਾਂ ਘਰਾਣਿਆਂ ਨੂੰ ਗਬਨਕਾਰ ਗਰਦਾਨਿਆ ਹੈ। ਕੇਂਦਰੀ ਵਿੱਤ ਰਾਜ ਮੰਤਰੀ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ ਬੈਂਕਾਂ ਨੇ 10.1 ਲੱਖ ਕਰੋੜ ਰੁਪਏ ਦੇ ਕਰਜ਼ੇ ਰਾਈਟ ਆਫ਼ (ਮਾਫ਼) ਕੀਤੇ ਹਨ। ਲੋਕਾਂ ਵਿੱਚ ਆਮ ਚਰਚਾ ਹੈ ਕਿ ਜੇ ਆਮ ਨਾਗਰਿਕ ਕਿਸੇ ਬੈਂਕ ਤੋਂ ਕਰਜਾ ਲੈ ਕੇ ਨਾ ਮੋੜੇ ਤਾਂ ਬੈਂਕ ਹਰ ਤਰੀਕੇ ਨਾਲ ਉਸ ਤੋਂ ਕਰਜਾ ਵਸੂਲਣ ਲਈ ਉਸ ਦੀ ਜਾਇਦਾਦ ਦੀ ਕੁਰਕੀ ਕਰਨ ਤੱਕ ਜਾਂਦੇ ਹਨ, ਜਦੋਂ ਕਿ ਵਪਾਰਕ ਘਰਾਣਿਆਂ ਨੂੰ ਪੁਰਾਣੇ ਕਰਜ਼ੇ ਵਾਪਸ ਨਾ ਕਰਨ ਦੇ ਬਾਵਜੂਦ ਨਵੇਂ ਕਰਜ਼ੇ ਦਿੱਤੇ ਜਾਂਦੇ ਹਨ।

ਤਾਲਕਟੋਰਾ ਸਟੇਡੀਅਮ ਵਿੱਖੇ ਕੇਂਦਰੀ ਤੇ ਸੂਬਾਈ ਮੁਲਾਜ਼ਮਾਂ ਨੇ ਮੁੱਖ ਮੰਗਾਂ, ਜਿਨ੍ਹਾਂ ਵਿਚੋਂ ਪੀ.ਐੱਫ.ਆਰ.ਡੀ.ਏ. ਐਕਟ ਅਤੇ ਐੱਨ.ਪੀ.ਐਸ. ਰੱਦ ਕਰਨ, ਹਰ ਤਰ੍ਹਾਂ ਦੇ ਠੇਕਾ, ਆਊਟਸੋਰਸ ਤੇ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ, ਖਾਲੀ ਪਈਆਂ ਅਸਾਮੀਆਂ ਤੇ ਨਵੀਆਂ ਨਿਯੁਕਤੀਆਂ ਪੂਰੇ-ਪੂਰੇ ਗਰੇਡਾਂ ਵੱਚ ਕਰਨ, ਜਨਤਕ ਅਦਾਰਿਆਂ ਅਤੇ ਸਰਕਾਰੀ ਵਿਭਾਗਾਂ ਦਾ ਨਿਜੀਕਰਨ ਬੰਦ ਕਰਨ, ਨਵੇਂ ਤਨਖਾਹ ਕਮਿਸ਼ਨ ਦਾ ਗਠਨ ਕਰਨ, ਰੋਕੇ ਭੱਤੇ ਬਹਾਲ ਕਰਨ, ਮਹਿੰਗਾਈ ਭੱਤਾ ਆਦਿ ਜਾਰੀ ਕਰਨ ਅਤੇ ਯੂਨੀਅਨਾਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਯਕੀਨੀ ਬਣਾਉਣਾ ਆਦਿ ਸ਼ਾਮਿਲ ਹਨ।

ਕੇਂਦਰੀ ਤੇ ਰਾਜ ਸਰਕਾਰੀ ਮੁਲਾਜ਼ਮਾਂ ਨੇ ਦਿੱਲੀ ਵਿਖੇ ਸੰਮੇਲਨ ਮੌਕੇ ਹੇਠ ਲਿਖੇ ਅਨੁਸਾਰ ਸਾਂਝੇ ਸੰਘਰਸ਼ਾਂ ਦਾ ਫੈਸਲਾ ਕੀਤਾ ਹੈ।

* ਦਸੰਬਰ 2022 ਵਿੱਚ ਜੁਆਇੰਟ ਕਮੇਟੀਆਂ ਬਣਾ ਕੇ ਜਨਵਰੀ 2023 ਵਿੱਚ ਰਾਜ ਪੱਧਰੀ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ।
* ਬਜਟ ਸੈਸ਼ਨ 2023 ਮੌਕੇ ਸੰਸਦ ਦੇ ਬਾਹਰ ਧਰਨਾ ਦਿੱਤਾ ਜਾਵੇਗਾ।
* ਫਰਵਰੀ-2023 ਵਿੱਚ ਜ਼ਿਲ੍ਹਾ ਪੱਧਰੀ ਸਾਂਝੀਆਂ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ।
* ਮਾਰਚ/ਅਪ੍ਰੈਲ 2023 ਤਹਿਸੀਲ ਪੱਧਰੀ ਕਨਵੈਨਸ਼ਨਾਂ
* ਮਈ/ਜੂਨ 2023 ਹਰ ਦਫਤਰ, ਸਕੂਲ ਤੇ ਫੀਲਡ ਦੇ ਕੇਂਦਰਾਂ ਤੱਕ ਮੁਹਿੰਮ
* ਜੁਲਾਈ/ਅਗਸਤ 2023 ਵਿੱਚ ਜ਼ਿਲ੍ਹਾ ਕੇਂਦਰਾਂ ਤੱਕ ਵਹੀਕਲ ਮਾਰਚ ਕੀਤੇ ਜਾਣਗੇ
* ਸਤੰਬਰ 2023 ਵਿੱਚ ਦਿੱਲੀ ਵਿਖੇ ਵਿਸ਼ਾਲ ਸੰਸਦ ਮਾਰਚ ਕੀਤਾ ਜਾਵੇਗਾ।

ਅੱਜ ਦੇ ਇਸ ਨਵਉਦਾਰਵਾਦੀ ਯੁੱਗ ਵਿੱਚ ਸੰਗਠਨ ਤੇ ਸੰਘਰਸ਼ ਹੀ ਸਭ ਤੋਂ ਉਤਮ ਹੈ। ਸੰਗਠਨ ਹਾਕਮਾਂ ਨਾਲ ਲੜਨ ਦੀ ਏਜੰਸੀ ਹੈ। ਸਾਨੂੰ ਸੰਘਰਸ਼ਸ਼ੀਲ ਸੰਗਠਨਾਂ ਰਾਹੀਂ ਇਨ੍ਹਾਂ ਨੀਤੀਆਂ ਵਿਰੁੱਧ ਇੱਕਮੁੱਠ ਸੰਘਰਸ਼ਾਂ ਦੇ ਰਾਹ ਪੈਣਾ ਚਾਹੀਦਾ ਹੈ। ਦੁਨੀਆ ਭਰ 'ਚ ਪੂੰਜੀਪਤੀ ਸ਼ਾਸਕ ਸੰਗਠਨਾਂ ਨੂੰ ਖਤਮ ਕਰਨ ਦੇ ਯਤਨ ਕਰਦੇ ਹਨ। ਉਹ ਮਜ਼ਦੂਰ ਨੂੰ ਧਰਮ, ਜਾਤੀ, ਭਾਸ਼ਾ, ਇਲਾਕਾ ਅਤੇ ਅਹੁਦਾ ਆਦਿ ਦੇ ਆਧਾਰ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਸਾਨੂੰ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਕਿਸਾਨ ਅੰਦੋਲਨ ਤੋਂ ਸਿੱਖਿਆ ਲੈ ਕੇ ਇੱਕਮੁੱਠ ਸੰਘਰਸ਼ਾਂ ਦੇ ਰਾਹ ਪੈਣਾ ਪਵੇਗਾ।

***# ਸੰਪਰਕ : 94176-46777***

# ਸਾਵਧਾਨੀ ਹਟੀ, ਦੁਰਘਟਨਾ ਘਟੀ


ਗੋਬਿੰਦਰ ਸਿੰਘ ਢੀਂਡਸਾ

ਸਰਦੀਆਂ ਦੀ ਆਮਦ ਹੋ ਚੁੱਕੀ ਹੈ ਅਤੇ ਧੁੰਦ ਨੇ ਵੀ ਸੰਘਣੀ ਹੋਣਾ ਸ਼ੁਰੂ ਕਰ ਦਿੱਤਾ ਹੈ। ਅਖ਼ਬਾਰਾਂ ਅਤੇ ਚੈਨਲਾਂ ਉੱਪਰ ਰੋਜ਼ਾਨਾ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੇ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਦੇਸ਼ 'ਚ 403116 ਸੜਕ ਹਾਦਸੇ ਵਾਪਰੇ ਅਤੇ 155622 ਮੌਤਾਂ ਹੋਈਆਂ। ਪੰਜਾਬ ਰੋਡ ਸੇਫਟੀ ਅਤੇ ਟ੍ਰੈਫਿਕ ਰਿਸਰਚ ਸੈਂਟਰ ਦੁਆਰਾ ਤਿਆਰ ਕੀਤੀ ਗਈ ਰਿਪੋਰਟ 'ਚ ਕਿਹਾ ਗਿਆ ਹੈ ਕਿ ਪੰਜਾਬ 'ਚ 2011 ਤੋਂ 2020 ਤੱਕ 56,959 ਹਾਦਸੇ ਹੋਏ ਅਤੇ 46,550 ਲੋਕ ਸੜਕ ਹਾਦਸਿਆਂ 'ਚ ਮਾਰੇ ਗਏ। ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ 'ਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ 'ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ।

ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ 'ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜ਼ਿੰਮੇਵਾਰ ਹੈ। ਪੰਜਾਬ 'ਚ ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨਾਂ ਹੈਲਮੈੱਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ ਅਤੇ ਸੂਬੇ 'ਚ ਪੁਲਸ ਪ੍ਰਸ਼ਾਸਨ ਤਰਫੋਂ ਵੀ ਹੈਲਮੈੱਟ ਦਾ ਚਾਲਾਨ ਨਾ ਮਾਤਰ ਹੀ ਹੁੰਦਾ ਹੈ। ਇਹ ਵੀ ਕੋਈ ਅੱਤਕਥਨੀ ਨਹੀਂ ਕਿ ਸੜਕਾਂ ਉੱਤੇ ਵਾਹਨਾਂ ਨੂੰ ਚਲਾ ਰਹੇ ਲੋਕ ਬਹੁਤੇ ਆਵਾਜਾਈ ਦੇ ਨਿਯਮਾਂ ਤੋਂ ਅਣਜਾਣ ਹੀ ਹੁੰਦੇ ਹਨ ਅਤੇ ਪਿੰਡਾਂ ਸ਼ਹਿਰਾਂ 'ਚ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਵਾਹਨ ਚਲਾਉਂਦੇ ਆਮ ਨਜ਼ਰੀਂ ਪੈ ਜਾਂਦੇ ਹਨ।

ਮੌਜੂਦਾ ਸਮੇਂ ਧੁੰਦ ਕਾਰਨ ਵਿਜ਼ੀਵਿਲਿਟੀ ਉਂਝ ਹੀ ਘੱਟ ਹੋ ਜਾਂਦੀ ਹੈ। ਸੋ ਆਵਾਯਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਸਫਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ਼ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ। ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ 'ਚ ਸੀਟ ਬੈਲਟਾਂ ਦੀ ਵਰਤੋਂ, ਚੌਕਾਂ 'ਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚਲਦੇ ਸਮੇਂ ਜ਼ੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ, ਕਿਉਂਕਿ ਕਿਸੇ ਹੋਰ ਥਾਂ ਤੋਂ ਸੜਕ ਪਾਰ ਕਰਨਾ ਦੁਰਘਟਨਾ ਨੂੰ ਸਿੱਧਾ ਸੱਦਾ ਸਾਬਤ ਹੋ ਸਕਦੀ ਹੈ।

ਸਰਦੀਆਂ ਦੇ ਮੌਸਮ 'ਚ ਵੱਖੋ ਵੱਖਰੇ ਸਮਾਗਮ ਚਲਦਿਆਂ ਸੜਕਾਂ 'ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜ੍ਹਾ ਪਿੱਛੇ ਹਟ ਕੇ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ ਉਨ੍ਹਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਸੜਕ ਦੁਰਘਟਨਾ ਨਾ ਵਾਪਰੇ।

ਸਿਹਤ ਪ੍ਰਤੀ ਸੁਚੇਤ ਨਾਗਰਿਕ ਚੰਗੀ ਗੱਲ ਹੈ ਪਰੰਤੂ ਸੜਕਾਂ 'ਤੇ ਸੈਰ ਕਰਨਾ ਕਦੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਇਸ ਲਈ ਮੈਦਾਨ ਜਾਂ ਪਾਰਕ ਆਦਿ ਵਿੱਚ ਸੈਰ, ਟਹਿਲ ਕਦਮੀ ਆਦਿ ਕੀਤੀ ਜਾ ਸਕਦੀ ਹੈ। ਲੋਕਾਂ 'ਚ ਸਵੈ ਜਾਗਰੂਕਤਾ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੀ ਭਾਰੀ ਘਾਟ ਰੜਕਦੀ ਹੈ। ਸੜਕੀ ਨਿਯਮਾਂ ਸੰਬੰਧੀ ਅਣਗਹਿਲੀ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਗਈ ਹੈ ਪਰੰਤੂ ਜਿੱਥੇ ਸਖਤੀ ਹੁੰਦੀ ਹੈ, ਉੱਥੇ ਇਹ ਤੀਰ ਵਾਂਗੂੰ ਸਿੱਧੇ ਹੋ ਜਾਂਦੇ ਹਨ, ਕਿਉਂਕਿ ਚੰਡੀਗੜ੍ਹ 'ਚ ਪ੍ਰਸ਼ਾਸਨਕ ਸਖਤੀ ਦੇ ਚਲਦਿਆਂ ਆਪਣੇ ਵਾਹਨਾਂ ਨੂੰ ਚੰਡੀਗੜ੍ਹ ਦੇ ਖੇਤਰ ਵਿੱਚ ਲੈ ਕੇ ਜਾਂਦਿਆਂ ਹੀ ਇੱਕਦਮ ਜ਼ਿਆਦਾਤਰ ਲੋਕ ਯਾਤਾਯਾਤ ਦੇ ਨਿਯਮਾਂ ਦੀ ਪਾਲਣਾ ਕਰਨ ਲੱਗ ਜਾਂਦੇ ਹਨ ਅਤੇ ਪੰਜਾਬ 'ਚ ਉਹੀ ਨਿਯਮਾਂ ਨੂੰ ਛਿੱਕੇ 'ਤੇ ਟੰਗ ਕੇ ਰੱਖਦੇ ਹਨ।

ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜ਼ਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੌਲਿਆਂ ਕਰਨ ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ 'ਚ ਡ੍ਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜ਼ਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ 'ਚ ਵਹੀਕਲ ਚਲਾਉਣ ਲੱਗਿਆਂ ਪੂਰਾ ਧਿਆਨ ਅੱਗੇ ਰੱਖੋ, ਧੁੰਦ 'ਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ, ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਈਡ 'ਤੇ ਹੀ ਰੋਕੋ । ਵਹੀਕਲ ਚਲਾਉਂਦੇ ਸਮੇਂ ਲਾਈਟਾਂ ਚਲਾ ਕੇ ਰੱਖੋ। ਵਾਹਨਾਂ 'ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ।

ਸੁਰੱਖਿਅਤ ਸਫਰ ਅਤੇ ਸੁਚੱਜੀ ਆਵਾਜਾਈ ਲਈ ਯਾਤਾਯਾਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਲੋਕਾਂ 'ਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਪ੍ਰਸ਼ਾਸਨ ਤਰਫੋਂ ਵਰਤੀ ਜਾਂਦੀ ਢਿੱਲ ਦੀ ਥਾਂ ਪੂਰੀ ਸਖਤੀ ਨੂੰ ਵੀ ਲਾਗੂ ਕੀਤਾ ਜਾਵੇ, ਇਹੀ ਸਮਾਜ ਅਤੇ ਲੋਕਾਂ ਦੇ ਹਿੱਤ ਵਿੱਚ ਹੈ । ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ ।

***#ਸੰਪਰਕ : 92560-66000***

# ਖਪਤਕਾਰ (ਉਪਭੋਗਤਾ) ਸੁਰੱਖਿਆ ਕਾਨੂੰਨ 2019


ਜਗਦੇਵ ਸ਼ਰਮਾ

ਅੱਜ ਜਦੋਂ ਬਾਜ਼ਾਰ ਦਾ ਇੱਕ ਵਰਗ ਸਰਕਾਰੀ ਧਿਰ ਨਾਲ ਮਿਲ ਕੇ ਖਰੀਦ-ਵੇਚ ਸੰਬੰਧੀ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵਿੱਚ ਗਲਤਾਨ ਹੋਵੇ , ਉਦੋਂ ਖਪਤਕਾਰਾਂ ਦੇ ਅਧਿਕਾਰਾਂ ਦਾ ਹਨਣ ਹੋਣਾ ਲਾਜ਼ਮੀ ਹੈ । ਕਾਫੀ ਦੇਰ ਪਹਿਲਾਂ ਖਪਤਕਾਰ ਦੇ ਹੋ ਰਹੇ ਸ਼ੋਸ਼ਣ ਦੇ ਮੱਦੇਨਜ਼ਰ ਅਤੇ ਉਸ ਦੇ ਹਿੱਤਾਂ ਦੀ ਰਾਖੀ ਲਈ ਦੇਸ਼ ਵਿਚ ਇੱਕਸਾਰ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਗਈ ਸੀ । ਖਰੀਦੀ ਗਈ ਵਸਤੂ ਜਾਂ ਸੇਵਾ ਹਰ ਤਰ੍ਹਾਂ ਸੁਰੱਖਿਅਤ ਹੋਵੇ, ਯਾਨੀ ਕਿ ਖਰੀਦਦਾਰ ਨੂੰ ਕਿਸੇ ਤਰ੍ਹਾਂ ਵੀ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣ ਵਾਲੀ ਨਾ ਹੋਵੇ, ਵਸਤੂ ਜਾਂ ਸੇਵਾ ਸੰਬੰਧੀ ਹਰ ਕਿਸਮ ਦੀ ਜਾਣਕਾਰੀ ਖਰੀਦਦਾਰ ਨੂੰ ਉਪਲੱਬਧ ਕਰਵਾਉਣਾ , ਖਰੀਦਦਾਰ ਨੂੰ ਵਸਤੂਆਂ ਵਿੱਚੋਂ ਚੋਣ ਕਰਨ ਦੀ ਸੁਵਿਧਾ ਦੇਣ, ਖਰੀਦ ਕੀਤੀ ਕਿਸੇ ਵੀ ਵਸਤੂ ਜਾਂ ਸੇਵਾ ਸੰਬੰਧੀ ਆਪਣੀ ਸਿਕਾਇਤ ਕਰਨ ਦਾ ਅਧਿਕਾਰ ਅਤੇ ਸਿਕਾਇਤ ਦੀ ਉਪਯੁਕਤ ਸਮਾਂ ਸੀਮਾ ਵਿੱਚ ਨਿਪਟਾਰੇ ਦੇ ਪੰਜ ਉਦੇਸ਼ ਸਾਹਮਣੇ ਰੱਖ ਕੇ ਕੇਂਦਰ ਸਰਕਾਰ ਨੇ ਪਾਰਲੀਮੈਂਟ ਵਿੱਚੋਂ ਖਪਤਕਾਰ ਸੁਰੱਖਿਆ ਕਾਨੂੰਨ (ਕੰਜਿਊਮਰ ਪ੍ਰੋਟੈਕਸ਼ਨ ਐਕਟ) ਅਕਤੂਬਰ 1986 ਵਿੱਚ ਪਾਸ ਕਰਵਾਇਆ ਸੀ ਅਤੇ 24 ਦਸੰਬਰ 1986 ਤੋਂ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ ਸੀ । ਸਮੇਂ ਦੇ ਲੰਘਣ ਨਾਲ ਸੂਚਨਾ ਅਤੇ ਤਕਨਾਲੋਜੀ ਨੇ ਬੇਸ਼ੁਮਾਰ ਤਰੱਕੀ ਕਰ ਲਈ ਹੈ । ਇਸ ਤਰੱਕੀ ਕਾਰਨ ਬਾਜ਼ਾਰ ਵਿੱਚ ਖਰੀਦ-ਵੇਚ ਦੇ ਨਵੇਂ-ਨਵੇਂ ਢੰਗ-ਤਰੀਕੇ ਇਜਾਦ ਹੋਏ ਹਨ । ਖਰੀਦੀ ਗਈ ਚੀਜ ਦੀ ਕੀਮਤ ਦੀ ਅਦਾਇਗੀ ਦੇ ਨਵੇਂ ਨਵੇਂ ਢੰਗ ਤਰੀਕੇ ਆ ਗਏ ਹਨ । ਇਸ ਤਰੱਕੀ ਦੇ ਮੱਦੇਨਜ਼ਰ 1986 ਵਾਲੇ ਕਾਨੂੰਨ ਵਿੱਚ ਬਦਲਾਅ ਦੀ ਜ਼ਰੂਰਤ ਮਹਿਸੂਸ ਕੀਤੀ ਗਈ । ਇਸ ਮਕਸਦ ਦੀ ਪੂਰਤੀ ਲਈ ਹੀ 2019 ਵਿੱਚ ਇਸ ਐਕਟ ਦੇ ਬਦਲ ਵਜੋਂ ਖਪਤਕਾਰ ਸੁਰੱਖਿਆ ਕਾਨੂੰਨ 2019 ਲਿਆਂਦਾ ਗਿਆ ਹੈ ਅਤੇ ਕਿਉਂਕਿ ਵਰਤਮਾਨ ਵਿੱਚ ਇਸੇ ਕਾਨੂੰਨ ਦੀਆਂ ਵੱਖ-ਵੱਖ ਮੱਦਾਂ ਸਾਰੇ ਦੇਸ਼ ਵਿੱਚ ਪ੍ਰਭਾਰੀ ਹਨ, ਇਸ ਲਈ ਪਾਠਕਾਂ ਦੀ ਜਾਣਕਾਰੀ ਹੇਤੂ ਇਸ ਐਕਟ ਦੀ ਜਾਣਕਾਰੀ ਮੁਹੱਈਆ ਕਾਰਵਾਈ ਗਈ ਹੈ ।

### ਉਪਭੋਗਤਾ ਨੂੰ ਪਰਿਭਾਸ਼ਤ ਕਰਦਿਆਂ

ਇਸ ਐਕਟ ਦੇ ਸੈਕਸ਼ਨ 2 (7) ਮੁਤਾਬਿਕ ਹਰ ਉਹ ਆਦਮੀ ਜਿਸ ਨੇ ਕੀਮਤ ਤਾਰ ਕੇ ਕੋਈ ਸੇਵਾ ਜਾਂ ਵਸਤੂ ਆਪਣੇ ਖੁਦ ਦੀ ਵਰਤੋਂ ਲਈ ਖਰੀਦੀ ਹੋਵੇ, ਉਪਭੋਗਤਾ ਕਹਿਲਾਉਂਦਾ ਹੈ। ਯਾਨੀ ਕਿ ਉਸ ਨੇ ਇਹ ਵਸਤੂ ਜਾਂ ਸੇਵਾ ਅੱਗੇ ਵਿੱਕਰੀ ਜਾਂ ਵਪਾਰਕ ਮਕਸਦ ਲਈ ਖਰੀਦ ਨਾ ਕੀਤੀ ਹੋਵੇ ਅਤੇ ਮੁਫਤ ਜਾਂ ਗਿਫਟ ਦੇ ਤੌਰ 'ਤੇ ਵੀ ਪ੍ਰਾਪਤ ਨਾ ਕੀਤੀ ਹੋਵੇ । ਸਾਡੇ ਦੇਸ਼ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਬਹੁਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਆਪਣੀ ਜਨਤਾ ਨੂੰ ਮੁਫਤ ਜਾਂ ਨਾਮਾਤਰ ਕੀਮਤ 'ਤੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ । ਸਰਕਾਰਾਂ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਅਜਿਹੀਆਂ ਸਹੂਲਤਾਂ ਦੇ ਖਿਲਾਫ ਖਪਤਕਾਰ ਅਦਾਲਤਾਂ ਵਿੱਚ ਦਾਅਵਾ ਨਹੀਂ ਕੀਤਾ ਜਾ ਸਕਦਾ । ਕਈ ਲੋਕਾਂ ਦਾ ਮੰਨਣਾ ਹੈ ਕਿ ਕਿਉਂਕਿ ਅਸੀਂ ਸਾਰੇ ਹੀ ਸਰਕਾਰਾਂ ਨੂੰ ਟੈਕਸ ਤਾਰਦੇ ਹਾਂ, ਇਸ ਲਈ ਇਹਨਾਂ ਸਹੂਲਤਾਂ ਨੂੰ ਵੀ ਖਪਤਕਾਰ ਅਦਾਲਤਾਂ ਦੇ ਦਾਇਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ । ਖੈਰ ਇਹ ਇੱਕ ਵੱਖਰਾ ਵਿਸਸ਼ਾ ਹੈ ।

ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਸ਼ਿਕਾਇਤ ਕੌਣ ਕਰ ਸਕਦਾ ਹੈ । ਇਸ ਕਾਨੂੰਨ ਮੁਤਾਬਿਕ ਸ਼ਿਕਾਇਤ ਕਿਸੇ ਵੀ ਖਪਤਕਾਰ ਸਵੈ-ਇੱਛੁਕ ਰਜਿਸਟਰਡ ਖਪਤਕਾਰ ਐਸੋਸੀਏਸ਼ਨ, ਕੇਂਦਰੀ ਜਾਂ ਰਾਜ ਸਰਕਾਰ, ਕੇਂਦਰੀ ਅਥਾਰਟੀ, ਖਪਤਕਾਰਾਂ ਦਾ ਸਮੂਹ ਜਿਨ੍ਹਾਂ ਦੇ ਹਿੱਤ ਸਾਂਝੇ ਹੋਣ, ਮਰ ਗਏ ਖਪਤਕਾਰ ਦੇ ਵਾਰਿਸ, ਨਾਬਾਲਗ ਦੇ ਮਾਪੇ ਜਾਂ ਗਾਰਡੀਅਨ ਦੁਆਰਾ ਕੀਤੀ ਜਾ ਸਕਦੀ ਹੈ । ਸ਼ਿਕਾਇਤ ਕਿਉਂ ਅਤੇ ਕਿਵੇਂ ਕੀਤੀ ਜਾਵੇ । ਜੇਕਰ ਖਰੀਦਦਾਰ ਮਹਿਸੂਸ ਕਰਦਾ ਹੈ ਕਿ ਉਸ ਨਾਲ ਅਨ-ਉਚਿੱਤ ਵਿਉਪਾਰਕ ਵਿਹਾਰ ਕੀਤਾ ਗਿਆ ਹੈ, ਉਸ ਨੂੰ ਨੁਕਸਦਾਰ ਵਸਤੂ ਵੇਚੀ ਗਈ ਹੈ, ਖਰੀਦੀ ਗਈ ਸੇਵਾ ਵਿੱਚ ਕਿਸੇ ਕਿਸਮ ਦੀ ਤਰੁੱਟੀ ਹੈ, ਸੇਵਾ ਜਾਂ ਵਸਤੂ ਦੀ ਜ਼ਿਆਦਾ ਕੀਮਤ ਉਗਰਾਹੀ ਗਈ ਹੈ ਜਾਂ ਖਰੀਦੀ ਗਈ ਵਸਤੂ ਕਿਸੇ ਵੀ ਤਰੀਕੇ ਅਸੁਰੱਖਿਅਤ ਪਾਈ ਜਾਂਦੀ ਹੈ ਤਾਂ ਵਸਤੂ ਵੇਚਣ ਵਾਲੇ ਦੇ ਖਿਲਾਫ ਸ਼ਿਕਾਇਤ ਕੀਤੀ ਜਾ ਸਕਦੀ ਹੈ ।

ਸ਼ਿਕਾਇਤ ਕਾਨੂੰਨੀ ਕਾਰਵਾਈ ਦੇ ਕਾਰਨ ਉਤਪੰਨ ਹੋਣ ਤੋਂ ਦੋ ਸਾਲ ਦੇ ਵਿੱਚ ਕਰਨੀ ਜ਼ਰੂਰੀ ਹੁੰਦੀ ਹੈ । ਸ਼ਿਕਾਇਤ ਨਿੱਜੀ ਤੌਰ 'ਤੇ ਪੇਸ਼ ਹੋ ਕੇ, ਡਾਕ ਰਾਹੀਂ, ਪ੍ਰਤੀਨਿਧ ਰਾਹੀਂ ਜਾਂ ਆਨਲਾਈਨ ਵੀ ਕੀਤੀ ਜਾ ਸਕਦੀ ਹੈ । ਆਨਲਾਈਨ ਸ਼ਿਕਾਇਤ 'ਈ ਦਾਖਿਲ ਪੋਰਟਲ' ਰਾਹੀਂ ਕੀਤੀ ਜਾ ਸਕਦੀ ਹੈ। ਸ਼ਿਕਾਇਤ ਦੀਆਂ ਘੱਟੋ ਘੱਟ ਤਿੰਨ ਪੜਤਾਂ, ਜੇਕਰ ਵਿਰੋਧੀ ਪਾਰਟੀਆਂ ਇੱਕ ਤੋਂ ਵੱਧ ਹੋਣ ਤਾਂ ਓਨੀਆਂ ਹੀ ਹੋਰ ਵੱਧ ਪੜਤਾਂ ਦੇਣੀਆਂ ਹੁੰਦੀਆਂ ਹਨ । ਸ਼ਿਕਾਇਤ ਦੇ ਨਾਲ ਨਿਰਧਾਰਿਤ ਫੀਸ ਜੋ ਕਿ ਆਨਲਾਈਨ ਵੀ ਪੇ ਕੀਤੀ ਜਾ ਸਕਦੀ ਹੈ,ਜਮ੍ਹਾਂ ਕਰਵਾਉਣੀ ਹੁੰਦੀ ਹੈ। ਸ਼ਿਕਾਇਤ ਕਰਨ ਤੋਂ ਪਹਿਲਾਂ ਸ਼ਿਕਾਇਤਕਰਤਾ ਵਿਰੋਧੀ ਪਾਰਟੀ ਨੂੰ ਨੋਟਿਸ ਭੇਜੇਗਾ । ਵਿਰੋਧੀ ਪਾਰਟੀ ਦੁਆਰਾ ਕੋਈ ਜਵਾਬ ਨਾ ਆਉਣ 'ਤੇ ਜਾਂ ਦੋਵਾਂ ਧਿਰਾਂ ਵਿਚਕਾਰ ਕੋਈ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਖਪਤਕਾਰ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਜਾ ਸਕੇਗੀ। ਸ਼ਿਕਾਇਤ ਵਿੱਚ ਸ਼ਿਕਾਇਤ ਕਰਨ ਵਾਲੇ ਦਾ ਨਾਂਅ ਅਤੇ ਪਤਾ, ਵਿਰੋਧੀ ਪਾਰਟੀ ਦਾ ਨਾਂਅ ਅਤੇ ਪਤਾ ਸ਼ਿਕਾਇਤ ਦਾ ਵੇਰਵਾ, ਵਸਤੂ ਜਾਂ ਪ੍ਰਾਪਤ ਕੀਤੀ ਸੇਵਾ ਵਿਚ ਤਰੁੱਟੀ ਦਾ ਵੇਰਵਾ, ਸ਼ਿਕਾਇਤ ਸੰਬੰਧੀ ਦਸਤਾਵੇਜ਼ ਯਾਨਿਕ ਬਿੱਲ, ਵਾਰੰਟੀ ਵਗੈਰਾ ਅਤੇ ਅਦਾਲਤ ਕੋਲੋਂ ਮੰਗੀ ਗਈ ਰਾਹਤ ਜਾਂ ਮੁਆਵਜ਼ਾ ਦੱਸਣਾ ਜ਼ਰੂਰੀ ਹੁੰਦਾ ਹੈ ।

ਇਸ ਕਾਨੂੰਨ ਅਧੀਨ ਖਪਤਕਾਰ ਦੀ ਸ਼ਿਕਾਇਤ ਦੇ ਨਿਪਟਾਰੇ ਲਈ ਤਿੰਨ ਪੜਾਵੀ ਮਸ਼ੀਨਰੀ ਦਾ ਪ੍ਰਵਧਾਨ ਹੈ । ਇਸ ਸਿਸਟਮ ਦੀ ਪਹਿਲੀ ਕੜੀ ਹੈ ਜ਼ਿਲ੍ਹਾ ਪੱਧਰੀ ਖਪਤਕਾਰ ਅਦਾਲਤ ਜਾਂ ਜ਼ਿਲ੍ਹਾ ਕਮਿਸ਼ਨ । ਕਾਨੂੰਨ ਮੁਤਾਬਿਕ ਹਰੇਕ ਰਾਜ ਨੇ ਹਰੇਕ ਜ਼ਿਲ੍ਹੇ ਵਿੱਚ ਅਜਿਹੀ ਇੱਕ ਕੰਜ਼ਿਊਮਰ ਅਦਾਲਤ ਦੀ ਸਥਾਪਨਾ ਕਰਨੀ ਹੁੰਦੀ ਹੈ । ਜੇਕਰ ਰਾਜ ਚਾਹੇ ਤਾਂ ਕਿਸੇ ਜ਼ਿਲ੍ਹੇ ਲਈ ਇੱਕ ਤੋਂ ਵੱਧ ਅਦਾਲਤ ਵੀ ਸਥਾਪਤ ਕਰ ਸਕਦਾ ਹੈ । ਜ਼ਿਲ੍ਹਾ ਪੱਧਰੀ ਕੰਜ਼ਿਊਮਰ ਅਦਾਲਤ ਨੂੰ ਹਰ ਉਸ ਸ਼ਿਕਾਇਤ ਦੀ ਸੁਣਵਾਈ ਕਰਨ ਦਾ ਅਧਿਕਾਰ ਹੈ, ਜਿਸ ਮੁਤਾਬਿਕ ਪ੍ਰਾਪਤ ਕੀਤੀ ਸੇਵਾ ਜਾਂ ਵਸਤੂ ਸੰਬੰਧੀ ਦਾਅਵੇ ਦੀ ਰਕਮ 50 ਲੱਖ ਤੱਕ ਹੋਵੇ ।

ਰਾਜ ਪੱਧਰੀ ਕਮਿਸ਼ਨ ਇਸ ਕਾਨੂੰਨ ਤਹਿਤ ਦੂਸਰਾ ਪੜਾਅ ਹੈ । ਹਰ ਉਹ ਕੇਸ ਜਿਸ ਵਿੱਚ ਦਾਅਵੇ ਦੀ ਕੀਮਤ 50 ਲੱਖ ਤੋਂ ਵੱਧ ਪ੍ਰੰਤੂ ਦੋ ਕਰੋੜ ਤੋਂ ਜ਼ਿਆਦਾ ਨਾ ਹੋਵੇ, ਰਾਜ ਪੱਧਰੀ ਕਮਿਸ਼ਨ ਦੇ ਦਾਇਰੇ ਵਿੱਚ ਆਉਂਦਾ ਹੈ । ਜ਼ਿਲ੍ਹਾ ਅਦਾਲਤ ਦੇ ਫੈਸਲਿਆਂ ਦੇ ਖਿਲਾਫ ਅਪੀਲ ਵੀ ਸਟੇਟ ਕਮਿਸ਼ਨ ਕੋਲ ਕੀਤੀ ਜਾ ਸਕਦੀ ਹੈ। ਤੀਜਾ ਪੜਾਅ ਯਾਨੀ ਕਿ ਕੌਮੀ ਕਮਿਸ਼ਨ ਹਰ ਉਸ ਸ਼ਿਕਾਇਤ ਦੀ ਸੁਣਵਾਈ ਕਰੇਗਾ, ਜਿੱਥੇ ਖਰੀਦ ਕੀਤੀ ਸੇਵਾ ਜਾਂ ਵਸਤੂ ਜਾਂ ਦਾਅਵੇ ਦੀ ਕੀਮਤ ਦੋ ਕਰੋੜ ਤੋਂ ਵੱਧ ਹੋਵੇਗੀ। ਹੇਠਲੀਆਂ ਅਦਾਲਤਾਂ ਦੇ ਫੈਸਲੇ ਖਿਲਾਫ ਅਪੀਲ ਵੀ ਕੌਮੀ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ । 1986 ਵਾਲੇ ਕਾਨੂੰਨ ਮੁਤਾਬਕ ਇਹ ਸੀਮਾ ਕ੍ਰਮਵਾਰ ਇੱਕ ਕਰੋੜ, 10 ਕਰੋੜ ਅਤੇ 10 ਕਰੋੜ ਤੋਂ ਵੱਧ ਹੁੰਦੀ ਸੀ । ਜ਼ਿਲ੍ਹਾ ਪੱਧਰ 'ਤੇ ਦਾਅਵਿਆਂ ਦੀ ਭਰਮਾਰ ਨੂੰ ਘੱਟ ਕਰਨ ਲਈ ਇਹ ਸੀਮਾ ਘਟਾਈ ਗਈ ਹੈ ।

2019 ਵਾਲੇ ਕਾਨੂੰਨ ਵਿੱਚ ਸਾਲਸੀਆਂ (ਵਿਚੋਲਿਆਂ) ਰਾਹੀਂ ਸਮਝੌਤਾ ਕਰਵਾਉਣ ਦਾ ਪ੍ਰਬੰਧ ਵੀ ਝਗੜਿਆਂ ਦੇ ਤੇਜ਼ੀ ਨਾਲ ਨਿਪਟਾਰੇ ਹਿੱਤ ਕੀਤਾ ਗਿਆ ਹੈ । ਦੋਵਾਂ ਪਾਰਟੀਆਂ ਵਿਚ ਸਮਝੌਤਾ ਹੋ ਜਾਣ ਜਾਂ ਨਾ ਹੋਣ ਦੀ ਸੂਰਤ ਵਿੱਚ ਸਾਲਸੀ ਆਪਣੀ ਰਿਪੋਰਟ ਸੰਬੰਧਤ ਜ਼ਿਲ੍ਹਾ ਰਾਜ ਜਾਂ ਕੌਮੀ ਕਮਿਸ਼ਨ ਨੂੰ ਦੇਵੇਗਾ । ਸਾਲਸੀ ਰਾਹੀਂ ਕਰਵਾਇਆ ਗਿਆ ਸਮਝੌਤਾ ਵੀ ਦੋਵਾਂ ਧਿਰਾਂ ਲਈ ਕਾਨੂੰਨਣ ਮੰਨਣਯੋਗ ਹੁੰਦਾ ਹੈ । ਇਸ ਤਰੀਕੇ ਝਗੜਾ ਜਲਦ ਹੱਲ ਹੁੰਦਾ ਹੈ ਅਤੇ ਗੈਰ ਜ਼ਰੂਰੀ ਖਰਚਿਆਂ ਤੋਂ ਵੀ ਬਚਾਅ ਹੋ ਜਾਂਦਾ ਹੈ ।

ਜੇਕਰ ਝਗੜੇ ਵਾਲੀ ਵਸਤੂ ਜਾਂ ਸੇਵਾ ਦੀ ਟੈਸਟਿੰਗ ਅਤੇ ਅਨਾਲਿਸਿਸ ਜ਼ਰੂਰੀ ਨਾ ਹੋਵੇ ਤਾਂ ਸ਼ਿਕਾਇਤ ਦਾ ਨਿਪਟਾਰਾ ਵਿਰੋਧੀ ਨੂੰ ਨੋਟਿਸ ਮਿਲ ਜਾਣ ਤੋਂ ਤਿੰਨ ਮਹੀਨੇ ਵਿੱਚ ਕਰਨਾ ਜ਼ਰੂਰੀ ਹੁੰਦਾ ਹੈ ਅਤੇ ਜੇਕਰ ਟੈਸਟਿੰਗ ਅਤੇ ਅਨਾਲੀਸਿਸ ਜ਼ਰੂਰੀ ਹੋਵੇ ਤਾਂ ਇਹ ਸਮਾਂ ਪੰਜ ਮਹੀਨੇ ਹੁੰਦਾ ਹੈ। ਇਸੇ ਤਰ੍ਹਾਂ ਅਪੀਲ ਦਾ ਨਿਪਟਾਰਾ ਵੀ ਦਾਖਲੇ ਲਈ ਪ੍ਰਵਾਨਗੀ ਤੋਂ ਤਿੰਨ ਮਹੀਨੇ ਵਿੱਚ ਕਰਨਾ ਜ਼ਰੂਰੀ ਹੁੰਦਾ ਹੈ । ਕਈ ਵਾਰ ਜ਼ਿਲ੍ਹਾ ਅਦਾਲਤ ਜਾਂ ਰਾਜ ਕਮਿਸ਼ਨ ਦਾ ਫੈਸਲਾ ਕਿਸੇ ਧਿਰ ਨੂੰ ਪ੍ਰਵਾਨ ਨਹੀਂ ਹੁੰਦਾ । ਅਜਿਹੇ ਵਿੱਚ ਜ਼ਿਲ੍ਹਾ ਕਮਿਸ਼ਨ ਦੇ ਫੈਸਲੇ ਖਿਲਾਫ ਰਾਜ ਕਮਿਸ਼ਨ ਕੋਲ ਅਪੀਲ 30 ਦਿਨਾਂ ਵਿੱਚ ਕੀਤੀ ਜਾ ਸਕਦੀ ਹੈ । ਇਸੇ ਤਰ੍ਹਾਂ ਰਾਜ ਕਮਿਸ਼ਨ ਦੇ ਫੈਸਲੇ ਖਿਲਾਫ ਅਪੀਲ ਕੌਮੀ ਕਮਿਸ਼ਨ ਕੋਲ 30 ਦਿਨਾ ਵਿੱਚ ਕਰਨੀ ਹੁੰਦੀ ਹੈ । ਕੌਮੀ ਕਮਿਸ਼ਨ ਦੇ ਫੈਸਲੇ ਖਿਲਾਫ 45 ਦਿਨ ਵਿੱਚ ਅਪੀਲ ਸੁਪਰੀਮ ਕੋਰਟ ਕੋਲ ਕੀਤੀ ਜਾ ਸਕਦੀ ਹੈ । ਰਾਜ ਕਮਿਸ਼ਨ ਜਾਂ ਕੌਮੀ ਕਮਿਸ਼ਨ ਕੋਲ ਅਪੀਲ ਕਰਨ ਲਈ ਹੇਠਲੀ ਕੋਰਟ ਦੁਆਰਾ ਦਿੱਤੇ ਗਏ ਐਵਾਰਡ ਦਾ 50% ਅਪੀਲ ਕਰਨ ਤੋਂ ਪਹਿਲਾਂ ਸੰਬੰਧਤ ਕਮਿਸ਼ਨ ਕੋਲ ਜਮ੍ਹਾ ਕਰਵਾਉਣਾ ਜ਼ਰੂਰੀ ਹੁੰਦਾ ਹੈ ।

ਭਾਰਤ, ਵਿਕਾਸਸ਼ੀਲ ਦੇਸ਼ਾਂ ਲਈ ਉਪਯੁਕਤ ਮਨਭਾਉਂਦੀ ਖਪਤਕਾਰ ਮੰਡੀ ਹੈ। ਇਸ ਦਾ ਕਾਰਨ ਦੱਖਣ ਏਸ਼ੀਆ ਦੇ ਹੋਰ ਮੁਲਕਾਂ ਦੀ ਤਰ੍ਹਾਂ ਰੋਜ਼ਾਨਾ ਵਧ ਰਹੀ ਆਬਾਦੀ ਹੈ । ਜ਼ਿਆਦਾਤਰ ਬਹੁ-ਕੌਮੀ ਕੰਪਨੀਆਂ ਆਪਣਾ ਮਾਲ ਇਹਨਾਂ ਦੇਸ਼ਾਂ ਵਿਚ ਹੀ ਖਪਾਉਂਦੀਆਂ ਹਨ । ਛੇਤੀ ਕੀਤਿਆਂ ਇਹ ਕੰਪਨੀਆਂ ਭਾਰਤੀ ਵਿਉਪਾਰੀ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੀਆਂ । ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਇਹਨਾਂ ਦੇਸ਼ਾਂ ਵਿੱਚੋਂ ਵੀ ਬਹੁਤ ਸਾਰਾ ਮਾਲ ਦੋ ਨੰਬਰ ਵਿੱਚ ਬਿਨਾਂ ਬਿੱਲ ਤੋਂ ਆਯਾਤ ਹੋ ਕੇ ਭਾਰਤ ਪਹੁੰਚ ਜਾਂਦਾ ਹੈ ਅਤੇ ਭਾਰਤ ਵਿੱਚ ਇਹ ਮਾਲ ਬਿਨਾਂ ਬਿੱਲ ਤੋਂ ਹੀ ਉਪਭੋਗਤਾ ਤੱਕ ਵੀ ਪਹੁੰਚ ਜਾਂਦਾ ਹੈ । ਅਜਿਹੇ ਵਿੱਚ ਚੀਜ਼ਾਂ ਦੀ ਗੁਣਵੱਤਾ ਕੋਈ ਮਾਅਨੇ ਨਹੀਂ ਰੱਖਦੀ ਅਤੇ ਬਹੁਤੀ ਵਾਰ ਪੈਸੇ ਖਰਚ ਕਰਕੇ ਵੀ ਪਛਤਾਉਣਾ ਪੈ ਜਾਂਦਾ ਹੈ । ਅਜਿਹੇ ਵਿਚ ਖਪਤਕਾਰ ਦੇ ਹਿੱਤਾਂ ਦੀ ਰਾਖੀ ਇਹ ਕਾਨੂੰਨ ਕਰਦਾ ਹੈ ਯਾਦ ਰਹੇ ਕਿ ਸ਼ਿਕਾਇਤ ਪੈਸੇ ਖਰਚ ਕਰਕੇ ਪ੍ਰਾਪਤ ਕੀਤੀ ਵਸਤੂ ਜਾਂ ਸੇਵਾ ਵਿੱਚ ਤਰੁੱਟੀ ਦੇ ਖਿਲਾਫ ਹੀ ਕੀਤੀ ਜਾ ਸਕਦੀ ਹੈ, ਫਰੀ ਵਿੱਚ ਮਿਲੀ ਵਸਤੂ ਦੇ ਖਿਲਾਫ ਨਹੀਂ । ਦੂਜੇ, ਵਸਤੂ ਜਾਂ ਸੇਵਾ ਖੁਦ ਦੀ ਵਰਤੋਂ ਲਈ ਖਰੀਦ ਕੀਤੀ ਗਈ ਹੋਵੇ, ਨਾ ਕਿ ਵਪਾਰਕ ਜਾਂ ਨਿਰਮਾਣ ਮਕਸਦ ਨਾਲ । ਤੀਜੇ, ਅਪੀਲ ਤਾਂ ਹੀ ਦਾਖਲ ਕੀਤੀ ਜਾ ਸਕੇਗੀ, ਜੇਕਰ ਹੇਠਲੀ ਅਦਾਲਤ ਦੇ ਐਵਾਰਡ ਦਾ 50% ਜਮ੍ਹਾਂ ਕਰਵਾ ਦਿੱਤਾ ਗਿਆ ਹੈ ।

ਖਪਤਕਾਰ ਕਾਨੂੰਨ 2019 ਦਾ ਫਾਇਦਾ ਉਠਾਉਣ ਲਈ ਜ਼ਰੂਰੀ ਹੈ ਕਿ ਕੁੱਝ ਕੁ ਸਾਵਧਾਨੀਆਂ ਵਰਤੀਆਂ ਜਾਣ, ਜਿਨ੍ਹਾਂ ਵਿੱਚ ਵਸਤੂ ਜਾਂ ਸੇਵਾ ਦੀ ਗੁਣਵੱਤਾ ਦੀ ਪਰਖ ਸਭ ਤੋਂ ਜ਼ਰੂਰੀ ਹੈ । ਵਸਤੂ ਖਰੀਦ ਕਰਦੇ ਵਕਤ ਅਸੀਂ ਬਿੱਲ ਦੀ ਮਹੱਤਤਾ ਤੋਂ ਅਨਜਾਣ ਬਿੱਲ ਲੈਣ ਦੀ ਘੌਲ ਕਰ ਜਾਂਦੇ ਹਾਂ, ਇਹ ਸਾਡੀ ਪਹਿਲੀ ਗਲਤੀ ਹੁੰਦੀ ਹੈ । ਦੂਜੀ ਗਲਤੀ ਹੁੰਦੀ ਹੈ ਜਦੋਂ ਅਸੀਂ ਨਿਰਮਾਤਾ ਦੁਆਰਾ ਦਿੱਤਾ ਵਾਰੰਟੀ ਕਾਰਡ ਲੈਣਾ ਭੁੱਲ ਜਾਂਦੇ ਹਾਂ। ਸੜਕ ਕਿਨਾਰੇ ਦੁਕਾਨ ਲਾਉਣ ਵਾਲਿਆਂ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ, ਬਸ਼ਰਤੇ ਤੁਹਾਡੇ ਕੋਲ ਨਿਰਮਾਤਾ ਦੇ ਵੇਰਵੇ , ਵਸਤੂ ਦਾ ਬੈਚ ਨੰਬਰ ਜਾਂ ਸੀਰੀਅਲ ਨੰਬਰ ਵਗੈਰਾ ਉਪਲੱਬਧ ਹੋਵੇ । ਅਸੀਂ ਇਹਨਾਂ ਗੱਲਾਂ ਵੱਲ ਧਿਆਨ ਦੇਣ ਦੀ ਬਜਾਏ ਸੌਦੇਬਾਜ਼ੀ ਰਾਹੀਂ ਰੇਟ ਘਟਾਉਣ ਵੱਲ ਜ਼ਿਆਦਾ ਧਿਆਨ ਦਿੰਦੇ ਹਾਂ । ਵਸਤੂ ਜਾਂ ਸੇਵਾ ਵਿਚ ਕਿਸੇ ਕਿਸਮ ਦੀ ਤਰੁੱਟੀ ਪਾਏ ਜਾਣ 'ਤੇ ਦੁਕਾਨਦਾਰ ਨਾਲ ਜੱਫਾ ਲਾਉਣ ਦੀ ਥਾਂ ਕਾਨੂੰਨੀ ਰਾਹ ਹੀ ਅਖਤਿਆਰ ਕੀਤਾ ਜਾਣਾ ਚਾਹੀਦਾ ਹੈ ।

ਆਮ ਜਨਤਾ ਨੂੰ ਉਹਨਾ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ "ਜਾਗਦੇ ਰਹੋ" ਦਾ ਹੋਕਾ ਦੇ ਕੇ ਮੈਂ ਆਪਣਾ ਫਰਜ਼ ਨਿਭਾਅ ਦਿੱਤਾ ਹੈ ।

***# ਸੰਪਰਕ : 98727-87243***

# ਮਿਡ ਡੇਅ ਮੀਲ ਵਰਕਰਾਂ ਦਾ ਤਿੰਨ ਰੋਜ਼ਾ ਧਰਨਾ ਮੰਗ ਪੱਤਰ ਉਪਰੰਤ ਸਮਾਪਤ



**ਮਾਨਸਾ (ਆਤਮਾ ਸਿੰਘ ਪਮਾਰ)**
ਸਰਕਾਰੀ ਸਕੂਲਾਂ ਵਿੱਚ ਮਿਡ-ਡੇਅ ਮੀਲ ਸਕੀਮ ਤਹਿਤ ਬੱਚਿਆਂ ਲਈ ਰੋਟੀ ਪਕਾਉਣ ਵਾਲੀਆਂ ਕੁੱਕ ਬੀਬੀਆਂ ਨੇ ਆਪਣੀਆਂ ਤਨਖਾਹਾਂ ਵਿੱਚ ਵਾਧਾ ਕਰਨ ਸਮੇਤ ਹੋਰ ਮੰਗਾਂ ਲਈ ਮਿਡ-ਡੇ-ਮੀਲ ਵਰਕਰ ਯੂਨੀਅਨ (ਏਕਟੂ) ਦੀ ਅਗਵਾਈ ਹੇਠ ਡੀ ਸੀ ਦਫ਼ਤਰ ਵਿਖੇ ਤਿੰਨ ਰੋਜ਼ਾ ਦਿਨ-ਰਾਤ ਦਾ ਧਰਨਾ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਉਪਰੰਤ ਸਮਾਪਤ ਕਰ ਦਿੱਤਾ।

ਧਰਨੇ ਸੰਬੋਧਨ ਕਰਦਿਆਂ ਯੂਨੀਅਨ (ਏਕਟੂ) ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ, ਸੀਪੀਆਈ (ਐਮ.ਐਲ) ਲਿਬਰੇਸ਼ਨ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਕਾਮਰੇਡ ਸੁਖਦਰਸਨ ਨੱਤ ਤੇ ਪ੍ਰਗਤੀਸ਼ੀਲ ਇਸਤਰੀ ਸਭਾ ਦੇ ਕੇਂਦਰੀ ਆਗੂ ਕਾਮਰੇਡ ਜਸਵੀਰ ਕੌਰ ਨੱਤ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਦਹਾਕਿਆਂ ਤੋਂ ਮਿਡ-ਡੇਅ ਮੀਲ ਸਕੀਮ ਤਹਿਤ ਹਜ਼ਾਰਾਂ ਬੱਚਿਆਂ ਦੀ ਰੋਟੀ ਪਕਾਉਣ ਵਾਲੀਆਂ ਕੁੱਕ ਬੀਬੀਆਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੀਆਂ ਹਨ, ਜਿਸ ਵਿੱਚ ਘਰ ਦਾ ਚੁੱਲ੍ਹਾ ਵੀ ਨਹੀਂ ਚੱਲਦਾ।

ਉਨ੍ਹਾਂ ਕਿਹਾ ਕਿ ਸਿਖਰਾਂ ਨੂੰ ਛੋਹ ਰਹੀ ਮਹਿੰਗਾਈ ਦੇ ਯੁੱਗ ਵਿੱਚ ਰੋਜ਼ਾਨਾ ਹਜ਼ਾਰਾਂ ਬੱਚਿਆਂ ਦੀ ਰੋਟੀ ਪਕਾਉਣ ਵਾਲੀਆਂ ਕੁੱਕ ਬੀਬੀਆਂ ਨੂੰ ਰੋਜ਼ਾਨਾ ਦੀ ਮਜ਼ਦੂਰੀ ਸਿਰਫ਼ 100 ਰੁਪਏ ਹੀ ਦਿੱਤੀ ਜਾ ਰਹੀ ਹੈ, ਜੋ ਘੱਟੋ-ਘੱਟ ਉਜਰਤਾਂ ਕਿਰਤ ਕਾਨੂੰਨਾਂ ਤਹਿਤ ਵੀ ਨਹੀਂ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰਾਜ ਦੇ ਸਕੂਲਾਂ ਵਿੱਚ 15-15 ਸਾਲਾਂ ਤੋਂ ਕੰਮ ਕਰਦੀਆਂ ਕੁੱਕ ਬੀਬੀਆਂ ਲਈ ਡੀਸੀ ਰੇਟ ਦਿਹਾੜੀ ਤੁਰੰਤ ਲਾਗੂ ਕੀਤੀ ਜਾਵੇ ਤੇ ਉਨ੍ਹਾਂ ਨੂੰ ਪੱਕਾ ਕੀਤਾ ਜਾਵੇ। ਇਨ੍ਹਾਂ ਕੁੱਕ ਵਰਕਰਾਂ ਦਾ ਦੁਰਘਟਨਾ ਸਮੂਹਿਕ ਬੀਮਾ ਕੀਤਾ ਜਾਵੇ। ਇਸ ਸਮੇਂ ਧਰਨਾ ਸਥਾਨ 'ਤੇ ਨਾਇਬ ਤਹਿਸੀਲਦਾਰ ਮਾਨਸਾ ਨੇ ਪਹੁੰਚ ਕੇ ਧਰਨਾਕਾਰੀਆਂ ਤੋਂ ਮੰਗ ਪੱਤਰ ਲਿਆ ਤੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦਾ ਨਤੀਜਾ ਆਉਣ ਵਾਲੀਆਂ ਲੋਕਾਂ ਸਭਾ ਚੋਣਾਂ ਵਿੱਚ 'ਆਪ' ਸਰਕਾਰ ਨੂੰ ਭੁਗਤਣਾ ਪੈ ਸਕਦਾ ਹੈ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ, ਜ਼ਿਲ੍ਹਾ ਸਕੱਤਰ ਜਸਵਿੰਦਰ ਕੌਰ ਗਾਮੀਵਾਲਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਗਗਨਦੀਪ ਖੜਕ ਸਿੰਘ ਵਾਲਾ, ਸੁਖਜੀਤ ਰਾਮਾਨੰਦੀ, ਵਿਦਿਆਰਥੀ ਜਥੇਬੰਦੀ ਆਇਸਾ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੰਦਗੜ੍ਹ, ਸੋਨੂੰ ਝੱਬਰ, ਮਿਡ-ਡੇ-ਮੀਲ ਵਰਕਰ ਯੂਨੀਅਨ (ਏਕਟੂ) ਦੇ ਜੀਤੀ ਕੌਰ, ਭੋਲੀ ਕੌਰ, ਬੇਅੰਤ ਕੌਰ, ਨਸੀਬ ਕੌਰ ਤੇ ਮਨਜੀਤ ਕੌਰ ਨੇ ਵੀ ਸੰਬੋਧਨ ਕੀਤਾ।

## ਜੇਲ੍ਹ 'ਚ ਜ਼ਬਰਦਸਤ ਗੈਂਗਵਾਰ, ਗੈਂਗਸਟਰਾਂ ਵਿਚਾਲੇ ਹੋਈ ਖ਼ੂਨੀ ਝੜਪ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ 'ਚ ਬੀਤੇ ਸ਼ਾਮ ਹਾਈ ਸਕਿਓਰਿਟੀ ਜ਼ੋਨ 'ਚ ਗੈਂਗਸਟਰਾਂ ਦੀ ਲੜਾਈ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਲੜਾਈ ਦੌਰਾਨ ਹਵਾਲਾਤੀ ਅਮਿਤ ਚਾਮਬੀ ਤੇ ਇਕ ਹੋਰ ਕੈਦੀ ਹਰਪ੍ਰੀਤ ਸਿੰਘ ਜ਼ਖ਼ਮੀ ਹੋਏ ਹਨ, ਜੋ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ।ਜ਼ਖ਼ਮੀ ਹੋਏ ਕੈਦੀਆਂ ਨੂੰ ਥਾਣਾ ਸਿਟੀ ਪੁਲਸ ਵੱਲੋਂ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਦੋਵਾਂ ਦਾ ਇਲਾਜ ਚੱਲ ਰਿਹਾ ਹੈ।ਦੱਸ ਦੇਈਏ ਕਿ ਜ਼ਖ਼ਮੀ ਹੋਏ ਹਵਾਲਾਤੀ ਤੇ ਕੈਦੀ ਗੈਂਗਸਟਰ 'ਤੇ ਕਤਲ ਅਤੇ ਕਈ ਹੋਰ ਮਾਮਲੇ ਦਰਜ ਹਨ।ਹਵਾਲਾਤੀ ਅਮਿਤ ਨੇ ਦੱਸਿਆ ਕਿ ਅਸੀਂ ਜੇਲ੍ਹ ਦੇ ਹਾਈ ਸਕਿਓਰਿਟੀ ਜ਼ੋਨ 'ਚ ਬੰਦ ਸੀ, ਇਸ ਦੌਰਾਨ ਕਈ ਕੈਦੀ ਗੈਂਗਸਟਰ ਹਰਪ੍ਰੀਤ ਸਿੰਘ ਦੀ ਕੁੱਟਮਾਰ ਕਰਨ ਲੱਗ ਗਏ।ਜਦੋਂ ਮੈਂ ਉਸ ਨੂੰ ਬਚਾਉਣ ਲਈ ਗਿਆ ਤਾਂ ਉਕਤ ਕੈਦੀਆਂ ਨੇ ਮੇਰੇ 'ਤੇ ਵੀ ਹਮਲਾ ਕਰ ਦਿੱਤਾ ਤੇ ਅਸੀਂ ਦੋਵੇਂ ਜ਼ਖ਼ਮੀ ਹੋ ਗਏ।ਥਾਣਾ ਸਿਟੀ ਦੇ ਐਸਐਚਓ ਮੋਹਿਤ ਧਵਨ ਨੇ ਦੱਸਿਆ ਕਿ ਜੇਲ੍ਹ ਦੀ ਹਾਈ ਸਕਿਓਰਿਟੀ ਜ਼ੋਨ 'ਚ ਕੈਦੀ ਹਰਪ੍ਰੀਤ ਸਿੰਘ ਤੇ ਹਵਾਲਾਤੀ ਅਮਿਤ ਚਾਮਬੀ ਬੰਦ ਸਨ।ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਦੀ ਹਾਈ ਸਕਿਓਰਿਟੀ ਜ਼ੋਨ 'ਚ ਬੰਦ ਹੋਰ ਹਵਾਲਾਤੀਆਂ ਨਾਲ ਲੜਾਈ ਹੋ ਗਈ, ਜਿਸ ਦੌਰਾਨ ਇਹ ਦੋਵੇਂ ਜ਼ਖ਼ਮੀ ਹੋ ਗਏ।ਐਸ.ਐਚ.ਓ. ਨੇ ਦੱਸਿਆ ਕਿ ਰੰਜਿਸ਼ ਦੇ ਚੱਲਦਿਆਂ ਇਹ ਸਭ ਆਪਸ 'ਚ ਭਿੜੇ ਸਨ।ਦੋਵੇਂ ਜ਼ਖ਼ਮੀ ਖ਼ਤਰੇ ਤੋਂ ਬਾਹਰ ਹਨ ਪਰ ਸਿਰ ਅਤੇ ਨੱਕ 'ਤੇ ਕਾਫ਼ੀ ਸੱਟਾਂ ਲੱਗੀਆਂ ਹਨ।ਉਨ੍ਹਾਂ ਦੱਸਿਆ ਕਿ ਦੋਵੇਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਤੇ ਇਨ੍ਹਾਂ 'ਤੇ 6 ਮੁਕੱਦਮੇ ਦਰਜ ਹਨ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੁਸ਼ਤੀ 'ਚ ਪੰਜਾਬ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਸਾਹਿਜਪ੍ਰੀਤ ਕੌਰ ਸਨਮਾਨਤ



ਕੁਸ਼ਤੀ ਮੁਕਾਬਲੇ 'ਚ ਪੰਜਾਬ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਸਾਹਿਜਪ੍ਰੀਤ ਕੌਰ ਨੂੰ ਸਨਮਾਨਤ ਕਰਦੇ ਸਮਾਜ ਸੇਵਕ।

**ਜਲਾਲਾਬਾਦ (ਜੀਤ ਕੁਮਾਰ/ਸਤਨਾਮ ਸਿੰਘ)**-ਕੁਸ਼ਤੀ ਮੁਕਾਬਲੇ 'ਚ ਪੰਜਾਬ 'ਚ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਪਿੰਡ ਜੰਡਵਾਲਾ ਦੀ ਨਿਵਾਸੀ ਸਹਿਜਪ੍ਰੀਤ ਕੌਰ ਨੂੰ ਰਗਰੇਟਾ ਦਲ ਯੂਨਾਇਟਡ ਵੱਲੋਂ ਵਿਸ਼ੇਸ਼ ਤੌਰ 'ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਲੜਕੀ ਸਹਿਜਪ੍ਰੀਤ ਕੌਰ 9ਵੀਂ ਜਮਾਤ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਵੈਰੋਕੇ ਵਿਖੇ ਪੜ੍ਹਦੀ ਹੈ, ਜਿਸ ਨੇ ਪੜ੍ਹਾਈ ਦੇ ਨਾਲ-ਨਾਲ ਇਹ ਕੁਸ਼ਤੀ ਦੇ ਮੁਕਾਬਲੇ ਵਿੱਚ ਉਪਲਬਧੀ ਹਾਸਲ ਕੀਤੀ ਗਈ ਹੈ। ਇਸ ਮੌਕੇ ਰਗਰੇਟਾ ਦਲ ਯੂਨਾਇਟਡ ਦੇ ਸੂਬਾ ਸਕੱਤਰ ਇਕਬਾਲ ਸਿੰਘ ਨਾਹਰ, ਸਾਬਕਾ ਸਰਪੰਚ ਗੁਰਮੀਤ ਸਿੰਘ, ਸਮਾਜ ਸੇਵਕ ਡਾ.ਓਮ ਪ੍ਰਕਾਸ਼ ਹਿਸਾਨਵਾਲਾ, ਡਾ. ਜਗਸੀਰ ਸਿੰਘ ਚੱਕ ਸੈਦੋਕੇ, ਪੱਪੂ ਸਿੰਘ ਕਾਲੇਵਾਲਾ, ਸੋਨੂੰ ਫਲੀਆਂਵਾਲਾ, ਮਲਕੀਤ ਸਿੰਘ, ਬਿੰਦਰ ਸਿੰਘ, ਵਿਸਾਖਾ ਸਿੰਘ, ਮੰਗਲ ਸਿੰਘ, ਗੁਰਜੰਟ ਸਿੰਘ, ਲਖਵਿੰਦਰ ਸਿੰਘ, ਬਲਵਿੰਦਰ ਕੌਰ ਆਦਿ ਮੌਜੂਦ ਸਨ। ਇਕਬਾਲ ਸਿੰਘ ਨਾਹਰ ਨੇ ਦੱਸਿਆ ਕਿ ਰਗਰੇਟਾ ਦਲ ਯੂਨਾਇਟਡ ਦੇ ਕੌਮੀ ਪ੍ਰਧਾਨ ਬੀਬੀ ਗੁਰਕਿਰਤ ਕੌਰ ਸਪੁੱਤਰੀ ਸਵ. ਬੂਟਾ ਸਿੰਘ ਸਾਬਕਾ ਗ੍ਰਹਿ ਮੰਤਰੀ ਅਤੇ ਪੰਜਾਬ ਪ੍ਰਧਾਨ ਅਵਤਾਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਜਲਾਲਾਬਾਦ ਦੇ ਪਿੰਡ ਜੰਡਵਾਲਾ ਵਿਖੇ ਪੁੱਜ ਕੇ ਕੁਸ਼ਤੀ ਖੇਡ ਮੁਕਾਬਲੇ ਵਿੱਚ ਭਾਗ ਲੈ ਕੇ ਸਹਿਜਪ੍ਰੀਤ ਕੌਰ ਦੁਆਰਾ ਪੰਜਾਬ ਵਿਚੋਂ ਦੂਸਰਾ ਸਥਾਨ ਪ੍ਰਾਪਤ ਕਰਨ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਹੋਣਹਾਰ ਸਹਿਜਪ੍ਰੀਤ ਕੌਰ ਦਾ ਮੂੰਹ ਮਿੱਠਾ ਕਰਾਇਆ ਐ ਯਾਦਗਰੀ ਚਿੰਨ੍ਹ ਭੇਟ ਕੀਤਾ ਤੇ ਭਵਿੱਖ ਵਿਚ ਵੀ ਕੁਸ਼ਤੀ ਵਿਚ ਵਧੀਆਂ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰਨ ਦੀ ਕਾਮਨਾ ਕੀਤੀ ਗਈ।

## ਆਨਲਾਈਨ ਟੈਸਟ ਦੇ ਕੇ ਬਣਾ ਸਕੋਗੇ ਲਰਨਿੰਗ ਡਰਾਈਵਿੰਗ ਲਾਇਸੈਂਸ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**
ਹੁਣ ਲਰਨਿੰਗ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਡੀ. ਟੀ. ਓ. ਦਫ਼ਤਰ ਜਾਣ ਦੀ ਲੋੜ ਨਹੀਂ ਪਵੇਗੀ।ਰਾਜ ਸਰਕਾਰ ਹੁਣ ਘਰ ਬੈਠੇ ਹੀ ਲਰਨਿੰਗ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਸੁਵਿਧਾ ਦੇਣ ਜਾ ਰਹੀ ਹੈ।ਇਸ ਲਈ ਸ਼ਰਤ ਹੈ ਕਿ ਤੁਹਾਡਾ ਮੋਬਾਇਲ ਨੰਬਰ ਤੁਹਾਡੇ ਦੇ ਆਧਾਰ ਕਾਰਡ ਨਾਲ ਲਿੰਕ ਹੋਣਾ ਚਾਹੀਦਾ।ਲਰਨਿੰਗ ਡਰਾਈਵਿੰਗ ਲਾਇਸੈਂਸ ਅਪਲਾਈ ਕਰਦੇ ਸਮੇਂ ਜਾਰੀ ਹੋਣ ਵਾਲਾ ਓ.ਟੀ.ਪੀ. ਵੀ ਆਧਾਰ ਕਾਰਡ ਬੇਸਡ ਹੋਵੇਗਾ।ਇਹ ਸੁਵਿਧਾ ਨਵੇਂ ਲਾਇਸੈਂਸ ਅਪਲਾਈ ਕਰਨੇ ਵਾਲੇ ਲੋਕ ਹੀ ਲੈ ਸਕਣਗੇ। ਜਿਨ੍ਹਾਂ ਲੋਕਾਂ ਨੇ ਪਹਿਲਾਂ ਲਾਇਸੈਂਸ ਲਈ ਅਪਲਾਈ ਕਰਕੇ ਸਲਾਟ ਬੁੱਕ ਕੀਤੇ ਹਨ, ਉਨ੍ਹਾਂ ਨੂੰ ਦਫ਼ਤਰ ਜਾ ਕੇ ਟੈਸਟ ਦੇਣਾ ਹੋਵੇਗਾ।ਕਾਰਨ ਇਹ ਹੈ ਕਿ ਜਿਨ੍ਹਾਂ ਪਹਿਲਾਂ ਡਰਾਈਵਿੰਗ ਲਾਇਸੈਂਸ ਬਣਾਉਣ ਦੇ ਲਈ ਸਲਾਟ ਬੁਕ ਕਰਾਇਆ ਸੀ, ਉਨ੍ਹਾਂ ਲਰਨਿੰਗ ਡਰਾਈਵਿੰਗ ਲਾਇਸੈਂਸ ਅਪਲਾਈ ਕਰਨੇ ਤੋਂ ਪਹਿਲਾਂ ਡੀ.ਟੀ.ਓ. ਦਫ਼ਤਰ ਜਾ ਕੇ ਫੋਟੋ ਖਿਚਵਾਉਣ ਦੇ ਨਾਲ ਯੂਨਿਕ ਨੰਬਰ ਲੈ ਕੇ ਆਉਣਾ ਪਵੇਗਾ।ਇਹ ਯੂਨਿਕ ਨੰਬਰ ਡੀ.ਟੀ.ਓ. ਦਫ਼ਤਰ ਵੱਲੋਂ ਦਿੱਤਾ ਜਾਂਦਾ ਹੈ।ਉਸ ਦੀ ਸਮਾਂ ਸੀਮਾ ਸਿਰਫ਼ 10 ਮਿੰਟ ਹੁੰਦੀ ਹੈ, ਜੇਕਰ ਤੁਸੀਂ ਘਰ ਬੈਠੇ ਆਰਜ਼ੀ ਨਹੀਂ ਕਰ ਸਕਦੇ ਤਾਂ ਸੇਵਾ ਕੇਂਦਰ ਵਿੱਚ ਅਪਲਾਈ ਕਰ ਸਕਦੇ ਹੋ।ਉਥੇ ਜੋ ਲੋਕ ਨਵਾ ਲਰਨਿੰਗ ਡੀ.ਐਲ. ਬਣਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਹੁਣ ਡੀ.ਟੀ.ਓ. ਦਫ਼ਤਰ ਜਾਣ ਦੀ ਕੋਈ ਲੋੜ ਨਹੀਂ ਹੈ, ਉਹ ਘਰ ਬੈਠੇ ਆਨਲਾਈਨ ਖ਼ੁਦ ਲਰਨਿੰਗ ਡੀ. ਐੱਲ. ਬਣਾ ਸਕਦੇ ਹਨ।

## ਕਾਤਰਾਂ

### ਅਦਾਲਤ ਵੱਲੋਂ ਪੀ ਓ ਘੋਸ਼ਿਤ ਵਿਅਕਤੀ ਵਿਰੁੱਧ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਅਦਾਲਤ ਵੱਲੋਂ ਭਗੌੜਾ ਘੋਸ਼ਿਤ ਵਿਅਕਤੀ ਦੇ ਖਿਲਾਫ ਪਰਚਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਚੰਦਰ ਸ਼ੇਖਰ ਨੇ ਦੱਸਿਆ ਕਿ ਮੁਕੱਦਮਾ ਨੰਬਰ 41 ਮਿਤੀ 05-07-2018 ਨੂੰ ਧਾਰਾ 61/1/14 ਐਕਸਾਇਜ ਐਕਟ ਤਹਿਤ ਜਸਵੀਰ ਸਿੰਘ ਉਰਫ ਸੀਰਨ ਪੁੱਤਰ ਜੀਤ ਸਿੰਘ ਵਾਸੀ ਦਰੋਗਾ ਦੇ ਖਿਲਾਫ਼ ਥਾਣਾ ਅਮੀਰ ਖਾਸ ਵਿਖੇ ਦਰਜ ਹੋਇਆ ਸੀ ਤੇ ਮਾਨਯੋਗ ਅਦਾਲਤ ਵਿੱਚੋਂ ਭਗੌੜਾ ਹੋਣ ਤੇ ਅਦਾਲਤ ਵੱਲੋਂ 82 ਜ.ਫ਼. ਤਹਿਤ ਪੀ.ਓ. ਕਰਾਰ ਦਿੱਤਾ ਗਿਆ ਸੀ, ਜਿਸ ਸਬੰਧੀ ਥਾਣਾ ਅਮੀਰ ਖਾਸ ਵਿਖੇ ਪੱਤਰ ਪ੍ਰਾਪਤ ਹੋਣ 'ਤੇ ਜਸਵੀਰ ਸਿੰਘ ਉਰਫ਼ ਸੀਰਨ ਦੇ ਖਿਲਾਫ਼ ਧਾਰਾ 174-ਏ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਬੜਾ ਗੁੜਾ ਵਿਖੇ ਸਜੇਗਾ ਨਗਰ ਕੀਰਤਨ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿੰਡ ਬੜਾ ਗੁੜ੍ਹਾ ਦੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਦੀ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੇ ਸਿਦਕ ਤੇ ਪ੍ਰੇਮ ਨਾਲ ਸ਼ੁਰੂਆਤ ਕੀਤੀ ਗਈ। ਪਿੰਡ ਵੱਡਾ ਗੁੜ੍ਹਾ ਦੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਦੇ ਮੁੱਖ ਸੇਵਕ ਬਾਬਾ ਗੁਲਜ਼ਾਰ ਸਿੰਘ ਨੇ ਦੱਸਿਆ ਕਿ ਅੱਜ ਦੇ ਦਿਨ ਪਿੰਡ ਵਿਚ ਨਗਰ ਕੀਰਤਨ ਕੱਢਿਆ ਜਾਵੇਗਾ, ਜਿਸ ਵਿੱਚ ਕਵਿਸ਼ਰੀ ਜੱਥੇ ਰਾਗੀ ਢਾਡੀ ਅਤੇ ਗੱਤਕਾ ਪਾਰਟੀ ਦੇ ਸਿੰਘ ਗੱਤਕੇ ਦੇ ਜੌਹਰ ਦਿਖਾਉਣਗੇ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿੱਚ ਸ਼ੁਰੂ ਹੋਏ ਆਖੰਡ ਪਾਠ ਸਾਹਿਬ ਦੇ ਭੋਗ 5 ਜਨਵਰੀ ਨੂੰ ਪਾਏ ਜਾਣਗੇ, ਜਿਸ ਉਪਰੰਤ ਪੰਥ ਦੀਆਂ ਮਹਾਨ ਹਸਤੀਆਂ ਬਚਨ ਬਿਲਾਸ ਕਰਨਗੀਆਂ। ਗੁਰਦੁਆਰਾ ਸ੍ਰੀ ਭੱਠਾ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਗੁਲਜ਼ਾਰ ਸਿੰਘ ਨੇ ਸੰਗਤ ਨੂੰ ਹੁੰਮ ਹੁਮਾ ਕੇ ਇਸ ਧਾਰਮਿਕ ਸਮਾਗਮ ਵਿਚ ਪਰਵਾਰ ਸਮੇਤ ਪੁੱਜਣ ਦੀ ਅਪੀਲ ਕੀਤੀ।

### ਭਾਰਤ ਦੇ ਵੋਟਰ ਹੁਣ ਸਿਆਸੀ ਤੌਰ 'ਤੇ ਨਵੀਂ ਸ਼ੁਰੂਆਤ ਕਰਨਗੇ : ਡਾ. ਇੰਦੌਰਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਡਾ. ਸੁਸ਼ੀਲ ਇੰਦਰਾ ਨੇ ਕਿਹਾ ਕਿ ਨਵਾਂ ਸਾਲ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ।ਸਾਬਕਾ ਸੰਸਦ ਮੈਂਬਰ ਨੇ ਲੋਕਾਂ ਨੂੰ ਆਪਸੀ ਭਾਈਚਾਰਾ ਵੀ ਬਰਕਰਾਰ ਰੱਖਣ ਤੇ ਸੂਬੇ ਦਾ ਮਾਹੌਲ ਸ਼ਾਤ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਭਾਜਪਾ ਦੀਆਂ ਕੁਟਲ ਨੀਤੀਆਂ 'ਤੇ ਵਰ੍ਹਦੇ ਹੋਏ ਕਿਹਾ ਕਿ ਬੇਤਹਾਸ਼ਾ ਮਹਿੰਗਾਈ ਨੇ ਆਮ ਆਦਮੀ ਦਾ ਲੱਕ ਤੋੜ ਦਿੱਤਾ ਹੈ, ਪਰ ਮੋਦੀ ਸਰਕਾਰ ਮਹਿੰਗਾਈ ਨੂੰ ਕੰਟਰੋਲ ਨਹੀਂ ਕਰ ਸਕੀ ਤੇ ਨਾ ਹੀ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਲੋਕਾਂ ਨੂੰ ਵਧਦੀ ਬੇਰੁਜ਼ਗਾਰੀ ਤੋਂ ਰਾਹਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰੁਜ਼ਗਾਰ ਦੇ ਮੁੱਦੇ 'ਤੇ ਸਰਕਾਰ ਪੂਰੀ ਤਰ੍ਹਾਂ ਫ਼ੇਲ੍ਹ ਸਾਬਤ ਹੋਈ ਹੈ।ਸਾਬਕਾ ਸੰਸਦ ਮੈਂਬਰ ਨੇ ਕਿਹਾ ਕਿ ਸਰਕਾਰ ਨੂੰ ਅਤੀਤ ਦੇ ਤਜ਼ਰਬੇ ਤੋਂ ਬਹੁਤ ਕੁਝ ਸਿੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਲੋਕਾਂ ਦਾ ਸੁਨਹਿਰਾ ਭਵਿੱਖ ਸਿਰਜਣ ਲਈ ਕੰਮ ਕਰੇਗੀ।

### ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ

**ਮਲੋਟ (ਗੁਰਮੀਤ ਸਿੰਘ ਮੱਕੜ)**-ਨਵੇਂ ਸਾਲ ਦੀ ਆਮਦ 'ਤੇ ਸਰਬੱਤ ਦੇ ਭਲੇ ਦੀ ਕਾਮਨਾ ਲਈ ਨਗਰ ਕੌਂਸਲ ਮਲੋਟ ਦੇ ਸੇਵਾ ਕੇਂਦਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਦੌਰਾਨ ਸੇਵਾ ਕੇਂਦਰ ਦੇ ਡੀ.ਐਮ. ਜਤਿੰਦਰ ਸਿੰਘ ਅਤੇ ਏ.ਡੀ.ਐਮ. ਗੁਰਪ੍ਰੀਤ ਸਿੰਘ ਵੱਲੋਂ ਇਲਾਕੇ ਵਿੱਚ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਇਸ ਦੌਰਾਨ ਅਮਨਦੀਪ ਸਿੰਘ, ਸੁਖਬੀਰ ਸਿੰਘ ਤੇ ਮੈਡਮ ਸ਼ਿਲਪਾ ਦੇ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸਨ।

# ਪੀ ਓ ਸਟਾਫ਼ ਨੇ ਭਗੌੜੇ ਵਿਅਕਤੀ ਨੂੰ ਕੀਤਾ ਕਾਬੂ



**ਜਲਾਲਾਬਾਦ (ਜੀਤ ਕੁਮਾਰ)**-ਪੀ.ਓ. ਸਟਾਫ਼ ਜ਼ਿਲ੍ਹਾ ਫ਼ਾਜ਼ਿਲਕਾ ਵੱਲੋਂ ਇੱਕ ਭਗੌੜੇ ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਪੀ.ਓ.ਸਟਾਫ਼ ਇੰਚਾਰਜ਼ ਏ.ਐਸ.ਆਈ. ਰਤਨ ਲਾਲ ਨੇ ਦੱਸਿਆ ਕਿ ਥਾਣਾ ਸਦਰ ਫ਼ਾਜ਼ਿਲਕਾ ਵਿਖੇ ਮੁਕੱਦਮਾ ਨੰਬਰ 46 ਮਿਤੀ 13-03-2019 ਨੂੰ ਧਾਰਾ 61-1-14 ਅਬਕਾਰੀ ਐਕਟ ਤਹਿਤ ਸੁਖਦੇਵ ਸਿੰਘ ਉਰਫ਼ ਸੁੱਖਾ ਪੁੱਤਰ ਬੁੱਧ ਸਿੰਘ ਵਾਸੀ ਬਹਿਕ ਖਾਸ ਹਾਲ ਅਬਾਦ ਗਲੀ ਰਾਜੂ ਐਮਸੀ ਵਾਲੀ ਲੱਲਾ ਬਸਤੀ ਜਲਾਲਾਬਾਦ (ਥਾਣਾ ਸਿਟੀ ਜਲਾਲਾਬਾਦ) ਦੇ ਖਿਲਾਫ਼ ਦਰਜ ਹੋਇਆ ਸੀ। ਮਾਣਯੋਗ ਅਦਾਲਤ ਵੱਲੋਂ ਮਿਤੀ 04-10-2022 ਨੂੰ ਪੀ.ਓ. 299 ਸੀ.ਆਰ.ਪੀ.ਸੀ. ਤਹਿਤ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਇਸ ਵਿਅਕਤੀ ਨੂੰ ਜ਼ਿਲ੍ਹਾ ਫ਼ਾਜ਼ਿਲਕਾ ਦੇ ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ, ਐਸ.ਪੀ. (ਡੀ) ਗੁਰਬਿੰਦਰ ਸਿੰਘ, ਡੀ.ਐਸ.ਪੀ. (ਡੀ) ਸੁਖਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ.ਓ.ਸਟਾਫ ਵੱਲੋਂ ਲੱਲ੍ਹਾ ਬਸਤੀ ਜਲਾਲਾਬਾਦ ਤੋਂ ਕਾਬੂ ਕੀਤਾ ਗਿਆ ਹੈ ਤੇ ਅਗਲੀ ਕਾਰਵਾਈ ਲਈ ਥਾਣਾ ਸਦਰ ਫ਼ਾਜ਼ਿਲਕਾ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਪੀ.ਓ. ਸਟਾਫ਼ ਦੇ ਇੰਚਾਰਜ ਰਤਨ ਲਾਲ, ਏ.ਐਸ.ਆਈ. ਸਵਾਰ ਸਿੰਘ, ਐਚਸੀ ਜਰਨੈਲ ਸਿੰਘ, ਪ੍ਰੇਮ ਸਿੰਘ, ਐਚ.ਸੀ ਜਸਵਿੰਦਰ ਸਿੰਘ, ਲੇਡੀ ਕਾਂਸਟੇਬਲ ਸੁਨੀਤਾ ਰਾਣੀ ਮੌਜੂਦ ਸਨ।

# ਨਗਰ ਕੌਂਸਲ 'ਚ ਨਵੇਂ ਸਾਲ ਮੌਕੇ ਧਾਰਮਕ ਸਮਾਗਮ ਕਰਾਇਆ



**ਨਾਭਾ (ਵਰਿੰਦਰ ਵਰਮਾ)**-ਨਗਰ ਕੌਂਸਲ ਵਿਖੇ ਨਵੇਂ ਸਾਲ ਮੌਕੇ ਸਮੂਹ ਸਟਾਫ਼ ਵੱਲੋਂ ਪ੍ਰਧਾਨ ਸੁਜਾਤਾ ਚਾਵਲਾ, ਸਮੂਹ ਕੌਂਸਲਰ ਸਾਹਿਬਾਨ ਤੇ ਕ੍ਰਮਚਾਰੀਆਂ ਦੀ ਅਗਵਾਈ ਵਿੱਚ 24ਵਾਂ ਧਾਰਮਿਕ ਸਮਾਗਮ ਕਰਾਇਆ ਗਿਆ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘਾਂ ਵੱਲੋਂ ਰਸਭਿੰਨੇ ਕੀਰਤਨ ਨਾਲ ਹਾਜ਼ਰੀ ਲਵਾਈ ਗਈ। ਧਾਰਮਿਕ ਸਮਾਗਮ ਵਿੱਚ ਮੁੱਖ ਮਹਿਮਾਨ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਗੁਰਦੇਵ ਸਿੰਘ ਦੇਵ ਮਾਨ ਤੇ ਉਨ੍ਹਾਂ ਦੀ ਸੁਪਤਨੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸਮੂਹ ਨਗਰ ਕੌਂਸਲ ਦੇ ਕ੍ਰਮਚਾਰੀਆਂ, ਸਟਾਫ਼ ਨੂੰ ਸਮਾਗਮ ਦੀ ਸਫ਼ਲਤਾ 'ਤੇ ਨਵੇਂ ਸਾਲ ਦੀ ਵਧਾਈ ਦਿੱਤੀ। ਦੇਵ ਮਾਨ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਗੰਦਗੀ ਦੇ ਡੰਪ ਨੂੰ ਖਤਮ ਕੀਤਾ ਜਾ ਚੁੱਕਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਤੋਂ ਸ਼ਹਿਰ ਵਿੱਚ ਸਫ਼ਾਈ ਰੱਖਣ ਲਈ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਸਾਡਾ ਆਪਣਾਸ਼ਹਿਰ ਹੈ।

ਹਲਕੇ ਦੇ ਵਿਕਾਸ ਕਾਰਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜੰਗੀ ਪੱਧਰ 'ਤੇ ਕਰਾਏ ਜਾਣਗੇ। ਇਸ ਮੌਕੇ ਨਗਰ ਕੌਂਸਲ ਵੱਲੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।

ਬਾਰ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਗਿਆਨ ਸਿੰਘ ਮੂੰਗੋ ਨੇ ਨਗਰ ਕੌਂਸਲ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਤੇ ਚੇਅਰਮੈਨ ਜੱਸੀ ਸੋਹੀਆਂਵਾਲਾ ਨੇ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਤੇ ਨੱਥ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਮਹਾਰਾਣੀ ਪ੍ਰੀਤੀ ਸਿੰਘ, ਮਲਕੀਤ ਗਰੁੱਪ ਐਮ ਡੀ ਚਰਨ ਸਿੰਘ, ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ, ਨਾਇਬ ਤਹਿਸੀਲਦਾਰ ਧਨਵੰਤ ਸਿੰਘ, ਡੀ ਐੱਸ ਪੀ ਦਵਿੰਦਰ ਅੱਤਰੀ, ਕੋਤਵਾਲੀ ਥਾਣਾ ਮੁਖੀ ਹੈਰੀ ਬੋਪਾਰਾਏ, ਅਸ਼ੋਕ ਅਰੋੜਾ ਸ਼ਹਿਰੀ ਬਲਾਕ ਪ੍ਰਧਾਨ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਬਾਰ ਐਸੋਸੀਏਸਨ ਪ੍ਰਧਾਨ ਗਿਆਨ ਸਿੰਘ ਮੰਗੋ, ਸਵਰਨਕਾਰ ਸੰਘ ਪ੍ਰਧਾਨ ਹਰੀ ਕ੍ਰਿਸ਼ਨ ਸੇਠ, ਦੀਪਕ ਨਾਗਪਾਲ, ਪੰਕਜ ਪੱਪੂ, ਜ਼ਿਲ੍ਹਾ ਵਪਾਰ ਮੰਡਲ ਪ੍ਰਧਾਨ ਅਜੇ ਜਿੰਦਲ, ਜਸਵੰਤ ਸਿੰਘ ਕਪੂਰ, ਰਮਨ ਜਿੰਦਲ ਭੋਲਾ ਵਪਾਰ ਮੰਡਲ ਵਿੰਗ ਪ੍ਰਧਾਨ, ਅਮਨ ਗੁਪਤਾ ਪ੍ਰਧਾਨ ਗਊਸ਼ਾਲਾ ਕਮੇਟੀ, ਕੌਂਸਲਰ ਅਸ਼ੋਕ ਬਿੱਟੂ, ਦਲੀਪ ਬਿੱਟੂ, ਕੌਂਸਲਰ ਰੇਨੂੰ ਸੇਠ, ਕੌਂਸਲਰ ਮਮਤਾ ਮਿੱਤਲ, ਕੌਂਸਲਰ ਅੰਜਨਾ ਬਾਤਿਸ਼, ਕੌਂਸਲਰ ਜਸਦੀਪ ਸਿੰਘ ਖੰਨਾ, ਕੌਂਸਲਰ ਊਸ਼ਾ ਮੱਗੋ, ਸੰਜੇ ਮੱਗੋ, ਕੌਂਸਲਰ ਸੋਨੀਆ ਪਾਹੂਜਾ, ਤੇਜਾ ਸਿੰਘ ਸੁਪਰਵਾਈਜਰ, ਸੰਦੀਪ ਬਾਲੀ, ਮਾਨਟੂ ਪਾਹੂਜਾ, ਨਰੇਸ਼ ਗਰਗ, ਹਰਸਿਮਰਨ ਸਿੰਘ ਸਾਹਨੀ, ਰਾਜ ਕੁਮਾਰ ਜੈਟਵਾਨੀ, ਪ੍ਰਿੰਸ ਸ਼ਰਮਾ, ਕਸ਼ਮੀਰ ਸਿੰਘ ਲਾਲਕਾ, ਮਨਪ੍ਰੀਤ ਸਿੰਘ, ਨਰਿੰਦਰ ਜੀਤ ਸਿੰਘ ਭਾਟੀਆ, ਸਿਮਰਨ ਚੌਹਾਨ, ਗੁਰਵਿੰਦਰ ਸਿੰਘ ਵਿਰਕ, ਮੋਨੂੰ ਡੱਲਾ, ਅਮਨਦੀਪ ਸਿੰਘ ਰਹਿਲ, ਕੌਂਸਲਰ ਗੌਤਮ ਬਾਤਿਸ਼, ਯਸਪਾਲ ਸਿੰਗਲਾ ਆਦਿ ਸਮੂਹ ਸਟਾਫ਼ ਹਾਜ਼ਰ ਸਨ।

# ਸ਼ੈਲਜਾ ਕੌਸ਼ਲ ਦਾ ਕਹਾਣੀ ਸੰਗ੍ਰਹਿ 'ਪਾਂਚ ਕੇ ਸਿੱਕੇ' ਅੱਵਲ ਘੋਸ਼ਿਤ



**ਸਮਰਾਲਾ (ਸੁਰਜੀਤ ਸਿੰਘ)**
ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਸਾਲ 2021-22 ਲਈ ਐਲਾਨੀਆਂ ਸਰਵੋਤਮ ਪੁਸਤਕਾਂ ਵਿਚੋਂ ਸੈਲਜਾ ਕੌਸਲ ਕੋਛੜ ਦੀ ਹਿੰਦੀ ਕਹਾਣੀ ਸੰਗ੍ਰਹਿ 'ਪਾਂਚ ਕੇ ਸਿੱਕੇ' ਸਰਵੋਤਮ ਪੁਸਤਕ ਦੇ ਤੌਰ 'ਤੇ ਚੁਣੀ ਗਈ ਹੈ। ਸੈਲਜਾ ਨੂੰ ਇਸ ਪੁਸਤਕ ਦੇ ਸਰਵੋਤਮ ਚੁਣੇ ਜਾਣ 'ਤੇ ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਪੱਚੀ ਹਜ਼ਾਰ ਰੁਪਏ ਨਕਦ ਇਨਾਮ ਰਾਸ਼ੀ ਤੇ ਇੱਕ ਪ੍ਰਸੰਸਾ ਪੱਤਰ ਦਿੱਤਾ ਜਾਵੇਗਾ। ਇਸ ਹਿੰਦੀ ਕਹਾਣੀ ਸੰਗ੍ਰਹਿ ਦੇ ਸਰਵੋਤਮ ਚੁਣੇ ਜਾਣ ਤੇ ਸੈਲਜਾ ਨੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਜਿੱਥੇ ਚੰਡੀਗੜ੍ਹ ਸਾਹਿਤ ਅਕਾਦਮੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ, ਉੱਥੇ ਉਨ੍ਹਾਂ ਕਿਹਾ ਕਿ ਉਸਦੀ ਕਲਮ ਦੇ ਪਰੀਸ੍ਰਮ ਨੂੰ ਲੇਖਕਾਂ ਤੇ ਆਲੋਚਕਾਂ ਵਲੋਂ ਨਵੀਂ ਪਛਾਣ ਮਿਲੀ ਹੈ। ਬਹੁਵਿਧਾਵੀ ਨਾਮਵਰ ਹਿੰਦੀ ਲੇਖਕ ਤੇ ਆਲੋਚਕ ਪ੍ਰੋ. ਡਾ. ਫੂਲ ਚੰਦ ਮਾਨਵ ਨੇ ਕਿਹਾ ਹੈ ਕਿ ਸੈਲਜਾ ਕੌਸ਼ਲ ਦੀ ਹਿੰਦੀ ਕਹਾਣੀ ਤੇ ਮਜਬੂਤ ਪਕੜ ਹੈ।

ਉਨ੍ਹਾਂ ਕਿਹਾ ਕਿ ਸੈਲਜਾ ਨੇ ਹਿੰਦੀ ਕਹਾਣੀ ਕਲਾ ਨੂੰ ਨਵੇਂ ਆਯਾਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੈਲਜਾ ਨੇ ਆਪਣੀ ਕਹਾਣੀਆਂ ਰਾਹੀਂ ਅਜਿਹੇ ਪਾਤਰ ਸਿਰਜੇ ਹਨ, ਜੋ ਜ਼ਿੰਦਗੀ ਦੇ ਬਹੁਤ ਕਰੀਬ ਹਨ। ਪ੍ਰੋ. ਡਾ. ਵੀ. ਕੇ ਵਾਲੀਆ ਨੇ ਕਿਹਾ ਹੈ ਕਿ ਕਹਾਣੀਕਾਰਾ ਸੈਲਜਾ ਨੇ ਹਿੰਦੀ ਕਹਾਣੀ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਉਸ ਦੀਆਂ ਕਹਾਣੀਆਂ ਅਕਾਰ ਵਿੱਚ ਬਹੁਤੀ ਲੰਮੀ ਨਹੀਂ ਹੁੰਦੀ। ਉਹ ਪਾਠਕ ਦੇ ਅੰਦਰ ਇੱਕ ਕਸਕ ਪੈਦਾ ਕਰਦੀਆਂ ਹਨ।

ਸੈਲਜਾ ਕੌਸਲ ਕੋਛੜੇ ਨੇ 'ਨਵਾਂ ਜ਼ਮਾਨਾ' ਨਾਲ ਗੱਲ ਕਰਦਿਆਂ ਕਿਹਾ ਕਿ ਇਹ ਐਵਾਰਡ ਮਿਲਣ 'ਤੇ ਉਨ੍ਹਾਂ ਦੀ ਕਲਮ ਨੂੰ ਇੱਕ ਨਵੀਂ ਪਛਾਣ ਮਿਲੀ ਹੈ। ਇੱਕ ਤਰ੍ਹਾਂ ਨਾਲ ਮੇਰੀ ਲਿਖਣ ਦੀ ਤਪੱਸਿਆ ਸਫਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਹਾਣੀ ਸੰਗ੍ਰਹਿ ਵੱਡੇ ਅਰਥਾਂ ਵਿੱਚ ਮੇਰੀ ਰੂਹ ਅਤੇ ਦਿਲ ਦੇ ਕਰੀਬ ਹੈ। ਇਸ ਪੁਸਤਕ ਦੀ ਇੱਕ-ਇੱਕ ਕਹਾਣੀ ਮੇਰੀ ਕਲਮ ਰਾਹੀਂ ਮੇਰੇ ਦਿਲ ਦੀਆਂ ਗਹਿਰਾਈਆਂ ਤੋਂ ਲਿਖੀ ਗਈ ਹੈ।

ਹਿੰਦੀ ਦੇ ਪ੍ਰੋ. ਡਾ. ਰਜਿੰਦਰ ਜੈਨ, ਡਾ. ਮੰਜੂ ਵਾਲੀਆ ਤੇ ਪ੍ਰੋ. ਡਾ. ਪ੍ਰੇਮ ਪਾਰਸਦ ਨੇ ਵੀ ਸੈਲਜਾ ਕੌਸ਼ਲ ਕੋਛੜ ਦੇ ਕਹਾਣੀ ਸੰਗ੍ਰਹਿ ਨੂੰ ਐਵਾਰਡ ਮਿਲਣ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਧਾਰਮਿਕ ਪ੍ਰੀਖਿਆ ਕਰਾਈ



**ਮੋਗਾ (ਅਮਰਜੀਤ ਬੱਬਰੀ)**
ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਤੇ ਕੌਮ ਦੀ ਖਾਤਰ ਅਨੇਕਾਂ ਕੁਰਬਾਨੀਆਂ ਕੀਤੀਆਂ। ਉਨ੍ਹਾਂ ਆਪਣੇ ਚਾਰੇ ਪੁੱਤਰਾਂ ਤੇ ਮਾਤਾ-ਪਿਤਾ ਦੀ ਕੁਰਬਾਨੀ ਦੇ ਕੇ ਸਾਡੇ ਅੰਦਰ ਕੁਰਬਾਨੀ ਦੀ ਭਾਵਨਾ ਜਾਗ੍ਰਿਤ ਕੀਤੀ ਹੈ। ਸਮਾਜ ਸੇਵਾ ਦਾ ਰਸਤਾ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੌਮ ਨੂੰ ਦਿਖਾਇਆ ਹੈ, ਕਿਉਂਕਿ ਇਸ ਰਸਤੇ 'ਤੇ ਚੱਲਦਿਆਂ ਵੀ ਸਾਨੂੰ ਆਪਣੇ ਸੁੱਖ ਆਰਾਮ ਦਾ ਤਿਆਗ ਕਰਕੇ ਲੋੜਵੰਦਾਂ ਦਾ ਭਲਾ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਸ ਲਈ ਸਾਨੂੰ ਆਪਣੇ ਗੁਰੂਆਂ ਦੇ ਦਿਖਾਏ ਮਾਰਗ 'ਤੇ ਅੱਗੇ ਵਧਦਿਆਂ ਦੀਨ ਦੁਖੀਆਂ ਦੀ ਮੱਦਦ ਕਰਦੇ ਰਹਿਣਾ ਚਾਹੀਦਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰੂਰਲ ਐਨ ਜੀ ਕਲੱਬਜ ਐਸੋਸੀਏਸ਼ਨ ਦੇ ਪ੍ਰਧਾਨ ਹਰਬਿੰਦਰ ਸਿੰਘ ਜਾਨੀਆਂ ਨੇ ਸੰਸਥਾ ਦੇ ਮੁੱਖ ਦਫ਼ਤਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਕਰਾਈ ਗਈ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨ ਕਰਨ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਦੌਰਾਨ ਕੀਤਾ। ਇਸ ਪ੍ਰੀਖਿਆ ਵਿੱਚ ਵੱਖ-ਵੱਖ ਸਕੂਲਾਂ ਦੇ 65 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਬੱਚਿਆਂ ਨੂੰ ਉਨ੍ਹਾਂ ਦੇ ਜੀਵਨ, ਲੜੇ ਗਏ ਯੁੱਧਾਂ ਤੇ ਸਮਕਾਲੀ ਸ਼ਾਸਕਾਂ ਬਾਰੇ 60 ਪ੍ਰਸ਼ਨ ਪੁੱਛੇ ਗਏ, ਜਿਨ੍ਹਾਂ ਦੇ ਉਨ੍ਹਾਂ ਲਿਖਤੀ ਜਵਾਬ ਦਿੱਤੇ। ਇਸ ਪ੍ਰੀਖਿਆ ਦੇ ਜੂਨੀਅਰ ਵਰਗ ਵਿੱਚ ਜਗਤ ਸੇਵਕ ਖਾਲਸਾ ਦੇ ਵਿਦਿਆਰਥੀ ਬਿਕਰਮਜੀਤ ਸਿੰਘ ਨੇ ਪਹਿਲਾ, ਅਕਾਲ ਅਕੈਡਮੀ ਪੁਰਾਣੇਵਾਲਾ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੇ ਦੂਜਾ, ਜਦਕਿ ਜੋਤਇੰਦਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਵਰਗ ਵਿੱਚ ਸਰਬੱਤ ਦਾ ਭਲਾ ਮੋਗਾ ਦੇ ਕੰਪਿਊਟਰ ਬੈਚ ਦੇ ਵਿਦਿਆਰਥੀ ਮਨਿੰਦਰ ਸਿੰਘ ਨੇ ਪਹਿਲਾ, ਅਰਸ਼ਦੀਪ ਸਿੰਘ ਨੇ ਦੂਜਾ ਤੇ ਅਫ਼ਜ਼ਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੀਫ਼ ਪੈਟਰਨ ਅਤੇ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮੌਕੇ ਧਾਰਮਿਕ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੇ ਇਤਿਹਾਸ ਨਾਲ ਜੋੜ ਕੇ ਰੱਖਣਾ ਤੇ ਆਪਣੇ ਸ਼ਾਨਾਮੱਤੇ ਇਤਿਹਾਸ ਤੋਂ ਪ੍ਰੇਰਨਾ ਲੈਂਦੇ ਰਹਿਣਾ ਹੈ, ਜਿਸ ਵਿੱਚ ਸੰਸਥਾ ਕਾਮਯਾਬ ਵੀ ਹੋ ਰਹੀ ਹੈ।

ਉਨ੍ਹਾਂ ਮਾਪਿਆਂ ਦਾ ਵੀ ਧੰਨਵਾਦ ਕੀਤਾ, ਜੋ ਬੱਚਿਆਂ ਨੂੰ ਪ੍ਰੀਖਿਆ ਵਿੱਚ ਹਿੱਸਾ ਦਿਵਾਉਣ ਲਈ ਲੈ ਕੇ ਆਉਂਦੇ ਹਨ। ਅਧਿਆਪਕ ਜਸਵੰਤ ਸਿੰਘ ਪੁਰਾਣੇਵਾਲਾ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਇਤਿਹਾਸ ਬਾਰੇ ਬੱਚਿਆਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਟਰੱਸਟੀ ਗੁਰਸੇਵਕ ਸਿੰਘ ਸੰਨਿਆਸੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਰੂਰਲ ਐਨ ਜੀ ਓ ਮੋਗਾ ਤੇ ਸਰਬੱਤ ਦਾ ਭਲਾ ਮੋਗਾ ਦੀਆਂ ਸਮਾਜ ਸੇਵੀ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸਭ ਨੂੰ ਟਰੱਸਟ ਦੁਆਰਾ ਚਲਾਈ ਜਾ ਰਹੀ ਚੈਰੀਟੇਬਲ ਲੈਬ ਦਾ ਲਾਹਾ ਲੈਣ ਲਈ ਪ੍ਰੇਰਤ ਵੀ ਕੀਤਾ। ਇਸ ਮੌਕੇ ਉਕਤ ਤੋਂ ਇਲਾਵਾ ਜਿਲਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਟਰੱਸਟੀ ਦਵਿੰਦਰਜੀਤ ਸਿੰਘ ਗਿੱਲ, ਰਾਮ ਸਿੰਘ ਜਾਨੀਆਂ, ਨਰਜੀਤ ਕੌਰ, ਜਸਵੰਤ ਸਿੰਘ ਪੁਰਾਣੇਵਾਲਾ, ਦਫ਼ਤਰ ਇੰਚਾਰਜ ਜਸਵੀਰ ਕੌਰ, ਸੁਖਵਿੰਦਰ ਕੌਰ ਬੁੱਘੀਪੁਰਾ, ਨਵਦੀਪ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ, ਬੱਚੇ ਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

# ਥਰਮਲ ਦੇ ਠੇਕਾ ਮੁਲਾਜ਼ਮਾਂ ਵੱਲੋਂ ਸਾਥੀ ਗੁਰਚਰਨ ਸਿੰਘ ਨੂੰ ਵਿਦਾਇਗੀ ਪਾਰਟੀ



ਆਊਟਸੋਰਸਡ ਠੇਕਾ ਮੁਲਾਜ਼ਮ ਆਪਣੇ ਸਾਥੀ ਠੇਕਾ ਮੁਲਾਜ਼ਮ ਗੁਰਚਰਨ ਸਿੰਘ ਨੂੰ ਵਿਦਾਇਗੀ ਪਾਰਟੀ ਸਮੇਂ ਗਿਫ਼ਟਾਂ ਨਾਲ ਨਵਾਜਦੇ ਹੋਏ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**
ਜੀ.ਐਚ.ਟੀ.ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਵੱਲੋਂ ਪ੍ਰਧਾਨ ਜਗਰੂਪ ਸਿੰਘ ਦੀ ਅਗਵਾਈ ਹੇਠ ਇੱਕ ਸਾਦੀ ਵਿਦਾਇਗੀ ਪਾਰਟੀ ਉਪਰੰਤ ਥਰਮਲ ਦੇ ਠੇਕਾ ਮੁਲਾਜ਼ਮਾਂ ਨੇ ਆਪਣੇ ਸਾਥੀ ਗੁਰਚਰਨ ਸਿੰਘ ਨੂੰ ਭਰੇ ਮਨ ਨਾਲ ਘਰ ਨੂੰ ਵਿਦਾ ਕੀਤਾ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ ਤੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਨੇ ਦੱਸਿਆ ਕਿ ਗੁਰਚਰਨ ਸਿੰਘ ਪੁੱਤਰ ਗੁਰਦੇਵ ਸਿੰਘ, ਵਾਸੀ ਪਿੰਡ ਕੋਟੜਾ ਕੌੜਾ (ਬਠਿੰਡਾ) ਬੜਾ ਹੀ ਇਮਾਨਦਾਰ ਤੇ ਜਥੇਬੰਦੀ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲਾ ਸੰਘਰਸ਼ਸ਼ੀਲ ਠੇਕਾ ਮੁਲਾਜ਼ਮ ਸੀ। ਗੁਰਚਰਨ ਸਿੰਘ, ਜੋ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਚੱਲਣ ਸਮੇਂ (1998 'ਚ) ਇੱਕ ਅਣਸਕਿਲਡ ਠੇਕਾ ਮੁਲਾਜ਼ਮ ਵਜੋਂ 'ਕੋਲ ਹੈਂਡਲਿੰਗ ਪਲਾਂਟ' ਦੇ ਹਾਊਸਕੀਪਿੰਗ ਸੈੱਲ ਵਿੱਚ ਸਿਰਫ਼ ਬਾਰਾਂ-ਤੇਰਾਂ ਸੌ ਰੁਪਏ ਤਨਖ਼ਾਹ 'ਤੇ ਠੇਕਾ ਪ੍ਰਨਾਲੀ ਤਹਿਤ ਭਰਤੀ ਹੋਇਆ ਸੀ। 01 ਜਨਵਰੀ 1963 ਨੂੰ ਜਨਮਿਆ ਗੁਰਚਰਨ ਸਿੰਘ 60 ਸਾਲ ਦੀ ਉਮਰ ਹੋਣ ਉਪਰੰਤ ਓਹੀ ਅਨ-ਸਕਿਲਡ ਪੋਸਟ 'ਤੇ (ਤਨਖ਼ਾਹ ਸਿਰਫ਼ 8500 ਰੁਪਏ) 'ਤੇ ਸੇਵਾਮੁਕਤ ਹੋ ਗਿਆ ਹੈ।

ਆਗੂਆਂ ਨੇ ਕਿਹਾ ਕਿ ਰੰਗ ਬਦਲ-ਬਦਲ ਕੇ ਆਉਂਦੀਆਂ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨਿੱਜੀਕਰਨ ਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਗੁਰਚਰਨ ਸਿੰਘ 23/24 ਸਾਲ ਸਖ਼ਤ ਸੇਵਾਵਾਂ ਦੇਣ ਉਪਰੰਤ ਇੱਕ ਅਣਸਕਿਲਡ ਠੇਕਾ ਮੁਲਾਜ਼ਮ ਵਜੋਂ ਹੀ ਸੇਵਾਮੁਕਤ ਹੋ ਕੇ ਖਾਲੀ ਹੱਥ ਘਰ ਵਾਪਸ ਗਿਆ ਹੈ। ਬੇਸ਼ੱਕ ਸਾਥੀ ਠੇਕਾਂ ਮੁਲਾਜ਼ਮਾਂ ਨੇ ਆਪਣੇ ਉਸਨੂੰ ਵਿਦਾਇਗੀ ਸਮੇਂ ਛੋਟੇ-ਛੋਟੇ ਗਿਫ਼ਟਾਂ ਸਮੇਤ ਇੱਕ ਵਾਈ ਸਾਈਕਲ ਦੇ ਕੇ ਸਨਮਾਨਤ ਕੀਤਾ ਹੈ, ਪਰ ਜੇਕਰ ਸਰਕਾਰਾਂ ਨੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਲੋਕ-ਮਾਰੂ ਨੀਤੀ ਨਾ ਲਿਆਂਦੀ ਹੁੰਦੀ ਤਾਂ ਉਸਨੇ ਇੱਕ ਰੈਗੂਲਰ ਮੁਲਾਜ਼ਮ ਵਜੋਂ ਸੇਵਾਮੁਕਤ ਹੋ ਕੇ ਘਰ ਜਾਣਾ ਸੀ ਤੇ ਬਾਕੀ ਰਹਿੰਦੇ ਜੀਵਨ ਵਸੇਰੇ ਲਈ ਪੈਨਸ਼ਨ ਆਦਿ ਹੋਰ ਸਹੂਲਤਾਂ ਵੀ ਮਿਲਣੀਆਂ ਸਨ, ਪਰ ਗੁਰਚਰਨ ਸਿੰਘ ਨੂੰ ਨਵੇਂ ਸਾਲ ਦੀਆਂ ਖੁਸ਼ੀਆਂ ਮੌਕੇ ਖਾਲੀ ਹੱਥ ਘਰ ਜਾਣਾ ਪਿਆ ਹੈ।

ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ ਤੇ ਸਮੂਹ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15-20-25 ਸਾਲਾਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇ।

# ਛੱਜਾਂਵਾਲ ਨੇ ਭਾਈ ਬਹਿਲੋ ਹਾਕੀ ਕੱਪ-2022 ਆਪਣੀ ਝੋਲੀ ਪਾਇਆ

**ਭਗਤਾ ਭਾਈ ਕਾ (ਰਾਜੀਵ ਗੋਇਲ)**
ਭਾਈ ਬਹਿਲੋ ਖੇਡ ਤੇ ਸੱਭਿਆਚਾਰਕ ਕਲੱਬ ਵੱਲੋਂ ਸ਼ੁਰੂ ਕਰਾਏ ਗਏ ਖੇਡ ਮੇਲੇ ਦੀ ਲਗਾਤਾਰਤਾ ਵਿੱਚ ਭਾਈ ਬਹਿਲੋ ਹਾਕੀ ਸੁਸਾਇਟੀ ਭਗਤਾ ਭਾਈ ਵੱਲੋਂ ਵੀਰਾਂ ਦੇ ਖਾਸ ਸਹਿਯੋਗ ਨਾਲ ਭਾਈ ਬਹਿਲੋ ਹਾਕੀ ਸਟੇਡੀਅਮ ਵਿਖੇ 23ਵਾਂ ਹਾਕੀ ਟੂਰਨਾਮੈਂਟ ਕਰਾਇਆ ਗਿਆ। ਇਸ ਟੂਰਨਾਮੈਂਟ ਵਿੱਚ ਪੀ ਐਚ ਐਲ ਗਰੁੱਪ ਦੀਆਂ 30 ਟੀਮਾਂ ਨੇ ਭਾਗ ਲਿਆ। ਬੜੇ ਦਿਲਚਸਪ ਅਤੇ ਫਸਵੇਂ ਮੈਚਾਂ ਵਿੱਚੋਂ ਛੱਜਾਂਵਾਲ, ਭਗਤਾ , ਸੁਧਾਰ ਤੇ ਧੂੜਕੋਟ ਨੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਸੈਮੀਫਾਈਨਲ ਮੁਕਾਬਲਿਆਂ ਵਿੱਚ ਭਗਤਾ ਭਾਈ ਨੇ ਧੂੜਕੋਟ ਤੇ ਛੱਜਾਂਵਾਲ ਨੇ ਸੁਧਾਰ ਨੂੰ ਹਰਾਇਆ। ਫਾਈਨਲ ਮੁਕਾਬਲੇ ਵਿੱਚ ਛੱਜਾਂਵਾਲਾ ਨੇ ਭਗਤਾ ਭਾਈ ਨੂੰ ਹਰਾ ਕੇ ਦਾ ਲਗਾਤਾਰ ਅੱਠਵਾਂ ਟੂਰਨਾਮੈਂਟ ਜਿੱਤਣ ਦਾ ਮਾਣ ਹਾਸਲ ਕੀਤਾ। ਮਾ. ਜਗਸੀਰ ਸਿੰਘ ਪੰਮਾ ਤੇ ਮਾ ਸੁਖਦੇਵ ਸਿੰਘ ਨੇ ਦੱਸਿਆ ਕਿ ਟੂਰਨਾਮੈਂਟ ਦਾ ਉਦਘਾਟਨ ਇੰਦਰਜੀਤ ਸਿੰਘ ਮਾਨ ਚੇਅਰਮੈਨ ਪੰਜਾਬ ਖਾਦੀ ਬੋਰਡ ਤੇ ਲਘੂ ਉਦਯੋਗ ਨੇ ਕੀਤਾ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਨਛੱਤਰ ਸਿੰਘ ਸਿੱਧੂ, ਸਿਕੰਦਰ ਸਿੰਘ ਨਿਊਰ, ਦਲਜੀਤ ਸਿੰਘ ਸਰਪੰਚ, ਭੁਪਿੰਦਰ ਸਿੰਘ ਕੋਚ, ਮਾਤਾ ਗੁਰਪਾਲ ਕੌਰ ਹਾਕੀ ਅਕੈਡਮੀ, ਬਲਵਿੰਦਰ ਸਿੰਘ ਪੀ ਟੀ ਆਈ, ਮਾ. ਦਰਸ਼ਨ ਸਿੰਘ ਭਗਤਾ, ਮਾ. ਮਨਦੀਪ ਸਿੰਘ, ਲੈਕਚਰਾਰ ਹੰਸ ਸੋਹੀ ਪਹੁੰਚੇ।

ਖੇਡ ਮੇਲੇ ਦੇ ਦੂਜੇ ਦਿਨ ਮਹਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਠਿੰਡਾ ਬਤੌਰ ਮੁੱਖ ਮਹਿਮਾਨ ਪਹੁੰਚੇ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ,



ਨਵਜੋਤ ਜੋਤੀ ਲੈਕਚਰਾਰ, ਮਾ. ਸੁਲੱਖਣ ਸਿੰਘ, ਮਾ. ਗੁਰਿੰਦਰ ਸਿੰਘ, ਮਾ. ਪਰਮਿੰਦਰ ਸਿੰਘ, ਮਾ. ਬੂਟਾ ਸਿੰਘ, ਰਜਿੰਦਰ ਸਿੰਘ ਬਾਬੇ ਕਾ, ਜਸਵਿੰਦਰ ਸਿੰਘ, ਹੌਲਦਾਰ ਸੁਖਪ੍ਰੀਤ ਸਿੰਘ ਤੇ ਅਮਰਜੀਤ ਸਿੰਘ ਪਹੁੰਚੇ।

ਇਨਾਮ ਵੰਡਣ ਦੀ ਰਸਮ ਮੌਕੇ ਜਗਸੀਰ ਸਿੰਘ ਸੀਰਾ ਮੱਲੂਆਣਾ ਪਹੁੰਚੇ। ਵਿਸ਼ੇਸ਼ ਮਹਿਮਾਨ ਰਾਕੇਸ ਕੁਮਾਰ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ, ਖੁਸ਼ਵੰਤ ਸਿੰਘ, ਮਨਪ੍ਰੀਤ ਸਿੰਘ ਐਕਸੀਅਨ, ਜਗਦੀਪ ਸਿੰਘ ਭਗਤਾ, ਅਜਾਇਬ ਸਿੰਘ ਸਾਬਕਾ, ਹੈਡਮਾਸਟਰ ਮਨਦੀਪ ਸਿੰਘ, ਹੈਪੀ ਸੈਕਟਰੀ, ਮਨਜਿੰਦਰ ਸਿੰਘ ਮੱਟ, ਸੁਖਮੰਦਰ ਸਿੰਘ ਖੂਹਵਾਲੇ, ਪਰਮਜੀਤ ਸਿੰਘ ਬਿੰਦਰ ਹਾਜ਼ਰ ਸਨ। ਪਹਿਲੇ ਇਨਾਮ ਵਜੋਂ 41000/- ਤੇ ਕੱਪ ਦਰਸ਼ਨ ਸਿੰਘ ਫੌਜੀ ਕਨੇਡਾ ਵੱਲੋਂ ਦਿੱਤਾ ਗਿਆ। ਦੂਜਾ ਇਨਾਮ 31000/- 'ਤੇ ਕੱਪ ਸੁੱਖੀ ਤੇ ਗੱਗਾ ਕਨੇਡਾ ਵੱਲੋਂ ਦਿੱਤਾ ਗਿਆ। ਤੀਜਾ ਇਨਾਮ ਸਵ. ਮਨਜੀਤ ਸਿੰਘ ਦੀ ਯਾਦ ਵਿੱਚ ਸੁਧਾਰ ਨੂੰ ਦਿੱਤਾ ਗਿਆ। ਚੌਥਾ ਇਨਾਮ ਸਵ. ਇਕੱਤਰ ਸਿੰਘ ਸਿੱਧੂ ਦੀ ਯਾਦ ਵਿੱਚ ਧੂੜਕੋਟ ਨੂੰ ਦਿੱਤਾ ਗਿਆ। ਟੂਰਨਾਮੈਂਟ ਦੇ ਦੋ ਵਧੀਆ ਖਿਡਾਰੀ ਕੁਲਵੀਰ ਛੱਜਾਂਵਾਲ ਤੇ ਸੋਨੂੰ ਭਗਤਾ ਨੂੰ ਸੁੱਖੀ ਤੇ ਗੱਗਾ ਕਨੇਡਾ ਵੱਲੋਂ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਮਾ. ਦਰਸ਼ਨ ਸਿੰਘ ਵੱਲੋਂ ਨਿਭਾਈ ਗਈ। ਇਸ ਖੇਡ ਮੇਲੇ ਨੂੰ ਨੇਪਰੇ ਚਾੜ੍ਹਨ ਵਿੱਚ ਮਾ ਸੁਖਦੇਵ ਸਿੰਘ, ਵਿਕਰਮਜੀਤ ਵਿੱਕੀ ਪੰਜਾਬ ਪੁਲਿਸ, ਮਨਜਿੰਦਰ ਮੱਟ, ਮਨੀ, ਨਵੀ ਪੰਨੂ, ਕੁਲਵਿੰਦਰ ਕੈਰੀ, ਰਣਜੀਤ ਸਿੰਘ ਐਡਵੋਕੇਟ, ਗੁਰਦੀਪ ਬਾਬਾ ਅਤੇ ਸਾਰੇ ਸੀਨੀਅਰ ਤੇ ਯੂਨੀਅਰ ਹਾਕੀ ਖਿਡਾਰੀਆਂ ਨੇ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਮਾ ਜਗਸੀਰ ਸਿੰਘ ਪੰਮਾ ਵੱਲੋਂ ਖੇਡ ਮੇਲੇ ਵਿੱਚ ਭਾਗ ਲੈਣ ਖਿਡਾਰੀਆਂ, ਦਰਸ਼ਕਾਂ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

# ਸਮਾਜਕ ਬੁਰਾਈਆਂ ਦੇ ਖਾਤਮੇ ਲਈ ਲੋਕ ਲਹਿਰ ਦੀ ਉਸਾਰੀ ਜ਼ਰੂਰੀ : ਕਪਤਾਨ ਪੁਲਸ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਜੁਰਮ ਰਹਿਤ ਬਣਾਉਣ ਅਤੇ ਆਮ ਲੋਕਾਂ ਨੂੰ ਅਮਨ ਕਾਨੂੰਨ ਦੀ ਸਥਿਤੀ ਪੱਕੇ ਤੌਰ 'ਤੇ ਮੁਹੱਈਆ ਕਰਵਾਉਣ ਲਈ ਆਮ ਲੋਕਾਂ ਦੇ ਸਹਿਯੋਗ ਨਾਲ ਇੱਕ ਲੋਕ ਲਹਿਰ ਬਣਾਏ ਜਾਣ ਦੀ ਸਖਤ ਜ਼ਰੂਰਤ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਪਤਾਨ ਪੁਲਸ ਸਥਾਨਕ ਸ੍ਰੀ ਮੁਕਤਸਰ ਸਾਹਿਬ ਕੁਲਵੰਤ ਰਾਏ ਨੇ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਪਬਲਿਕ ਮੀਟਿੰਗ ਦੌਰਾਨ ਕੀਤਾ। ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੱਧ ਕਰਨ ਦੇ ਮੰਤਵ ਨਾਲ ਅਤੇ ਨਸ਼ਾ ਵਿਰੋਧੀ ਕਾਨੂੰਨ ਬਾਰੇ ਜਾਣਕਾਰੀ ਦੇਣ ਦੇ ਮਕਸਦ ਨਾਲ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਇਲਾਕੇ ਭਰ ਦੇ ਪੰਚਾਂ ਸਰਪੰਚਾਂ, ਮੁਹਤਬਰ ਵਿਅਕਤੀਆਂ ਅਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸਤਿਕਾਰ ਸਹਿਤ ਬੁਲਾ ਕੇ ਇੱਕ ਵਿਸ਼ੇਸ਼ ਪ੍ਰਕਾਰ ਦੀ ਜਾਗਰੂਕਤਾ ਅਤੇ ਚੇਤਨਾ ਮਿਲਣੀ ਕੀਤੀ ਗਈ। ਇਸ ਮੀਟਿੰਗ ਵਿੱਚ ਪਬਲਿਕ ਨੂੰ ਮੁਖ਼ਾਤਿਬ ਹੁੰਦਿਆਂ ਕਪਤਾਨ ਪੁਲਿਸ (ਸ) ਸਮਸ ਨੇ ਕਿਹਾ ਕਿ ਉਹ ਜ਼ਿਲ੍ਹਾ ਪੁਲਸ ਮੁਖੀ ਉਪੇਂਦਰਜੀਤ ਸਿੰਘ ਘੁੰਮਣ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੀਟਿੰਗ ਕਰ ਰਹੇ ਹਨ। ਜਿਸ ਦਾ ਮਕਸਦ ਇਸ ਜ਼ਿਲ੍ਹੇ ਵਿੱਚ ਨਸ਼ਿਆਂ ਸਮੇਤ ਹਰੇਕ ਪ੍ਰਕਾਰ ਦੀਆਂ ਸਮਾਜਕ ਬੁਰਾਈਆਂ ਦੇ ਖਾਤਮੇ ਲਈ ਆਮ ਲੋਕਾਂ ਦਾ ਸਹਿਯੋਗ ਹਾਸਲ ਕਰਨਾ ਹੈ। ਉਨ੍ਹਾ ਅੱਗੇ ਕਿਹਾ ਕਿ ਮੌਜੂਦਾ ਦੌਰ



'ਚ ਕੰਪਿਊਟਰ ਅਤੇ ਮੋਬਾਇਲ ਦੀ ਵਰਤੋਂ ਅਕਸਰ ਸਮਾਜ ਵਿਰੋਧੀ ਅਨਸਰ ਆਪਣੇ ਮਨਸੂਬਿਆਂ ਨੂੰ ਪੂਰਾ ਕਰਨ ਲੱਗ ਪਏ ਹਨ। ਇਨ੍ਹਾਂ ਹਾਲਾਤ 'ਚ ਪੁਲਸ ਵਿਭਾਗ ਦੇ ਪੁਰਾਣੇ ਸਮੇਂ ਤੋਂ ਜੁਰਮਾਂ ਨੂੰ ਰੋਕਣ ਦੇ ਚੱਲੇ ਆ ਰਹੇ ਢੰਗ ਤਰੀਕੇ ਅਸਰਦਾਰ ਨਹੀਂ ਰਹੇ। ਇਸ ਲਈ ਨਵੇਂ ਵਿਗਿਆਨਕ ਯੁੱਗ ਵਿੱਚ ਸਮਾਜ ਵਿਰੋਧੀ ਅਨਸਰਾਂ ਦੇ ਮਨਸੂਬਿਆਂ ਨੂੰ ਫੇਲ੍ਹ ਕਰਨ ਲਈ ਆਮ ਲੋਕਾਂ ਜਿਨ੍ਹਾਂ ਵਿੱਚ ਖਾਸ ਕਰ ਪੜ੍ਹੇ ਲਿਖੇ ਨੌਜਵਾਨ ਵਰਗ ਦਾ ਸਹਿਯੋਗ ਪੁਲਸ ਲਈ ਅਤਿ ਜ਼ਰੂਰੀ ਹੈ। ਇਸ ਮੌਕੇ ਥਾਣਾ ਸਦਰ ਮੁਖੀ ਇੰਸਪੈਕਟਰ ਜਗਸੀਰ ਸਿੰਘ ਨੇ ਪੁਲਸ ਦੇ ਸੀਨੀਅਰ ਅਫਸਰਾਂ ਅਤੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਕਿਹਾ ਅਤੇ ਨਾਲ ਹੀ ਹਾਜ਼ਰੀਨ ਨੂੰ ਇਹ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ, ਧਾਰਮਿਕ ਸਥਾਨਾਂ ਅਤੇ ਹਰ ਪ੍ਰਕਾਰ ਦੇ ਅਦਾਰਿਆਂ ਅਤੇ ਚੰਗੀ ਕੁਆਲਿਟੀ ਦੇ ਕੈਮਰੇ ਜ਼ਰੂਰ ਲਗਵਾਉਣ। ਉਨ੍ਹਾ ਇਹ ਅਪੀਲ ਵੀ ਕੀਤੀ ਕਿ ਜਿਹੜੇ ਕੈਮਰੇ ਪਹਿਲਾਂ ਲੱਗੇ ਹੋਏ ਹਨ ਉਨ੍ਹਾਂ ਦੀ ਸਾਂਭ ਸੰਭਾਲ ਵੀ ਅਤਿ ਜ਼ਰੂਰੀ ਹੈ ਕਿਉਂਕਿ ਅੱਜ ਦੇ ਸਮੇਂ ਵਿੱਚ ਹੋਰ ਵਿਗਿਆਨਕ ਤਕਨੀਕਾਂ ਦੇ ਨਾਲ ਨਾਲ ਕੈਮਰੇ ਵੀ ਜੁਰਮ ਨੂੰ ਰੋਕਣ ਲਈ ਅਤੇ ਅਪਰਾਧੀਆਂ ਨੂੰ ਕਾਬੂ ਕਰਨ ਲਈ ਇੱਕ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾ ਆਮ ਲੋਕਾਂ ਨੂੰ ਵੱਧ ਤੋਂ ਵੱਧ ਸੱਚੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ ਦੀ ਬੇਨਤੀ ਵੀ ਕੀਤੀ ਤਾਂ ਜੋ ਜੁਰਮ ਹੋਣ ਤੋਂ ਪਹਿਲਾਂ ਹੀ ਉਸ 'ਤੇ ਕਾਬੂ ਪਾਇਆ ਜਾ ਸਕੇ। ਇਸ ਮੌਕੇ ਜਗਦੀਸ਼ ਕੁਮਾਰ ਪੀ ਪੀ ਐੱਸ, ਉਪ ਕਪਤਾਨ ਪੁਲਸ (ਸ:ਡ) ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਹ ਵਚਨ ਦਿੱਤਾ ਕਿ ਪਬਲਿਕ ਵੱਲੋਂ ਦਿੱਤੀ ਹੋਈ ਜਾਣਕਾਰੀ ਨੂੰ ਪੂਰੀ ਤਰ੍ਹਾਂ ਨਾਲ ਖੁਫੀਆ ਰੱਖਿਆ ਜਾਵੇਗਾ ਅਤੇ ਨਾਲ ਹੀ ਉਸ ਪਰ ਬਣਦੀ ਕਾਰਵਾਈ ਵੀ ਬਿਨਾਂ ਦੇਰੀ ਕੀਤੀ ਜਾਵੇਗੀ। ਇਸ ਮੌਕੇ ਸੁਖਜਿੰਦਰ ਸਿੰਘ ਉਰਫ ਬਬਲੂ ਬਰਾੜ ਪ੍ਰਧਾਨ ਟਰੱਕ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਨੇ ਵੀ ਪਬਲਿਕ ਨੂੰ ਸੰਬੋਧਨ ਕੀਤਾ। ਇਸ ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਸ਼ਰਨਜੀਤ ਸਿੰਘ ਸੰਧੂ ਸਰਪੰਚ ਪਿੰਡ ਕਬਰਵਾਲਾ (ਚੇਅਰਮੈਨ ਬਲਾਕ ਸੰਮਤੀ), ਦੇਸ ਰਾਜ ਸਰਪੰਚ ਪਿੰਡ ਗੋਨਿਆਣਾ, ਗੁਰਲਾਲ ਸਿੰਘ ਸਰਪੰਚ ਪਿੰਡ ਮਾਂਗਟਕੇਰ, ਮਿਲਾਪਜੀਤ ਸਿੰਘ, ਯਾਦਵਿੰਦਰ ਸਿੰਘ, ਪੰਮਾ ਨੰਬਰਦਾਰ, ਮਾਹਣਾ ਸਿੰਘ ਬੱਲਮਗੜ੍ਹ, ਗੁਰਦੇਵ ਸਿੰਘ ਸਰਪੰਚ ਧਿਗਾਣਾ, ਸਤਪਾਲ ਸਿੰਘ ਸਰਪੰਚ ਖੱਪਿਆਂਵਾਲੀ, ਰਾਜਾ ਸਰਪੰਚ ਬੂੜਾਗੁੱਜਰ, ਅਸ਼ੋਕ ਮਹਿੰਦਰਾ ਸੰਸਥਾਪਕ ਭੀਮ ਕ੍ਰਾਂਤੀ ਸ੍ਰੀ ਮੁਕਤਸਰ ਸਾਹਿਬ, ਸੁਖਵਿੰਦਰ ਸਿੰਘ ਵਧੀਕ ਮੁੱਖ ਅਫਸਰ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ, ਹਰਪ੍ਰੀਤ ਸਿੰਘ ਮੁੱਖ ਮੁਨਸ਼ੀ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ, ਸੁਰਜੀਤ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ (ਕਿਸਾਨ ਵਿੰਗ) ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਪੁਨਰਵਾਸ ਯੋਜਨਾ ਤਹਿਤ ਬਿਨੈਕਾਰ 7 ਦਿਨਾਂ 'ਚ ਅਰਜ਼ੀਆਂ ਜਮ੍ਹਾਂ ਕਰਵਾਉਣ: ਸੰਘੇੜਾ



**ਜਲੰਧਰ:** ਪੰਜਾਬ ਸਰਕਾਰ ਵੱਲੋਂ ਐਲਾਨੀ ਪੁਨਰਵਾਸ ਯੋਜਨਾ ਤਹਿਤ ਇੰਪਰੂਵਮੈਂਟ ਟਰੱਸਟ ਨੇ ਲਤੀਫ਼ਪੁਰਾ ਦੇ ਪੀੜਤ ਪਰਵਾਰਾਂ ਕੋਲੋਂ 7 ਦਿਨਾ ਦੇ ਅੰਦਰ ਅਰਜੀਆਂ ਦੀ ਮੰਗ ਕੀਤੀ ਹੈ। ਇਸ ਸੰਬੰਧੀ ਟਰੱਸਟ ਦੇ ਚੇਅਰਮੈਨ ਅਤੇ 'ਆਪ' ਦੇ ਬੁਲਾਰੇ ਜਗਤਾਰ ਸਿੰਘ ਸੰਘੇੜਾ ਨੇ ਕਿਹਾ ਕਿ ਟਰੱਸਟ ਨੇ ਪਹਿਲਾ ਹੀ ਪ੍ਰਸਤਾਵ ਨੰਬਰ 501, ਮਿਤੀ 19 ਦਸੰਬਰ 2022 ਨੂੰ ਪਾਸ ਕਰ ਕੇ ਸਰਕਾਰ ਤੋਂ ਮਨਜ਼ੂਰੀ ਲਈ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਅਲਾਟਮੈਂਟ ਪੱਤਰ ਦਾ ਡਰਾਫਟ ਵੀ ਸਰਕਾਰ ਤੋਂ ਮਨਜ਼ੂਰੀ ਲਈ ਭੇਜਿਆ ਗਿਆ ਹੈ।

ਸੰਘੇੜਾ ਨੇ ਅਪੀਲ ਕੀਤੀ ਕਿ ਇਸ ਯੋਜਨਾ ਦਾ ਲਾਭ ਲੈਣ ਲਈ ਬਿਨੈਕਾਰ ਆਪਣੀ ਅਰਜੀ ਦੇ ਨਾਲ ਪ੍ਰਮਾਣ ਪੱਤਰ, ਵੋਟਰ ਕਾਰਡ ਜਾਂ ਕੋਈ ਹੋਰ ਪਛਾਣ ਪੱਤਰ ਆਦਿ ਦੀਆਂ ਕਾਪੀਆਂ ਨਾਲ ਇੰਪਰੂਵਮੈਂਟ ਟਰੱਸਟ ਦਫ਼ਤਰ ਅਤੇ ਨੱਥੀ ਦਸਤਾਵੇਜ਼ਾਂ ਦੀ ਸਮੀਖਿਆ ਤੋਂ ਬਾਅਦ ਯੋਗ ਬਿਨੈਕਾਰਾਂ ਨੂੰ ਪਹਿਲ ਦੇ ਅਧਾਰ 'ਤੇ ਰਿਹਾਇਸ਼ੀ ਫਲੈਟ ਵੰਡੇ ਜਾਣਗੇ। ਉਨ੍ਹਾ ਇਹ ਵੀ ਕਿਹਾ ਕਿ ਵੰਡੇ ਗਏ ਫਲੈਟ ਦੀ ਵਰਤੋਂ ਸਿਰਫ਼ ਰਿਹਾਇਸ਼ ਲਈ ਕੀਤੀ ਜਾ ਸਕਦੀ ਅਤੇ ਇਸ ਨੂੰ 5 ਸਾਲ ਤੱਕ ਵੇਚਿਆ ਨਹੀਂ ਜਾ ਸਕਦਾ। ਵੰਡ ਤੋਂ ਬਾਅਦ ਲਾਭਪਾਤਰੀਆਂ ਨੂੰ ਆਪਣਾ ਨਾਂਅ ਤੇ ਬਿਜਲੀ ਦਾ ਮੀਟਰ ਲੁਆਉਣਾ ਹੋਵੇਗਾ ਅਤੇ ਸ਼ਰਤਾਂ ਦੇ ਸੰਬੰਧ ਵਿੱਚ ਸਹੁੰ ਪੱਤਰ ਵੀ ਦੇਣਾ ਜ਼ਰੂਰੀ ਹੋਵੇਗਾ।

# ਪੰਜਾਬੀ ਮਾਂ ਬੋਲੀ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਮਾਨ ਸਰਕਾਰ ਵਚਨਬੱਧ: ਮੀਤ ਹੇਅਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਦਾ ਲੋਗੋ ਜਾਰੀ ਕੀਤਾ ਗਿਆ। ਭਾਸ਼ਾ ਵਿਭਾਗ ਪਹਿਲੀ ਜਨਵਰੀ 2023 ਨੂੰ ਆਪਣੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ ਅਤੇ ਇਸ ਦਿਨ ਮੁੱਖ ਦਫਤਰ ਭਾਸਾ ਭਵਨ ਪਟਿਆਲਾ ਸਾਰੇ ਜ਼ਿਲ੍ਹਾ ਭਾਸ਼ਾ ਦਫਤਰਾਂ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ। ਮੀਤ ਹੇਅਰ ਨੇ ਦੱਸਿਆ ਕਿ 1 ਜਨਵਰੀ 1948 ਨੂੰ ਪੰਜਾਬੀ ਸੈਕਸ਼ਨ ਦੇ ਨਾਂਅ ਨਾਲ ਸਥਾਪਿਤ ਹੋਇਆ ਇਹ ਵਿਭਾਗ ਸਾਲ 1949 ਵਿਚ ਮਹਿਕਮਾ ਪੰਜਾਬੀ ਅਤੇ ਫੇਰ ਸਾਲ 1956 ਤੋਂ ਭਾਸ਼ਾ ਵਿਭਾਗ, ਪੰਜਾਬ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਵਿਭਾਗ ਹੁਣ ਤੱਕ 1632 ਪੁਸਤਕਾਂ ਦਾ ਪ੍ਰਕਾਸ਼ਨ ਕਰ ਚੁੱਕਾ ਹੈ ਜਿਸ ਵਿਚ ਕੋਸ਼ਕਾਰੀ ਅਤੇ ਪੰਜਾਬੀ ਵਿਸ਼ਵ ਕੋਸ਼ ਜੋ ਪੰਜਾਬੀ ਭਾਸ਼ਾ ਵਿਚ ਹੋਣ ਵਾਲਾ ਪਹਿਲਾ ਕਾਰਜ ਹੈ। ਵਿਦਿਆਰਥੀਆਂ ਅਤੇ ਖੋਜਾਰਥੀਆਂ ਦੀ ਸਹੂਲਤ ਲਈ 35 ਦੇ ਕਰੀਬ ਸ਼ਬਦਾਵਲੀਆਂ ਪੰਜਾਬੀ ਭਾਸ਼ਾ ਵਿਚ ਛਾਪ ਕੇ ਇੱਕ ਵਿਲੱਖਣ ਕਾਰਜ ਕੀਤਾ ਹੈ। ਪੰਜਾਬੀ ਦੀਆਂ ਦੁਰਲੱਭ ਕਿਰਤਾਂ ਜਿਵੇਂ ਮਹਾਨ ਕੋਸ਼, ਪੰਜਾਬ ਦੀਆਂ ਲੋਕ ਕਹਾਣੀਆਂ, ਗੁਲਸਿਤਾਂ ਬੋਸਤਾਂ, ਸਹੀਦਾਨ-ਏ-ਵਫ਼ਾ ਆਦਿ ਪ੍ਰਕਾਸ਼ਿਤ ਕੀਤੀਆਂ ਗਈਆਂ। ਭਾਸ਼ਾਵਾਂ ਬਾਰੇ ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਭਾਸ਼ਾਵਾਂ ਦੇ ਵਿਕਾਸ ਅਤੇ ਪੰਜਾਬੀ ਮਾਂ ਬੋਲੀ ਨੂੰ ਬਣਦਾ ਮਾਣ ਸਤਿਕਾਰ ਦੇਣ ਲਈ ਵਚਨਬੱਧ ਹੈ। ਹਾਲ ਹੀ ਵਿੱਚ ਭਾਸ਼ਾ ਵਿਭਾਗ ਵੱਲੋਂ ਮਨਾਏ ਗਏ ਪੰਜਾਬੀ ਮਾਹ ਦੌਰਾਨ ਮੁੱਖ ਮੰਤਰੀ ਵੱਲੋਂ ਸੂਬੇ ਵਿੱਚ ਸਾਰੇ ਬੋਰਡਾਂ ਉੱਤੇ ਪੰਜਾਬੀ ਭਾਸ਼ਾ ਨੂੰ ਤਰਜੀਹ ਦੇਣ ਦਾ ਐਲਾਨ ਕੀਤਾ ਗਿਆ। ਦੂਜੀਆਂ ਭਾਸ਼ਾਵਾਂ ਦਾ ਵੀ ਸਤਿਕਾਰ ਕਰਦੇ ਹੋਏ ਬੋਰਡ ਉੱਤੇ ਪੰਜਾਬੀ ਤੋਂ ਬਾਅਦ ਹੋਰ ਕੋਈ ਵੀ ਭਾਸ਼ਾ ਲਿਖੀ ਜਾ ਸਕਦੀ ਹੈ। ਭਾਸ਼ਾ ਵਿਭਾਗ ਵੱਲੋਂ ਵੀ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦੇ ਵਿਕਾਸ ਲਈ ਮਾਅਰਕੇ ਵਾਲਾ ਕਾਰਜ ਕੀਤਾ ਹੈ ਭਾਸਾ ਵਿਭਾਗ ਵੱਲੋਂ ਵੱਖ ਵੱਖ ਭਾਸ਼ਾਵਾਂ ਵਿਚ 4 ਰਸਾਲੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਮੀਤ ਹੇਅਰ ਨੇ ਸਮੂਹ ਪੰਜਾਬੀਆਂ ਨੂੰ ਭਾਸ਼ਾ ਵਿਭਾਗ ਦਾ ਇਹ ਸਥਾਪਨਾ ਦਿਵਸ ਸਮੂਹਿਕ ਰੂਪ ਵਿਚ ਮਨਾਉਣ ਦਾ ਸੱਦਾ ਦਿੰਦਿਆਂ ਨਾਲ ਹੀ ਪੰਜਾਬੀਆਂ ਨੂੰ ਇਹ ਯਕੀਨ ਦਿਵਾਇਆ ਕਿ ਸੂਬਾ ਸਰਕਾਰ ਦਾ ਇਹ ਅਦਾਰਾ ਨਿਰੰਤਰ ਹੋਰ ਪੁਲਾਘਾਂ ਪੁੱਟਦਾ ਰਹੇਗਾ।

# ਧਰਤੀ ਹੇਠਲੇ ਪਾਣੀ ਨੂੰ ਹੇਠਾਂ ਜਾਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰ ਰਹੀ ਸਰਕਾਰ-ਨਿੱਜਰ

**ਚੰਡੀਗੜ੍ਹ, ( ਗੁਰਜੀਤ ਬਿੱਲਾ )**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਧਰਤੀ ਹੇਠਲੇ ਪਾਣੀ ਨੂੰ ਹੇਠਾਂ ਜਾਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਨੇ ਉਸਾਰੀ ਕਾਰਜਾਂ, ਬਾਗਬਾਨੀ ਅਤੇ ਸ਼ਹਿਰੀ ਵਿਕਾਸ ਕਾਰਜਾਂ ਲਈ ਧਰਤੀ ਹੇਠਲੇ ਪਾਣੀ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਬਾਗਬਾਨੀ, ਖੇਤੀਬਾੜੀ ਅਤੇ ਹੋਰ ਸ਼ਹਿਰੀ ਵਿਕਾਸ ਕਾਰਜਾਂ ਜਿਵੇਂ ਕਿ ਉਦਯੋਗਿਕ ਖੇਤਰ, ਉਸਾਰੀ ਕਾਰਜ, ਫਾਇਰ ਸਰਵਿਸਿਜ ਅਤੇ ਸੜਕਾਂ ਦੀ ਸਫਾਈ ਦੇ ਕੰਮਾਂ ਲਈ ਸਿਰਫ ਟ੍ਰੀਟਿਡ ਵੇਸਟ ਪਾਣੀ ਦੀ ਮੁੜ ਵਰਤੋਂ ਕੀਤੀ ਜਾਵੇ ਡਾ. ਨਿੱਜਰ ਨੇ ਕਿਹਾ ਕਿ ਘੱਟੋ-ਘੱਟ 10,000 ਲੀ. ਜਾਂ ਇਸ ਤੋਂ ਵੱਧ ਦੀ ਡਿਸਚਾਰਜ ਵਾਲੀਆਂ ਸਾਰੀਆਂ ਇਮਾਰਤਾਂ ਨੂੰ ਰੀਸਾਈਕਲ ਸਿਸਟਮ ਅਪਣਾਇਆ ਜਾਵੇ ਅਤੇ ਰੀਸਾਈਕਲ ਕੀਤੇ ਪਾਣੀ ਨੂੰ ਬਾਗਬਾਨੀ ਅਤੇ ਹੋਰ ਸਾਰੀਆਂ ਸ਼ਹਿਰੀ ਵਿਕਾਸ ਗਤੀਵਿਧੀਆਂ ਲਈ ਮੁੜ ਵਰਤੋਂ ਕਰਨਾ ਯਕੀਨੀ ਬਣਾਇਆ ਜਾਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸਾਰੀਆਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵੱਲੋਂ ਉਸਾਰੀ ਏਜੰਸੀਆਂ ਨੂੰ ਟੈਂਕਰਾਂ/ਲਾਰੀਆਂ ਰਾਹੀਂ ਟਰੀਟਿਡ ਵੇਸਟ ਵਾਟਰ ਸਪਲਾਈ ਕਰਨ ਦੀਆਂ ਸੁਵਿਧਾਵਾਂ ਤੁਰੰਤ ਐਸ.ਟੀ.ਪੀ ਸਾਈਟਾਂ 'ਤੇ ਯੂ.ਐਲ.ਬੀਜ ਦੁਆਰਾ ਨਿਰਧਾਰਤ, ਪੂਰਵ-ਨਿਰਧਾਰਿਤ ਚਾਰਜਿਜ ਦੇ ਤਹਿਤ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਵੱਖ-ਵੱਖ ਵਿਕਾਸ ਕਾਰਜਾਂ ਵਿੱਚ ਟ੍ਰੀਟਿਡ ਵੇਸਟ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਨਗਰ ਕੌਂਸਲ ਉਸਾਰੀ ਦੇ ਹੋਰ ਵੱਡੇ ਪੁਆਇੰਟਾਂ ਤੱਕ ਪਾਈਪ ਲਾਈਨ ਵਿਛਾ ਕੇ ਵਾਧੂ ਫਿਲਿੰਗ ਸਟੇਸ਼ਨ ਮੁਹੱਈਆ ਕਰਵਾਉਣ ਦੀ ਸੰਭਾਵਨਾ ਤਲਾਸਣ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਸਤਾਵਾਂ ਲਈ ਫੰਡਜ ਸ਼ਹਿਰੀ ਸਥਾਨਕ ਇਕਾਈਆਂ ਦੇ ਆਪਣੇ ਬੱਜਟ/ਸਟੇਟ ਸਕੀਮਾਂ ਤੋਂ ਉਪਲਬਧ ਕਰਵਾਏ ਜਾ ਸਕਦੇ ਹਨ। ਮੰਤਰੀ ਨੇ ਅੱਗੇ ਕਿਹਾ ਕਿ ਨਗਰ ਨਿਗਮ/ਨਗਰ ਕੌਂਸਲਾਂ ਨੂੰ ਰੀਸਾਈਕਲਿੰਗ/ਦੁਬਾਰਾ ਵਰਤੋਂ ਲਈ ਘੱਟੋ-ਘੱਟ 20 ਫੀਸਦੀ ਟ੍ਰੀਟਿਡ ਵੇਸਟ ਪਾਣੀ ਦੀ ਮੁੜ ਵਰਤੋਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਇਹ ਯੂ.ਐਲ.ਬੀ. ਦੇ ਵਾਟਰ ਪਲੱਸ ਬਣਨ ਅਤੇ ਸਵੱਛ ਭਾਰਤ ਮਿਸ਼ਨ-ਸ਼ਹਿਰੀ ਦੇ ਤਹਿਤ 5- ਸਟਾਰ/7-ਸਟਾਰ ਕੂੜਾ ਮੁਕਤ ਸ਼ਹਿਰ ਬਣਾਉਣ ਦੀ ਪੂਰਵ ਸਰਤ ਹੈ। ਕੈਬਨਿਟ ਮੰਤਰੀ ਨੇ ਸਾਰੇ ਕਮਿਸ਼ਨਰਾਂ, ਮਿਉਂਸਪਲ ਕਾਰਪੋਰੇਸ਼ਨਾਂ ਅਤੇ ਏ.ਡੀ.ਸੀਜ ਨੂੰ ਹਦਾਇਤ ਕੀਤੀ ਹੈ ਕਿ ਹਰ ਤਿਮਾਹੀ ਦੇ ਅੰਤ ਵਿੱਚ ਮੁੜ ਵਰਤੇ ਗਏ ਟ੍ਰੀਟਿਡ ਵੇਸਟ ਪਾਣੀ ਦੀ ਮਾਤਰਾ ਨੂੰ ਦਰਸਾਉਂਦੀ ਤਿਮਾਹੀ ਰਿਪੋਰਟ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

# ਮਾਨ ਸਰਕਾਰ ਨੇ ਕਿਰਤੀ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਅਹਿਮ ਫੈਸਲੇ ਲਏ: ਅਨਮੋਲ ਗਗਨ ਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸੀਲ ਹੈ। ਇਸ ਦਿਸਾ ਵਿੱਚ ਕੰਮ ਕਰਦੇ ਹੋਏ ਕਿਰਤ, ਨਿਵੇਸ਼ ਪ੍ਰੋਤਸਾਹਨ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਅਤੇ ਸਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਪਿਛਲੇ 9 ਮਹੀਨਿਆਂ ਦੇ ਸਾਸਨ ਦੌਰਾਨ ਕਿਰਤੀ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਅਤੇ ਉਨ੍ਹਾ ਦੇ ਹਿੱਤਾਂ ਪੱਖੀ ਕਈ ਅਹਿਮ ਫੈਸਲੇ ਲਏ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਗੈਰ-ਹੁਨਰਮੰਦ ਕਾਮਿਆਂ ਦੀ ਘੱਟੋ-ਘੱਟ ਉਜਰਤਾਂ 9192 ਰੁਪਏ ਤੋਂ ਵਧਾ ਕੇ 9907 ਰੁਪਏ ਕੀਤੀਆਂ ਗਈਆਂ ਜਨ, ਜਦਕਿ ਅਰਧ ਹੁਨਰਮੰਦਾਂ ਦੀ ਘੱਟੋ-ਘੱਟ ਉਜਰਤਾਂ 9972 ਰੁਪਏ ਤੋਂ ਵਧਾ ਕੇ 10687 ਰੁਪਏ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹੁਨਰਮੰਦ ਕਾਮਿਆਂ ਦੀ ਉਜਰਤਾਂ 10869 ਰੁਪਏ ਤੋਂ ਵਧਾ ਕੇ 11584 ਰੁਪਏ ਅਤੇ ਉੱਚ ਹੁਨਰਮੰਦ ਕਾਮਿਆਂ ਦੀ ਉਜਰਤਾਂ 11901 ਰੁਪਏ ਤੋਂ ਵਧਾ ਕੇ 12616 ਰੁਪਏ ਕਰ ਦਿੱਤੀਆ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸਨ ਵਰਕਰਜ ਵੈਲਫੇਅਰ ਬੋਰਡ ਰਾਹੀਂ ਵੱਖ-ਵੱਖ ਕਿਰਤ ਭਲਾਈ ਸਕੀਮਾਂ ਤਹਿਤ 53731 ਉਸਾਰੀ ਕਿਰਤੀਆਂ ਨੂੰ ਕੁੱਲ 71.01 ਕਰੋੜ ਰੁਪਏ ਦੀ ਰਾਸੀ ਜਾਰੀ ਕੀਤੀ ਹੈ। ਉਨ੍ਹਾ ਕਿਹਾ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨਾਲ ਕੁੱਲ 6.42 ਲੱਖ ਲਾਈਵ ਉਸਾਰੀ ਕਿਰਤੀ ਰਜਿਸਟਰਡ ਹੋ ਚੁੱਕੇ ਹਨ, ਜੋ ਬੋਰਡ ਦੀਆਂ 17 ਸਕੀਮਾਂ ਦਾ ਲਾਭ ਲੈ ਸਕਦੇ ਹਨ। ਮੰਤਰੀ ਨੇ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਹਾਲ ਵਿੱਚ ਹੀ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਭਾਰਤ ਸਰਕਾਰ ਨਾਲ ਰਾਬਤਾ ਕਰਕੇ ਬੋਰਡ ਨੂੰ ਈ-ਕੇਵਾਈਸੀ ਸੇਵਾ ਨਾਲ ਜੋੜਿਆ ਗਿਆ।

ਇਸ ਨਾਲ ਲਾਭਪਾਤਰੀ ਦੀ ਰਜਿਸਟਰੇਸ਼ਨ ਦੌਰਾਨ ਉਸ ਦੇ ਅਧਾਰ ਨੰਬਰ ਦੇ ਜਰੀਏ ਉਸ ਦੀ ਡੀਟੇਲਸ ਅਧਾਰ ਡਾਟਾਬੇਸ ਤੋਂ ਫੈਚ ਕਰਕੇ ਪ੍ਰਮਾਨਿਤ/ਵੈਰੀਫਾਈ ਕੀਤੀ ਜਾ ਸਕੇਗੀ। ਇਸ ਪ੍ਰਕ੍ਰਿਆ ਨਾਲ ਰਜਿਸਟਰੇਸ਼ਨ/ਰੀਨਿਊਵਲ ਪ੍ਰੋਸੈਸ ਕੁਸ਼ਲ, ਸਟੀਕ ਅਤੇ ਬਿਹਤਰ ਬਣੇਗੀ ਅਤੇ ਲੋੜਵੰਦ ਉਸਾਰੀ ਕਿਰਤੀ ਅਸਾਨੀ ਨਾਲ ਬੋਰਡ ਦੀ ਭਲਾਈ ਸਕੀਮਾਂ ਦਾ ਲਾਭ ਲੈ ਸਕਣਗੇ। ਇਸ ਤੋਂ ਇਲਾਵਾ ਉਨ੍ਹਾ ਦੱਸਿਆ ਕਿ ਉਸਾਰੀ ਕਿਰਤੀਆਂ ਨੂੰ ਵੱਡੀ ਸਹੂਲਤ ਦੇਣ ਦੇ ਮੰਤਵ ਨਾਲ ਇੱਕ ਮੋਬਾਇਲ ਐਪ "ਪੰਜਾਬ ਕਿਰਤੀ ਸਹਾਇਕ" ਲਾਂਚ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਸ ਮੋਬਾਇਲ ਐਪ ਨਾਲ ਉਸਾਰੀ ਕਿਰਤੀ ਆਪਣੇ ਮੋਬਾਇਲ ਤੋਂ ਖੁੱਦ ਹੀ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਰਜਿਸਟਰ ਕਰ ਸਕਦਾ ਹੈ, ਜਿਸ ਨਾਲ ਉਸ ਨੂੰ ਆਪਣੀ ਦਿਹਾੜੀ ਦਾ ਨੁਕਸਾਨ ਕਰਕੇ ਸੁਵਿਧਾ ਕੇਂਦਰਾ ਵਿੱਚ ਜਾ ਕੇ ਰਜਿਸਟਰ ਕਰਵਾਉਣ ਦੀ ਲੋੜ ਨਹੀਂ ਪਵੇਗੀ । ਕਿਰਤ ਮੰਤਰੀ ਨੇ ਦੱਸਿਆ ਕਿ ਪੰਜਾਬ ਲੇਬਰ ਵੈਲਫੇਅਰ ਬੋਰਡ ਰਾਹੀਂ ਚਾਲੂ ਵਿੱਤੀ ਸਾਲ 'ਚ ਹੁਣ ਤੱਕ ਕਿਰਤ ਭਲਾਈ ਸਕੀਮਾਂ ਅਧੀਨ 2378 ਕਿਰਤੀਆਂ ਨੂੰ ਕੁੱਲ 4.62 ਕਰੋੜ ਦੀ ਰਕਮ ਵੰਡੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਕਿਰਤੀ ਵਰਗ ਦੀ ਭਲਾਈ ਲਈ ਸੂਬਾ ਸਰਕਾਰ ਵੱਲੋਂ ਕਿਰਤੀ ਪੱਖੀ ਫੈਸਲੇ ਲਏ ਜਾਣਗੇ।

# ਸ਼ਹੀਦੀ ਜੋੜ ਮੇਲੇ ਨੂੰ ਸਮਰਪਿਤ 6ਵਾਂ ਚਾਰ ਰੋਜ਼ਾ ਦਸਤਾਰ ਸਿਖਲਾਈ ਕੈਂਪ




ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਾਹਿਬਜ਼ਦਿਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਫਤਹਿਗੜ੍ਹ ਸਾਹਿਬ (ਸਰਹੰਦ) ਦੇ ਸਾਲਾਨਾ ਜੋੜ ਮੇਲੇ ਮੌਕੇ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਦੀ ਪ੍ਰੇਰਨਾ ਸਦਕਾ ਤੇ ਐੱਸਬੀਐੱਸ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਅਤੇ ਉਘੇ ਸਮਾਜਸੇਵੀ ਤੀਰਥ ਸਿੰਘ ਅਟਵਾਲ ਤੇ ਸਰਨਦੀਪ ਸਿੰਘ ਦੇ ਵਿਸ਼ੇਸ਼ ਸਹਿਯੋਗ ਸਦਕਾ ਇੰਟਰਨੈਸ਼ਨਲ ਦਸਤਾਰ ਕੋਚ ਗੁਰਜੀਤ ਸਿੰਘ ਸ਼ਾਹਪੁਰ ਵੱਲੋਂ ਆਪਣੀ ਟੀਮ ਸਮੇਤ 6ਵਾਂ ਸਾਲਾਨਾ ਚਾਰ ਰੋਜ਼ਾ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਦਸਤਾਰ ਕੋਚ ਗੁਰਜੀਤ ਸਿੰਘ ਸ਼ਾਹਪੁਰ ਨੇ ਦੱਸਿਆ ਕਿ ਵੱਖ-ਵੱਖ ਥਾਵਾਂ 'ਤੇ ਲਗਾਤਾਰ ਚਾਰ ਦਿਨ ਲਗਾਏ ਗਏ ਇਨ੍ਹਾਂ ਕੈਂਪਾਂ ਦੌਰਾਨ ਇੱਕ ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਤੇ ਐੱਸਬੀਐੱਸ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਅਤੇ ਉਘੇ ਸਮਾਜਸੇਵੀ ਤੀਰਥ ਸਿੰਘ ਅਟਵਾਲ ਤੇ ਸ਼ਰਨਦੀਪ ਸਿੰਘ ਦੇ ਸਹਿਯੋਗ ਸਦਕਾ 400 ਨੌਜਵਾਨਾਂ ਨੂੰ ਫ੍ਰੀ ਦਸਤਾਰਾਂ ਵੰਡੀਆਂ ਗਈਆਂ।

ਉਨ੍ਹਾਂ ਦੱਸਿਆ ਕਿ ਇਸ ਮੌਕੇ 25 ਨੌਜਵਾਨਾਂ ਵੱਲੋਂ ਨਸ਼ੇ ਤਿਆਗ ਕੇ ਕੇਸ ਦਾੜ੍ਹੀ ਰੱਖਣ ਦਾ ਪ੍ਰਣ ਕੀਤਾ ਗਿਆ।

ਇਸ ਮੌਕੇ ਗੁਰਜੀਤ ਸਿੰਘ ਸ਼ਾਹਪੁਰ ਦੇ ਨਾਲ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਦਸਤਾਰ ਕੋਚ ਜਿਨ੍ਹਾਂ 'ਚ ਪ੍ਰਭਜੀਤ ਸਿੰਘ, ਪ੍ਰਭਸਿਮਰਨ ਕੌਰ, ਜਗਜੀਤ ਸਿੰਘ, ਪ੍ਰਤਾਪ ਸਿੰਘ, ਲਵਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਅਰਪਨ ਬਾਸੀ, ਅਮਨਦੀਪ ਸਿੰਘ, ਹਰਦੀਪ ਸਿੰਘ, ਦਿਲਦੀਪ ਸਿੰਘ ਤੇ ਪਰਮਿੰਦਰ ਸਿੰਘ ਆਦਿ ਦਸਤਾਰ ਕੋਚ ਹਾਜ਼ਰ ਸਨ।

# ਨਵੇਂ ਸਾਲ ਮੌਕੇ ਸ਼ਰਧਾਲੂ ਵੱਡੀ ਗਿਣਤੀ 'ਚ ਹੋਏ ਗੁਰੂ-ਘਰਾਂ 'ਚ ਨਤਮਸਤਕ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਨਵੇਂ ਸਾਲ ਮੌਕੇ ਅੱਜ ਤੜਕਸਾਰ ਤੋਂ ਹੀ ਸੰਗਤਾਂ ਵੱਡੀ ਗਿਣਤੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਸਬਾ ਡੇਰਾ ਬਾਬਾ ਨਾਨਕ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਨਤਮਸਤਕ ਹੋਈਆਂ ਤੇ ਆਪਣੇ ਪਰਿਵਾਰਾਂ ਦੀ ਸੁੱਖ-ਸ਼ਾਂਤੀ ਸਮੇਤ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਗੁਰੂਘਰ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੰਗਤਾਂ ਨੇ ਜਿਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨ ਕੀਤੇ ਉਥੇ ਹਿੰਦ-ਪਾਕ ਸਰਹੱਦ 'ਤੇ ਬੀਐੱਸਐੱਫ ਵੱਲੋਂ ਬਣਾਏ ਗਏ ਦਰਸ਼ਨ ਸਥਲ 'ਤੇ ਖਲੋ ਕੇ ਦੂਰਬੀਨ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਵੀ ਕੀਤੇ। ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਗੁਰਦੁਆਰਾ ਸ੍ਰੀ ਚੋਲਾ ਸਾਹਿਬ, ਗੁਰਦੁਆਰਾ ਬਾਬਾ ਸ੍ਰੀ ਚੰਦ, ਗੁਰਦੁਆਰਾ ਬਾਬਾ ਲਖਮੀ ਚੰਦ, ਗੁਰਦੁਆਰਾ ਮੰਡੀ ਸਾਹਿਬ, ਪੁਰਾਤਨ ਸੀਤਲਾ ਮਾਤਾ ਮੰਦਰ, ਪੁਰਾਤਨ ਸ਼ਿਵ ਮੰਦਿਰ ਚੰਦੂ ਨੰਗਲ, ਕਾਲੀ ਮਾਤਾ ਮੰਦਿਰ ਸਮੇਤ ਵੱਖ-ਵੱਖ ਧਰਮ ਸਥਾਨਾਂ ਵਿਖੇ ਮੱਥਾ ਟੇਕਿਆ ਗਿਆ ਤੇ ਅਸ਼ੀਰਵਾਦ ਪ੍ਰਾਪਤ ਕੀਤਾ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਸ੍ਰੀ ਖਡੂਰ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਭੰਡਾਰੇ ਵੀ ਲਗਾਏ ਗਏ। ਇਸ ਮੌਕੇ ਬਾਬਾ ਸਾਹਿਬ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਆਪਣੀ ਨਿਗਰਾਨੀ ਹੇਠ ਸੰਗਤਾਂ ਨੂੰ ਲੰਗਰ ਛਕਾਇਆ ਜਾ ਰਿਹਾ ਸੀ।

# ਨਵੇਂ ਸਾਲ ਦੀ ਖੁਸ਼ੀ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਨਵੇਂ ਸਾਲ ਦੀ ਆਮਦ ਮੌਕੇ ਸਰਹੱਦੀ ਥਾਣਾ ਸਰਾਏ ਅਮਾਨਤ ਖਾਂ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਵਾਏ ਗਏ। ਇਸ ਮੌਕੇ ਥਾਣਾ ਮੁੱਖੀ ਸਬ-ਇੰਸ ਬਲਜਿੰਦਰ ਸਿੰਘ ਔਲਖ ਨੇ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਪ੍ਰਮਾਤਮਾ ਦਾ ਓਟ ਆਸਰਾ ਲੈ ਕੇ ਕਰ ਰਹੇ ਹਾਂ ਤੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਇਲਾਕੇ ਵਿੱਚ ਸੁੱਖ-ਸ਼ਾਂਤੀ ਬਣਾਈ ਰੱਖੇ।

ਇਸ ਮੌਕੇ ਡੀਐੱਸਪੀ ਸਿਟੀ ਜਸਪਾਲ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਡੀਐੱਸਪੀ ਜਸਪਾਲ ਸਿੰਘ ਢਿੱਲੋਂ, ਐੱਸਐੱਚਓ ਬਲਜਿੰਦਰ ਸਿੰਘ ਔਲਖ, ਮੁੱਖ ਮੁਨਸ਼ੀ ਧਰਮਿੰਦਰ ਸਿੰਘ, ਸਬ ਇੰਸ: ਦਿਲਬਾਗ ਸਿੰਘ, ਸਬ ਇੰਸ: ਹਰਦੀਪ ਸਿੰਘ, ਏਐੱਸਆਈ ਹੀਰਾ ਸਿੰਘ, ਏਐੱਸਆਈ ਸੁਖਦੇਵ ਸਿੰਘ, ਏਐੱਸਆਈ ਪਰਮਜੀਤ ਸਿੰਘ, ਏਐੱਸਆਈ ਗੁਰਸਾਹਿਬ ਸਿੰਘ, ਏਐੱਸਆਈ ਮੰਗਤ ਸਿੰਘ, ਐੱਲਸੀਈ ਸਰਬਜੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਕੁਲਬੀਰ ਕੌਰ, ਰਮਨਬੀਰ ਕੌਰ, ਕੁਲਵਿੰਦਰ ਸਿੰਘ ਡੀਸੀ, ਬਲਾਕ ਮੈਂਬਰ ਦਿਲਯੋਧ ਸਿੰਘ, ਸੋਨੂੰ ਸਾਂਘਣੀਆ, ਦਿਲਬਾਗ ਸਿੰਘ ਸਾਂਘਣੀਆ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਸੱਤਪਾਲ ਸਿੰਘ ਲਹੀਆਂ, ਬਲਜੀਤ ਸਿੰਘ ਸਰਾਂ, ਗੁਰਭੇਜ ਸਿੰਘ ਸਰਾਂ, ਗੁਰਦੇਵ ਸਿੰਘ ਨੌਸ਼ਹਿਰਾ, ਦਲਜੀਤ ਸਿੰਘ ਵਿਰਦੀ, ਸਾਬਕਾ ਸਰਪੰਚ ਬਗੀਚਾ ਸਿੰਘ ਲਹੀਆਂ, ਨੰਬਰਦਾਰ ਸੈਰੀ ਲਹੀਆਂ, ਡਾ. ਸਤਵਿੰਦਰ ਸਿੰਘ ਬਾਠ, ਸੂਬਾ ਸਿੰਘ ਮਾਣਕਪੁਰਾ, ਡਾ. ਕੁਲਵੰਤ ਸਿੰਘ, ਮਾਸਟਰ ਗੁਰਪ੍ਰਤਾਪ ਸਿੰਘ ਗੰਡੀਵਿੰਡ, ਸੋਨੂੰ ਚੱਕੀ ਵਾਲਾ, ਜੇਈ ਨੌਨਿਹਾਲ ਸਿੰਘ ਕਸੇਲ, ਪ੍ਰਦੀਪ ਟੇਲਰ, ਮੈਂਬਰ ਬਲਵਿੰਦਰ ਸਿੰਘ, ਡਾ. ਮਿਲਾਪ ਸਿੰਘ, ਡਾ. ਧਰਮਿੰਦਰ ਸਿੰਘ ਬਾਠ, ਗੋਪੀ ਜਿਊਲਰਜ਼, ਭੁਪਿੰਦਰ ਸਿੰਘ ਲਹੀਆਂ, ਡਾ. ਸੱਤਪਾਲ ਸਿੰਘ ਭੋਲਾ ਲਹੀਆਂ, ਸਾਬਕਾ ਸਰਪੰਚ ਗੁਰਭੇਜ ਸਿੰਘ ਚੀਮਾ, ਰਵਿੰਦਰ ਸਿੰਘ ਚੀਮਾ, ਸਰਪੰਚ ਕੇਹਰ ਸਿੰਘ ਨੌਸ਼ਹਿਰਾ, ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਸਰਪੰਚ ਗੁਰਮੀਤ ਸਿੰਘ ਭੂਸੇ, ਸਾਬਕਾ ਮੈਂਬਰ ਗੁਰਿੰਦਰ ਸਿੰਘ ਗੰਡੀਵਿੰਡ, ਗੁਰਪ੍ਰੀਤ ਸਿੰਘ ਕਾਲਾ ਗੰਡੀਵਿੰਡ, ਗੁਰਬੀਰ ਸਿੰਘ ਨੌਸ਼ਹਿਰਾ, ਗੁਰਸਾਹਿਬ ਸਿੰਘ ਢੰਡ, ਬਹਾਦਰ ਸਿੰਘ ਛੀਨਾ, ਲੱਕੀ ਜਰਨਲ ਸਟੋਰ, ਗੁਰਬਿੰਦਰ ਸਿੰਘ ਮਾਣਕਪੁਰਾ, ਸੂਬਾ ਸਿੰਘ ਮਾਣਕਪੁਰਾ, ਮਾਨ ਸੰਧੂ ਨੌਸ਼ਹਿਰਾ, ਸਰਬਜੀਤ ਸਿੰਘ ਗੰਡੀਵਿੰਡ, ਪ੍ਰਧਾਨ ਅਵਤਾਰ ਸਿੰਘ ਚਾਹਲ, ਮੈਨੇਜਰ ਗੁਰਪ੍ਰਤਾਪ ਸਿੰਘ ਕਸੇਲ, ਸਰਪੰਚ ਬਲਵਿੰਦਰ ਸਿੰਘ ਕਸੇਲ ਹਵੇਲੀਆਂ, ਸੂਬੇਦਾਰ ਪ੍ਰਦੀਪ ਸਿੰਘ ਕਸੇਲ, ਬਲਜੀਤ ਸਿੰਘ ਕਸੇਲ, ਸਾਬਕਾ ਸਰਪੰਚ ਕਾਬਲ ਸਿੰਘ ਕਲਸ, ਕੈਪਟਨ ਗੁਰਮੀਤ ਸਿੰਘ ਕਸੇਲ, ਜਸਪਿੰਦਰ ਸਿੰਘ ਕਸੇਲ, ਸਰਪੰਚ ਗੁਰਬਚਨ ਸਿੰਘ ਕਸੇਲ, ਪ੍ਰਧਾਨ ਉੱਤਮ ਸਿੰਘ ਕਸੇਲ ਆਦਿ ਇਲਾਕਾ ਨਿਵਾਸੀ ਹਾਜ਼ਰ ਸਨ।

# ਮਨੀਪਾਲ ਗਲੋਬਲ ਸਕਿੱਲਜ਼ ਅਕਾਦਮੀ ਰੋਜ਼ਗਾਰ ਸਿਰਜਣ 'ਚ ਮੋਹਰੀ

ਜਲੰਧਰ : ਮਨੀਪਾਲ ਗਲੋਬਲ ਸਕਿਲਜ਼ ਅਕਾਦਮੀ, ਭਾਰਤ ਦਾ ਪ੍ਰਮੁੱਖ ਕੌਸ਼ਲ ਸਿੱਖਿਆ ਉਦਯੋਗ, ਭਾਰਤ ਦੇ ਵਿੱਚ ਤਕਰੀਬਨ ਇੱਕ ਲੱਖ ਨੌਕਰੀ ਦੇ ਮੌਕੇ ਸ਼ੁਰੂ ਕਰਦਾ ਹੈ ਜਿਸ ਨਾਲ ਰਾਸ਼ਟਰੀ ਸੇਲਜ਼ ਅਕਾਦਮੀ ਦੇ ਉਸਦੇ ਪ੍ਰੋਗਰਾਮਾਂ ਦੇ ਨਵੇਂ ਪੋਰਟਫੋਲੀਓ ਦੇ ਅਧੀਨ ਰੋਜ਼ਗਾਰ ਸੰਬੰਧੀ ਕੁਸ਼ਲ ਪੇਸ਼ੇਵਰ ਤਿਆਰ ਹੁੰਦੇ ਹਨ।

ਪ੍ਰੋਗਰਾਮ ਦੇ ਦੁਆਰਾ ਮਨੀਪਾਲ ਗਲੋਬਲ ਸਕਿੱਲਜ਼ ਅਕਾਦਮੀ ਬੀਐੱਫਐੱਸਆਈ, ਫਾਰਮਾ-ਸਿਊਟੀਕਲ ਅਤੇ ਕੰਜ਼ਿਊਮਰ ਪੈਕੇਜਡ ਗੁੱਡਜ਼ ਕੰਪਨੀਆਂ ਦੇ ਨਾਲ ਭਾਈਵਾਲੀ ਕਰਨ ਦੇ ਲਈ ਪ੍ਰਮਾਣਿਤ ਪੇਸ਼ੇਵਰਾਂ ਨੂੰ ਨਿਯੁਕਤ ਕਰੇਗੀ ਜੋ ਉਨ੍ਹਾਂ ਦੀ ਵਿੱਕਰੀ ਅਤੇ ਗਾਹਕ ਪ੍ਰਬੰਧ ਸਮੂਹਾਂ ਨੂੰ ਮਜ਼ਬੂਤ ਕਰੇਗਾ। ਰਾਸ਼ਟਰੀ ਸੇਲਜ਼ ਅਕਾਦਮੀ (ਐੱਨਐੱਸਏ) ਦੇ ਦੋ ਪੇਸ਼ੇਵਰ ਪ੍ਰਮਾਨੀਕਰਨ ਭਾਗ ਹਨ-ਐੱਨਐੱਸਏ ਉੱਤਮਤਾ ਅਤੇ ਐੱਨਐੱਸਏ ਉੱਨਤ।

ਐੱਨ ਐੱਸ ਏ ਉੱਤਮਤਾ ਇੱਕ ਛੋਟੀ ਮਿਆਦ ਦਾ ਕੋਰਸ (15-ਦਿਨ) ਦਾ ਹੈ ਅਤੇ ਐੱਨਐੱਸਏ ਉੱਨਤ ਦੋ ਮਹੀਨੇ ਦਾ ਆਨਲਾਈਨ ਪ੍ਰੋਗਰਾਮ ਹੈ। ਕੋਰਸ ਦੀ ਸਮਾਪਤੀ 'ਤੇ ਸਿੱਖਿਆਰਥੀ ਮਨੀਪਾਲ ਗਲੋਬਲ ਸਕਿੱਲਜ਼ ਅਕਾਦਮੀ ਪ੍ਰਮਾਣ ਪੱਤਰ ਦੇ ਨਾਲ ਪ੍ਰਮਾਣਿਤ ਹੋਵੇਗਾ।

ਸੀਨੀਅਰ ਰਿਲੇਸ਼ਨਸ਼ਿਪ ਮੈਨੇਜਰ, ਰੀਜਨਲ ਸੇਲਜ਼ ਲੀਡ, ਸੇਲਜ਼ ਲੀਡਰ, ਸੀਨੀਅਰ ਬਿਜ਼ਨੈਸ ਮੈਨੇਜਰ ਅਤੇ ਹੋਰ ਬਹੁਤ ਕੁਝ ਵਰਗੀਆਂ ਸੀਨੀਅਰ ਭੂਮਿਕਾਵਾਂ ਲਈ ਵਿਕਾਸ ਦੇ ਮਾਰਗ ਦੀ ਤਲਾਸ਼ ਕਰ ਰਹੇ ਮੌਜੂਦਾ ਸੇਲਜ਼ ਪੇਸ਼ੇਵਰਾਂ ਨੂੰ ਉੱਨਤ ਪ੍ਰਮਾਣੀਕਰਨ ਮਾਰਗ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

ਭਾਗੀਦਾਰੀ 'ਤੇ ਟਿੱਪਣੀ ਕਰਦੇ ਹੋਏ ਰੋਬਿਨ ਭੌਮਿਕ, ਚੀਫ ਬਿਜ਼ਨੈਸ ਅਫਸਰ, ਮਨੀਪਾਲ ਗਲੋਬਲ ਐਜੂਕੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਿਟਡ ਨੇ ਕਿਹਾ ਕਿ ਨੈਸ਼ਨਲ ਸੇਲਜ਼ ਅਕੈਡਮੀ ਦੇ ਜ਼ਰੀਏ ਅਸੀਂ ਪੂੰਜੀ ਬਾਜ਼ਾਰਾਂ, ਵਪਾਰ, ਪ੍ਰਤੀਭੂਤੀਆਂ ਅਤੇ ਭਾਰਤੀ ਜਨਤਕ ਬਾਜ਼ਾਰ ਵਿੱਚ ਦੌਲਤ ਸਿਰਜਣ ਵਿੱਚ ਹੁਨਰਮੰਦ ਮਨੁੱਖੀ ਪ੍ਰਾਪਤੀ ਦੇ ਨਾਲ ਸਕੇਲੇਬਲ ਵਿਕਾਸ ਨੂੰ ਸਮਰਥਨ ਦੇਣ ਦੀ ਕੋਸ਼ਿਸ਼ ਕਰਦੇ ਹਾਂ।

# ਸ਼ਿਵ ਮੰਦਰ 'ਚ ਮੰਗਿਆ ਸਰਬੱਤ ਦਾ ਭਲਾ



ਕਲਾਨੌਰ (ਮਨਦੀਪ ਕੋਹਲੀ)- ਨਵੇਂ ਸਾਲ ਦੀ ਆਮਦ 'ਤੇ ਕਲਾਨੌਰ ਸ਼ਿਵ ਮੰਦਰ ਬੀ ਡੀਪੀ ਓ ਚੌਕ ਵਿੱਚ ਦੁਕਾਨਦਾਰਾਂ ਵੱਲੋਂ ਮਿਲ ਕੇ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਕਿ ਆਇਆ ਨਵਾਂ ਸਾਲ ਹਰੇਕ ਲਈ ਖੁਸ਼ੀਆਂ ਅਤੇ ਭਾਗਾਂ ਭਰਿਆ ਆਵੇ ਅਤੇ ਉਸ ਤੋਂ ਬਾਅਦ ਦੁੱਧ ਅਤੇ ਅਲਸੀ ਦੀਆਂ ਪਿੰਨੀਆਂ ਦਾ ਲੰਗਰ ਲਗਾਇਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸ਼ੀਲ ਕੁਮਾਰ, ਬੱਬੀ ਮਹਾਜਨ, ਰਿੰਕੂ ਟੇਲਰ, ਜਗੀਰੀ ਲਾਲ ਬਲਹੋਤਰਾ, ਮਨਪ੍ਰੀਤ ਬਲਹੋਤਰਾ, ਮਨਪ੍ਰੀਤ ਪਵਾਰ, ਰਕੇਸ਼ ਮਹਾਜਨ, ਮਿੱਠੀ ਹਲਵਾਈ, ਕਾਲਾ ਪਨਸੋਤਰਾ, ਹੀਰਾ ਟੇਲਰ, ਸੋਨੂੰ, ਕਾਕਾ ਸੈਣੀ ਆਦਿ ਨੇ ਵੀ ਸਹਿਯੋਗ ਦਿੱਤਾ ਅਤੇ ਦੁੱਧ ਅਤੇ ਅਲਸੀ ਦੀਆਂ ਪਿੰਨੀਆਂ ਦਾ ਲੰਗਰ ਵਰਤਾਇਆ।

# ਅੱਡਾ ਝਬਾਲ ਵਿਖੇ ਟ੍ਰੈਫਿਕ ਪੁਲਸ ਨੇ ਕੱਟੇ ਚਲਾਨ




ਝਬਾਲ (ਹਰਜਿੰਦਰ ਸਿੰਘ/ਰੌਬਿਨ ਸਿੰਘ ਸੋਨੀ)- ਸਥਾਨਕ ਅੱਡਾ ਝਬਾਲ ਵਿਖੇ ਟ੍ਰੈਫਿਕ ਪੁਲਸ ਵੱਲੋਂ ਟ੍ਰੈਫਿਕ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕਰੀਬ ਇੱਕ ਦਰਜਨ ਚਲਾਨ ਕੱਟੇ ਅਤੇ ਕੁਝ ਨੂੰ ਚਿਤਾਵਨੀ ਦੇ ਕੇ ਅੱਗੇ ਤੋਂ ਕਾਗਜ਼ਾਤ ਪੂਰੇ ਰੱਖਣ ਦੀ ਸ਼ਰਤ 'ਤੇ ਛੱਡਿਆ ਗਿਆ।

ਇਸ ਮੌਕੇ ਟ੍ਰੈਫਿਕ ਮੁਲਾਜ਼ਮ ਏਐੱਸਆਈ ਸਵਿੰਦਰ ਸਿੰਘ ਨੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਉਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਕਿਹਾ ਕਿ ਬਿਨਾਂ ਲਾਇਸੰਸ ਤੋਂ ਮੋਟਰਸਾਈਕਲ 'ਤੇ ਨਾ ਆਉਣ ਤੇ ਨਾ ਹੀ ਤੇਜ਼ ਗਤੀ ਵਿੱਚ ਵਾਹਨ ਚਲਾਉਣ ਅਤੇ ਜੇਕਰ ਕੋਈ ਮੋਟਰਸਾਈਕਲਾਂ 'ਤੇ ਸਟੰਟ ਨਾ ਕਰਨ ਖਾਸ ਕਰਕੇ ਬੁਲਟ ਮੋਟਰਸਾਈਕਲਾਂ ਤੇ ਆਉਣ ਵਾਲਿਆਂ ਨੂੰ ਹਦਾਇਤਾਂ ਕੀਤੀਆਂ ਕਿ ਜੇਕਰ ਕੋਈ ਸਟੰਟ ਕਰਦਾ ਕਾਬੂ ਆ ਗਿਆ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ।

ਇਸ ਮੌਕੇ ਉਨ੍ਹਾਂ ਨਾਲ ਏਐੱਸਆਈ ਬਲਵਿੰਦਰ ਸਿੰਘ ਤੇ ਹੋਰ ਵੀ ਟ੍ਰੈਫਿਕ ਮੁਲਾਜ਼ਮ ਹਾਜ਼ਰ ਸਨ।

# ਵਰਕਰ ਆਮ ਆਦਮੀ ਪਾਰਟੀ ਦੇ ਸੰਘਰਸ਼ੀ ਯੋਧੇ : ਵਿਧਾਇਕ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਸੁਤਰਾਣਾ ਵੱਲੋਂ ਹਲਕਾ ਵਿਧਾਇਕ ਕੁਲਵੰਤ ਬਾਜ਼ੀਗਰ ਸਿੰਘ ਦੀ ਅਗਵਾਈ ਵਿੱਚ ਵਰਕਰ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੰਘਰਸ਼ਾਂ 'ਚੋਂ ਨਿਕਲੀ ਹੈ ਤੇ ਇਸਦੇ ਵਰਕਰ ਸੰਘਰਸ਼ੀ ਯੋਧੇ ਹਨ, ਜਿਨ੍ਹਾਂ ਦੀ ਸਖਤ ਮਿਹਨਤ ਸਦਕਾ ਹੀ ਪੰਜਾਬ 'ਚ ਮਾਨ ਸਰਕਾਰ ਹੋਂਦ 'ਚ ਆਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਹਰ ਵਰਕਰ ਦੀ ਦਿਲੋਂ ਕਦਰ ਕਰਦੇ ਹਨ।

ਉਨ੍ਹਾਂ ਦਾ ਮੰਨਣਾ ਹੈ ਕਿ ਵਰਕਰ ਪਾਰਟੀ ਦੀ ਨੀਂਹ ਹਨ, ਜਿਨ੍ਹਾਂ ਦੇ ਸਿਰ 'ਤੇ ਪਾਰਟੀ ਖੜੀ ਹੈ ਤੇ ਉਨ੍ਹਾਂ ਦੀਆਂ ਹਦਾਇਤਾਂ ਮੁਤਾਬਕ ਹੀ ਹਰ ਪਾਰਟੀ ਵਰਕਰ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਹਲਕਾ ਵਿਧਾਇਕ ਬਾਜ਼ੀਗਰ ਨੇ ਕਿਹਾ ਕਿ ਪਾਰਟੀ ਵਰਕਰਾਂ ਲਈ ਦਰਵਾਜ਼ੇ ਹਰ ਸਮੇਂ ਖੁੱਲ੍ਹੇ ਹਨ, ਦਿਨ ਹੋਵੇ ਜਾਂ ਰਾਤ, ਜਦੋਂ ਮਰਜ਼ੀ ਆ ਸਕਦੇ ਹਨ ਤੇ ਵਰਕਰਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਹੋਣਗੇ। ਟਰੱਕ ਯੂਨੀਅਨਾਂ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ ਨੇ ਕਿਹਾ ਕਿ ਹਲਕਾ ਵਿਧਾਇਕ ਦੀ ਯੋਗ ਅਗਵਾਈ ਹੇਠ ਹਲਕੇ ਦੇ ਹਰ ਕੰਮ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ ਸਮੇ ਹਲਕੇ ਦੇ ਲੋਕ ਚੰਡੀਗੜ੍ਹ ਗੇੜੇ ਲਾ ਕੇ ਨਾਰਾਜ਼ ਹੋ ਕੇ ਘਰ ਮੁੜਦੇ ਸਨ, ਕਿਉਂ ਕੰਮ ਨਹੀਂ ਹੁੰਦੇ ਸਨ ਜਾਂ ਫਿਰ ਕੰਮਾਂ ਬਦਲੇ ਮੋਟੀਆਂ ਫ਼ੀਸਾਂ ਵਸੂਲੀਆਂ ਜਾਂਦੀਆਂ ਸਨ, ਪਰ ਹੁਣ ਸਾਰੇ ਕੰਮ ਵਰਕਰਾਂ ਦੀ ਅਗਵਾਈ ਹੇਠ ਹਲਕੇ 'ਚ ਹੀ ਹੋ ਰਹੇ ਹਨ।

# ਐੱਸ ਐੱਸ ਪੀ ਵੱਲੋਂ ਜਰਾਇਮ ਪੇਸ਼ਾ ਵਿਅਕਤੀਆਂ ਖਿਲਾਫ ਕੀਤੀ ਕਾਰਵਾਈ ਦੀ ਸਾਲਾਨਾ ਰਿਪੋਰਟ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਾਲ 2022 ਦੌਰਾਨ ਜ਼ਿਲ੍ਹਾ ਪੁਲਸ ਵੱਲੋਂ ਅਮਨ ਤੇ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਕੀਤੀ ਗਈ ਕਾਰਗੁਜ਼ਾਰੀ ਮਾਨਯੋਗ ਡਾਇਰੈਕਟਰ ਜਨਰਲ ਆਫ ਪੁਲਸ, ਪੰਜਾਬ, ਚੰਡੀਗੜ੍ਹ ਦਿਸ਼ਾ ਨਿਰਦੇਸ਼ਾਂ ਹੇਠ ਸਰਤਾਜ ਸਿੰਘ ਚਾਹਲ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸਾਲ 2022 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਅੰਦਰ ਭੈੜੇ ਪੁਰਸ਼ਾਂ ਅਤੇ ਨਸ਼ੀਲੇ ਪਦਾਰਥਾਂ, ਹੋਰ ਜੁਰਾਇਮ ਪੇਸ਼ਾ ਵਿਅਕਤੀਆਂ ਦੇ ਖਿਲਾਫ ਕਾਰਵਾਈ ਦੌਰਾਨ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲਿਆਂ ਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਅਧੀਨ ਕੁੱਲ 598 ਮੁਕੱਦਮੇ ਦਰਜ ਕਰਕੇ 851 ਅਰੋਪੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਪਾਸੋਂ ਨਸ਼ੀਲਾ ਪਦਾਰਥ 34 ਕਿਲੋ 09 ਗ੍ਰਾਮ 240 ਮਿਲੀ ਗ੍ਰਾਮ, ਡੋਡੇ ਚੂਰਾ ਪੋਸਤ 892 ਕਿਲੋ 250 ਗ੍ਰਾਮ, ਅਫੀਮ 18 ਕਿਲੋ 825 ਗ੍ਰਾਮ 55 ਮਿਲੀ ਗ੍ਰਾਮ, ਚਰਸ 01 ਕਿਲੋ, ਗਾਂਜਾ 10 ਕਿਲੋ 862 ਗ੍ਰਾਮ, ਭੰਗ 34 ਗ੍ਰਾਮ, ਹੈਰੋਇਨ 6 ਕਿਲੋ 735 ਗ੍ਰਾਮ 90 ਮਿਲੀ ਗ੍ਰਾਮ, ਫੋਪਪੇ ਹੁਸਕ ਗਰੇਇਨ ਪਲਓਨਟ 10 ਕਿਲੋ 765 ਗ੍ਰਾਮ, ਨਸ਼ੀਲੀਆ ਗੋਲੀਆਂ ਅਤੇ ਕੈਪਸੂਲ 76755, ਨਸ਼ੀਲੇ ਟੀਕੇ 366, ਡਰੱਗ ਮਨੀ 31,66,925/- ਰੁਪਏ ਬ੍ਰਾਮਦ ਕੀਤੇ ਗਏ ਹਨ। ਗੈਰ ਕਾਨੂੰਨੀ ਢੰਗ ਨਾਲ ਨਜਾਇਜ ਤਰੀਕੇ ਨਾਲ ਸਰਾਬ ਵੇਚਣ ਵਾਲਿਆ ਦੇ ਖਿਲਾਫ ਆਬਕਾਰੀ ਐਕਟ ਤਹਿਤ ਕੁੱਲ 233 ਕੇਸ ਦਰਜ ਹੋਏ ਅਤੇ 254 ਅਰੋਪੀਆਂ ਨੂੰ ਗ੍ਰਿਫਤਾਰ ਕਰਕੇ ਉਨਾਂ ਪਾਸੋਂ ਨਜਾਇਜ ਸ਼ਰਾਬ 1915320 ਮਿਲੀ ਲੀਟਰ, ਜਾਇਜ ਸ਼ਰਾਬ 6430975 ਮਿਲੀ ਲੀਟਰ, ਬੀਅਰ 45270 ਮਿਲੀ ਲੀਟਰ, ਚਾਲੂ ਭੱਠੀਆਂ 02 ਅਤੇ ਲਾਹਨ 255260 ਲੀਟਰ ਬ੍ਰਾਮਦ ਕੀਤੀ ਗਈ। ਜੂਆ ਅਤੇ ਦੜਾ ਸੱਟਾ ਖੇਲਣ ਵਾਲਿਆ ਦੇ ਖਿਲਾਫ ਜੂਆ ਐਕਟ ਅਧੀਨ ਕੁੱਲ 84 ਕੇਸ ਦਰਜ ਹੋਏ ਜਿਨ੍ਹਾਂ ਵਿੱਚ 102 ਆਰੋਪੀਆਂ ਨੂੰ ਗ੍ਰਿਫਤਾਰ ਕੀਤਾ ਜਿਨਾਂ ਪਾਸੋਂ ਕੁੱਲ 7,63,500/- ਰੁਪਏ ਦੀ ਬ੍ਰਾਮਦਗੀ ਕੀਤੀ ਗਈ ਹੈ। ਗੈਰ ਕਾਨੂੰਨੀ ਅਸਲਾ ਰੱਖਣ ਵਾਲੇ ਵਿਅਕਤੀਆਂ ਦੇ ਖਿਲਾਫ ਸਾਲ 2022 ਦੌਰਾਨ ਅਸਲਾ ਐਕਟ ਅਧੀਨ ਕੁੱਲ 15 ਕੇਸ ਦਰਜ ਹੋਏ ਅਤੇ 26 ਅਰੋਪੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 35 ਪਿਸਟਲ, 03 ਰਿਵਾਲਵਰ, 01 ਗੰਨ, 10 ਮੈਗਜੀਨ, 170 ਕਾਰਤੂਸ ਅਤੇ 22 ਖਾਲੀ ਕਾਰਤੂਸ ਬ੍ਰਾਮਦ ਕੀਤੇ ਗਏ। ਪਿਛਲੇ ਸਮੇਂ ਦੌਰਾਨ ਵੱਖ ਵੱਖ ਮੁਕੱਦਮਿਆਂ ਵਿੱਚ ਚੱਲ ਰਹੇ ਮੁਜਰਿਮ ਇਸ਼ਤਿਹਾਰੀਆਂ/ ਭਗੋੜਿਆਂ ਵਿਰੁੱਧ ਕਾਰਵਾਈ ਕਰਦੇ ਹੋਏ ਸਾਲ 2022 ਦੌਰਾਨ 166 ਮੁਜਰਿਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਬੰਧੀ ਪਿਛਲੇ ਸਮੇਂ ਦੌਰਾਨ ਵੱਖ ਵੱਖ ਜੁਰਮਾਂ ਅਧੀਨ ਦਰਜ ਅਣਸੁਲਝੇ ਮੁਕੱਦਮਿਆਂ ਵਿੱਚ ਸਾਲ 2022 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀ ਪੁਲਸ ਵਲੋਂ ਕਾਰਵਾਈ ਕਰਕੇ ਅਣਸੁਲਝੇ ਕੇਸਾਂ ਨੂੰ ਟਰੇਸ ਕਰਨ ਲਈ ਵੱਖ-ਵੱਖ ਪਹਿਲੂਆਂ 'ਤੇ ਕੰਮ ਕਰਦੇ ਹੋਏ ਹੇਠ ਲਿਖੇ ਅਨੁਸਾਰ ਅਣਸੁਲਝੇ ਮੁਕੱਦਮੇ ਟਰੇਸ ਕੀਤੇ ਗਏ ਹਨ:- ਕਤਲ 01, ਖੋਹ 28। ਜਾਇਦਾਦ ਵਿਰੁੱਧ ਅਪਰਾਧਾਂ ਵਿੱਚ ਪਬਲਿਕ ਵਲੋਂ ਦਿੱਤੀਆਂ ਗਈਆਂ ਦਰਖਾਸਤਾਂ ਵਿੱਚ ਵੱਖ ਵੱਖ ਧਾਰਵਾਂ ਹੇਠ ਦਰਜ ਹੋਏ 626 ਮੁਕੱਦਮਿਆਂ ਵਿਚੋਂ 3709 ਮੁਕੱਦਮਿਆਂ ਨੂੰ ਟਰੇਸ ਕਰਕੇ ਚੋਰੀ ਹੋਈ ਜਾਇਦਾਦ ਵਿੱਚੋਂ ਕੁੱਲ ਰਕਮ 3.00.30,710/- ਰੁਪਏ ਦੀ ਜਾਇਦਾਦ ਬ੍ਰਾਮਦ ਕੀਤੀ ਗਈ ਅਤੇ ਬਾਕੀ ਰਹਿੰਦੇ ਕੇਸਾਂ ਨੂੰ ਜਲਦ ਤੋਂ ਜਲਦ ਟ੍ਰੇਸ ਕਰ ਲਿਆ ਜਾਵੇਗਾ। ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਸਬੰਧ ਵਿੱਚ ਦਰਜ ਹੋਏ ਮੁਕੱਦਮਿਆਂ ਵਿੱਚ ਬ੍ਰਾਮਦ ਹੋਏ ਮਾਲ ਮੁਕੱਦਮਾ ਨੂੰ ਸਾਲ 2022 ਵਿੱਚ ਨਸ਼ਟ ਕੀਤਾ ਗਿਆ ਹੈ। ਜਿਹਨਾਂ ਵਿੱਚ ਐਨ.ਡੀ.ਪੀ.ਐਸ. ਐਕਟ ਦੇ 738 ਕੇਸਾਂ ਦਾ ਮਾਲ ਮੁਕੱਦਮਾ, ਜਿਨਾਂ ਵਿੱਚ ਡੋਡੇ ਚੂਰਾ ਪੋਸਤ 6104 ਕਿਲੋ 025 ਗ੍ਰਾਮ, ਨਸ਼ੀਲਾ ਪਾਊਡਰ 39 ਕਿਲੋ 588 ਗ੍ਰਾਮ, ਹੈਰੋਇਨ 6 ਕਿਲੋ 539 ਗ੍ਰਾਮ 460 ਮਿਲੀਗ੍ਰਾਮ, ਨਸ਼ੀਲੇ ਕੈਪਸੂਲ 39456, ਨਸ਼ੀਲੀ ਗੋਲੀਆਂ 34240, ਨਸ਼ੀਲੀਆਂ ਸ਼ੀਸ਼ੀਆਂ 125, ਨਸ਼ੀਲੇ ਟੀਕੇ 524, ਚਰਸ 01 ਕਿਲੋ 415 ਗ੍ਰਾਮ, ਫੋਪਪੇ ਹੁਸਕ ਗਰੇਇਨ ਪਲਓਨਟ 77 ਕਿਲੋ 175 ਗ੍ਰਾਮ, ਅਫੀਮ 12 ਕਿਲੋ 279 ਗ੍ਰਾਮ, ਗਾਂਜਾ 15 ਕਿਲੋ 32 ਗ੍ਰਾਮ, ਸਮੈਕ 517 ਗ੍ਰਾਮ, 9 ਸਿਰੰਜਸ ਅਤੇ 01 ਡਿਜੀਟਲ ਸਕੇਲ (ਸ਼ਮਓਿਲਲ) ਨੂੰ ਨਸ਼ਟ ਕਰਵਾਇਆ ਗਿਆ ਹੈ । ਮੋਟਰ ਵਹੀਕਲ ਐਕਟ ਅਧੀਨ ਕੀਤੇ ਚਲਾਨਾਂ ਅਤੇ ਜੁਰਮਾਨੇ ਦਾ ਵੇਰਵਾ ਸਾਲ 2022 ਦੌਰਾਨ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਮੋਟਰ ਵਹੀਕਲ ਐਕਟ ਅਧੀਨ ਸਾਲ 2022 ਦੌਰਾਨ ਕੁੱਲ 19654 ਚਲਾਨ ਕੀਤੇ ਗਏ ਅਤੇ ਜਿਹਨਾਂ ਵਿੱਚ 01,07,25,190/- ਜੁਰਮਾਨਾ ਹੋਇਆ ਹੈ।

ਇਸ ਤੋਂ ਇਲਾਵਾ ਇਸ ਸਾਲ ਦੌਰਾਨ ਜ਼ਿਲ੍ਹਾ ਹਜਾਂ ਦੇ ਟਰੈਫਿਕ ਐਜੂਕੇਸ਼ਨ ਸੈਲ ਵੱਲੋਂ ਵੱਖ ਵੱਖ ਸਕੂਲਾਂ,ਕਾਲਜਾਂ, ਟੈਕਸੀ ਯੂਨੀਅਨਾਂ, ਟਰੱਕ ਯੂਨੀਅਨਾਂ, ਟੈਂਪੂ ਯੂਨੀਅਨਾਂ ਵਿੱਚ ਜਾ ਕੇ ਸੈਮੀਨਾਰ ਲਗਾ ਕੇ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਹੈ। ਟ੍ਰੈਵਲ ਏਜੰਟਾਂ ਦੇ ਖਿਲਾਫ ਕੀਤੀ ਗਈ ਕਾਰਵਾਈ ਦਾ ਵੇਰਵਾ ਸਾਲ 2022 ਦੌਰਾਨ ਪਬਲਿਕ ਦੀਆਂ ਸ਼ਿਕਾਇਤਾਂ ਬਾਬਤ ਟਰੈਵਲ ਏਜੰਟਾਂ ਵੱਲੋਂ ਉਹਨਾਂ ਪਾਸੋਂ ਪੈਸੇ ਠੱਗਣ ਬਾਰੇ ਕਾਰਵਾਈ ਕਰਦੇ ਹੋਏ ਟਰੈਵਲ ਏਜੰਟਾਂ ਖਿਲਾਫ 55 ਮੁਕੱਦਮੇ ਦਰਜ ਕੀਤੇ ਗਏ ਹਨ ਅਤੇ ਏਜੰਟਾਂ ਪਾਸੋਂ ਕੁੱਲ 75,00,000/- ਰੁਪਏ ਵਾਪਸ ਕਰਵਾਏ ਗਏ।

## ਜਨਮ ਦਿਨ ਮੁਬਾਰਕ



ਦਿਵਿਅਮ
ਵਾਸੀ : ਮਲੋਟ



ਯੁਵੀ ਮਹਿਤਾ
ਵਾਸੀ ਫਿਲੌਰ


## ਕਲਾਸੀਫਾਈਡ ਇਸ਼ਤਿਹਾਰ

### ਬੇਦਖਲੀ ਨੋਟਿਸ

ਮੈਂ, ਗੁਲਸ਼ਨ ਕੁਮਾਰ ਪੁੱਤਰ ਸੇਵਾ ਰਾਮ ਵਾਸੀ ਮਕਾਨ ਨੰ. 3219 ਭਾਰਗੋ ਕੈਂਪ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਭਤੀਜਾ ਕਾਰਤਿਕ ਪੁੱਤਰ ਸੋਮ ਨਾਥ, ਜੋ ਆਪਣੇ ਮਾਪਿਆਂ ਦੀ ਮੌਤ ਤੋਂ ਬਾਅਦ ਮੇਰੇ ਨਾਲ ਰਹਿ ਰਿਹਾ ਹੈ, ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਮਦਨ ਲਾਲ)

ਮੈਂ ਇੰਦਰਜੀਤ ਕੁਮਾਰ ਪੁੱਤਰ ਸ੍ਰੀ ਹੰਸ ਰਾਜ ਵਾਸੀ ਭਿੱਖੀਵਿੰਡ ਤਹਿ ਪੱਟੀ ਜ਼ਿਲਾ ਤਰਨਤਾਰਨ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਕੁਮਾਰ (29) ਅਤੇ ਉਸ ਦੀ ਪਤਨੀ ਮੀਨੂ ਸਰਮਾ ਦੋਵੇਂ ਮੇਰੇ ਕਹਿਣੇ ਵਿੱਚ ਨਹੀਂ ਹਨ, ਇਸ ਲਈ ਮੈਂ ਤੇ ਮੇਰੀ ਪਤਨੀ ਸ਼ੋਭਾ ਰਾਣੀ ਦੋਵਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਉਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਹਰਜੀਤ ਕੌਰ ਪਤਨੀ ਲੇਟ ਮਹਿੰਦਰ ਸਿੰਘ ਵਾਸੀ ਮਕਾਨ ਨੰਬਰ 745 ਗਲੀ ਨੰਬਰ 3 ਮਾਰਕਫੈਡ ਚੌਕ ਮੁਹੱਲਾ ਪ੍ਰੀਤ ਨਗਰ ਕਪੂਰਥਲਾ ਦੀ ਰਹਿਣ ਵਾਲੀ ਹਾਂ। ਇਹ ਕਿ ਮੇਰਾ ਲੜਕਾ ਗੁਰਦੀਪ ਸਿੰਘ ਅਤੇ ਉਸ ਦੀ ਪਤਨੀ ਸਾਲੂ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ ਅਤੇ ਮੇਰੇ ਨਾਲ ਤੇ ਮੇਰੇ ਪਰਿਵਾਰ ਨਾਲ ਲੜਾਈ ਝਗੜਾ ਕਰਦੇ ਹਨ। ਇਹ ਕਿ ਮੈਂ ਆਪਣੇ ਉਕਤ ਲੜਕੇ ਅਤੇ ਉਸ ਦੀ ਪਤਨੀ ਨੂੰ ਆਪਣੀ ਤਮਾਮ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਕਿ ਅੱਜ ਤੋਂ ਇਨ੍ਹਾਂ ਦੋਵਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਸੰਬੰਧੀ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਵੀਰ ਸਿੰਘ ਪੁੱਤਰ ਪਰਮਜੀਤ ਸਿੰਘ, ਵਾਸੀ ਮਕਾਨ ਨੰ. 81, ਨਿਊ ਬਲਦੇਵ ਨਗਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ-144008 ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕ੍ਰਿਤਿਕਾ ਜੋਕਿ ਸ਼ਾਦੀਸ਼ੁਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੀ ਲੜਕੀ ਕ੍ਰਿਤਿਕਾ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਦਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਦਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਕੁਲਵੰਤ ਸਿੰਘ ਸਿੱਧੂ ਸਬ-ਰਜਿਸਟਰਾਰ ਜਲੰਧਰ-1

ਵਿਸ਼ਾ : ਵਸੀਅਤ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕਰਨ ਬਾਰੇ। ਦਰਖਾਸਤ ਵੱਲੋਂ ਬਿੰਦੂ ਉਰਫ ਰਾਧਾ ਹਾਂਡਾ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀਮਤੀ ਬਿੰਦੂ ਉਰਫ ਰਾਧਾ ਹਾਂਡਾ ਪਤਨੀ ਸ੍ਰੀ ਰਜੇਸ਼ ਹਾਂਡਾ ਵਾਸੀ ਮਕਾਨ ਨੰ: 148 ਭਾਈ ਦਿੱਤ ਸਿੰਘ ਨਗਰ, ਤਹਿ: ਵਾ ਜ਼ਿਲ੍ਹਾ ਜਲੰਧਰ ਨੇ ਨਿਮਨ ਹਸਤਾਖਰ ਦੇ ਪੇਸ਼ ਹੋ ਕਿ ਦਰਖਾਸਤ ਦਿੱਤੀ ਹੈ ਕਿ ਉਸ ਦੇ ਪਿਤਾ ਸ੍ਰੀ ਭੀਮ ਸੈਨ ਉਰਫ ਭੀਮ ਸੈਨ ਮਹਿੰਦਰੂ ਪੁੱਤਰ ਸ੍ਰੀ ਕੁੰਦਨ ਲਾਲ ਵਾਸੀ ਮਕਾਨ ਨੰ: 99 ਵਾਰਡ ਨੰ: 17 ਚੰਦਨ ਨਗਰ, ਜਲੰਧਰ ਦੀ ਮੌਤ ਮਿਤੀ 11.9.2019 ਨੂੰ ਹੋ ਚੁੱਕੀ ਹੈ। ਉਹਨਾ ਆਪਣੀ ਮੌਤ ਤੋਂ ਪਹਿਲਾਂ ਮਿਤੀ 5.8.2019 ਨੂੰ ਇੱਕ ਅਣ-ਰਜਿਸਟਰਡ ਵਸੀਅਤ ਆਪਣੀ ਪੁੱਤਰੀ ਬਿੰਦੂ ਉਰਫ ਰਾਧਾ ਹਾਂਡਾ ਦੇ ਹੱਕ ਵਿੱਚ ਕੀਤੀ ਸੀ। ਉਸ ਨੇ ਇਹ ਵਸੀਅਤ ਅੰਡਰ ਸੈਕਸ਼ਨ 40 ਅਧੀਨ ਰਜਿਸਟਰਡ ਕੀਤੇ ਜਾਣ ਦੀ ਬੇਨਤੀ ਕੀਤੀ ਹੈ।

ਇਹ ਵਸੀਅਤ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਅਸਾਲਤਨ ਜਾਂ ਵਕਾਲਤਨ ਜਾਂ ਬਜਰਿਆ ਮੁਖਤਿਆਰ ਨਿਮਨਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਸੰਬੰਧੀ ਅਗਲੀ ਕਾਰਵਾਈ ਆਰੰਭੀ ਜਾਵੇਗੀ।

ਸਬ-ਰਜਿਸਟਰਾਰ ਜਲੰਧਰ-1

ਨੰਬਰ : 1204/05/ਆਰ ਸੀ/ਮਿਤੀ 30.12.22

### ਨਾਂਅ ਦੀ ਬਦਲੀ

ਮੈਂ ਮੋਹਿੰਦਰ ਪਾਲ ਉਰਫ ਮੋਹਿੰਦਰ ਪੌਲ ਵਾਸੀ ਧਨੀ ਪਿੰਡ ਫਿਲੌਰ (ਜਲੰਧਰ) ਨੇ ਆਪਣਾ ਨਾਮ ਬਦਲ ਕੇ ਮੋਹਿੰਦਰ ਪਾਲ ਰੱਖ ਲਿਆ ਹੈ। ਸਬੰਧਤ ਨੋਟ ਕਰਨ।

### Change of Name

I, Surjit Kaur W/o Jasvir Singh resident at Village Lamme, PO. Jaid, Distt. Kapurthala have changed my name from Surjit Kaur to Kaur Surjit. All concerned please note.

I, Harpreet Bhatia S/o Sital Dass resident at VPO Panchhat, Tehsil Phagwara, Distt. Kapurthala have changed my name from Harpreet Bhatia to Bhatia Harpreet. All concerned please note.

### Change of Name

I Hiitherto Known as karan son of Gurdev Singh residing at Vpo Jhingar Kalan, Teh. Dasuya, District Hoshiarpur, Punjab have changed my name and shall hereafter be known as Karan Singh. (Arpit)

I Hiitherto Known as Sunanda Rani Daughter of Somnath Singh residing at Vpo Baja Chak, Teh Dasuya, District Hoshiarpur, Punjab have changed my name and shall hereafter be known as Gurnoor Kaur. (Arpit)

I Hiitherto Known as Shingara Singh son of Bakhshis Singh residing at Vill Powadra, District Jalandhar, Punjab have changed my name and shall hereafter be known as Sardara Singh . (Arpit)

I, Shivani W/o Satwinder Singh R/o Vill. Patti Talwandi Salhan, Tehsil Dasuya (Hoshiarpur), Punjab, have changed my name to Shivani Kaur. All concerned please note. (Behl)

I Rajdavinder singh s/o Didar singh R/o Adda Chabhal Teh, Distt Tarn Taran, Have changed my name Rajdawinder Singh to Rajdavinder Singh, Concerned to be noted. (Soni)

I, Meena Devi W/o Suresh Kumar R/o H.No.50, Mohalla Sham Nagar, Gulab Devi Hospital Road, Jalandhar-144013, Punjab have changed my name Meena Devi to Meena Kumari. All concerned please note.

I, Jugraj Singh s/o Sarabjit Singh r/o Vill. Kherabad, Po. Bholath, Distt.Kapurthala have changed my name to Jugraj Singh Mann. All concerned please note.

I, Anita W/o Amrish Kumar R/o H.No.363/12, New Sant Nagar, Basti Sheikh, Jalandhar, Punjab-144002 have changed my name from Anita to Anita Jassi (Jassi as Surname) All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

2-JAN-PAGE-7.qxd 1/1/2023 8:22 PM Page 1



# ਰੇਤਾ, ਬੱਜਰੀ ਦੀਆਂ ਕੀਮਤਾਂ ਨੂੰ ਲੈ ਕੇ ਰਾਜ ਮਿਸਤਰੀ-ਮਜ਼ਦੂਰਾਂ ਨੇ ਕੀਤਾ ਰੋਸ ਮੁਜ਼ਾਹਰਾ



**ਮੋਗਾ (ਅਮਰਜੀਤ ਬੱਬਰੀ)**

ਨਵੇਂ ਸਾਲ ਦੇ ਪਹਿਲੇ ਦਿਨ ਭਾਰਤੀਯ ਮਜ਼ਦੂਰ ਸੰਘ ਨਾਲ ਸਬੰਧਤ ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਵਰਕਰਾਂ ਨੇ ਪ੍ਰਧਾਨ ਸੰਤੋਖ ਸਿੰਘ ਦੀ ਅਗਵਾਈ ਵਿੱਚ ਰੇਤਾ ਬੱਜਰੀ ਦੀਆਂ ਕੀਮਤਾਂ ਘੱਟ ਕਰਨ ਦੀ ਮੰਗ ਨੂੰ ਲੈਕੇ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ ਕੀਤਾ।

ਇਸ ਰੋਸ ਮੁਜ਼ਾਹਰੇ ਵਿੱਚ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਅਤੇ ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦਾ ਨੌਂ ਮਹੀਨਿਆਂ ਦਾ ਕਾਰਜਕਾਲ ਸਮਾਪਤ ਹੋਣ ਤੇ ਨਵਾਂ ਸਾਲ ਸ਼ੁਰੂ ਹੋ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਆਪਣੀ ਮਾਇਨਿੰਗ ਪਾਲਿਸੀ ਲਾਗੂ ਕਰਨ ਵਿੱਚ ਮੁਕੰਮਲ ਤੌਰ 'ਤੇ ਫ਼ੇਲ੍ਹ ਰਹੀ ਹੈ, ਜਿਸ ਕਾਰਨ ਉਸਾਰੀ ਦਾ ਕੰਮ ਸੂਬੇ ਵਿੱਚ ਠੱਪ ਪਿਆ ਹੋਣ ਕਾਰਨ ਰਾਜ ਮਿਸਤਰੀ ਮਜ਼ਦੂਰਾਂ ਦੇ ਚੁੱਲ੍ਹੇ ਠੰਢ ਪਏ ਹੋਏ ਹਨ।

ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਸਰਕਾਰ ਬਹਾਦਰ ਮਾਇਨਿੰਗ ਪਾਲਿਸੀ ਸਖਤੀ ਨਾਲ ਲਾਗੂ ਕਰੋ, ਰੇਤਾ ਬੱਜਰੀ ਦੀਆਂ ਕੀਮਤਾਂ ਸਸਤੀ ਕਰੋ ਅਤੇ ਨਵੇਂ ਸਾਲ ਵਿੱਚ ਸੂਬੇ ਵਿਚ ਛਾਈ ਅੱਤ ਦੀ ਮੰਦੀ ਸਮਾਪਤ ਹੋਵੇ। ਧੀਰ ਨੇ ਕਿਹਾ ਕਿ ਉਸਾਰੀ ਦੇ ਕੰਮ ਵਿੱਚ ਤੇਜ਼ੀ ਆਉਣ ਨਾਲ ਹੀ ਪੰਜਾਬ ਵਿੱਚ ਉਸਾਰੀ ਨਾਲ ਸਬੰਧਤ ਸਮੁੱਚੇ ਕੰਮ ਧੰਦਿਆਂ ਵਿੱਚ ਤੇਜ਼ੀ ਆਵੇਗੀ, ਜਿਸ ਨਾਲ ਪੰਜਾਬ ਵਿੱਚ ਲੰਮੇ ਸਮੇਂ ਤੋਂ ਛਾਈ ਹੋਈ ਮੰਦੀ ਸਮਾਪਤ ਹੋਵੇਗੀ, ਪ੍ਰੰਤੂ ਭਵਨ ਨਿਰਮਾਣ ਵਿਚ ਤੇਜੀ ਕੇਵਲ ਉਸੇ ਸਮੇਂ ਆਵੇਗੀ, ਜਦੋਂ ਸੂਬੇ ਵਿੱਚ ਮਾਇਨਿੰਗ ਪਾਲਿਸੀ ਸਖਤੀ ਨਾਲ ਲਾਗੂ ਹੋਣ ਨਾਲ ਰੇਤਾ ਬੱਜਰੀ ਦੀਆਂ ਕੀਮਤਾਂ ਘੱਟ ਹੋਣਗੀਆਂ।

ਇਸ ਮੌਕੇ ਧੀਰ ਨੇ ਕਿਹਾ ਕਿ ਇੱਟ, ਭੱਠਿਆਂ, ਸੀਮੈਂਟ, ਲੋਹਾ, ਲੱਕੜੀ, ਪਲਾਈਵੁੱਡ, ਸੈਨਟਰੀ, ਸੀਸਾ, ਪੱਥਰ, ਟਾਈਲ, ਬਿਜਲੀ ਦਾ ਸਮਾਨ ਤੇ ਰੰਗ ਰੋਗਨ ਦੇ ਕੰਮ ਧੰਦਿਆਂ ਵਿੱਚ ਤੇਜ਼ੀ ਆਉਣ ਨਾਲ ਰੇਹੜੀ, ਰਿਕਸ਼ਾ, ਈ ਰਿਕਸ਼ਾ, ਆਟੋ ਰਿਕਸਾ, ਛੋਟਾ ਹਾਥੀ ਕੈਂਟਰਾਂ ਨੂੰ ਉਸਾਰੀ ਦੇ ਸਮਾਨ ਦੀ ਢੋਆ ਢੁਆਈ ਦਾ ਕੰਮ ਮਿਲਣ ਨਾਲ ਮਜ਼ਦੂਰਾਂ ਦੀਆਂ ਜੇਬਾਂ ਵਿੱਚ ਪੈਸਾ ਆਉਣ ਨਾਲ ਹਰ ਤਰ੍ਹਾਂ ਦੇ ਕਾਰੋਬਾਰ ਦੀਆਂ ਦੁਕਾਨਾਂ 'ਤੇ ਰੌਣਕ ਆਵੇਗੀ।

ਧੀਰ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਭਵਨ ਨਿਰਮਾਣ 'ਤੇ ਨਿਰਭਰ ਹੈ। ਇਸ ਮੌਕੇ ਜ਼ਿਲ੍ਹਾ ਭਾਰਤੀਯ ਮਜਦੂਰ ਸੰਘ ਨੇ ਪੰਜਾਬ ਸਰਕਾਰ ਤੋਂ ਰੇਤਾ ਬੱਜਰੀ ਦੀਆਂ ਕੀਮਤਾਂ ਤੁਰੰਤ ਸਸਤੀਆਂ ਕਰਨ ਦੀ ਮੰਗ ਕੀਤੀ। ਇਸ ਮੌਕੇ ਕੁਲਵੰਤ ਸਿੰਘ, ਰੂਪ ਸਿੰਘ, ਬੇਅੰਤ ਸਿੰਘ, ਗੁਰਤੇਜ ਸਿੰਘ ਘਾਲੀ, ਮੰਗਲ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਰਾਜ ਮਿਸਤਰੀ ਮਜਦੂਰ ਹਾਜ਼ਰ ਸਨ।

# ਮਿੱਲ ਮਜ਼ਦੂਰ ਦੀ ਅੱਗ ਨਾਲ ਝੁਲਸਣ ਕਾਰਨ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੰਡੀ ਗੋਬਿੰਦਗੜ੍ਹ ਦੇ ਇੱਕ ਲੋਹਾ ਉਦਯੋਗ 'ਚ ਕੰਮ ਕਰ ਰਹੇ ਇੱਕ ਪ੍ਰਵਾਸੀ ਮਜ਼ਦੂਰ ਦੀ ਅੱਗ ਨਾਲ ਬੁਰੀ ਤਰ੍ਹਾਂ ਝੁਲਸਣ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਕੋਲ ਲਿਖਵਾਏ ਬਿਆਨਾਂ 'ਚ ਰਾਮ ਇਕਬਾਲ ਸਿੰਘ ਵਾਸੀ ਪਿੰਡ ਰਟਨਾ ਜ਼ਿਲਾ ਨਾਲਦਾ (ਬਿਹਾਰ) ਨੇ ਦੱਸਿਆ ਕਿ ਉਸਦਾ ਭਰਾ ਬਬਨ ਜੋ ਮੰਡੀ ਗੋਬਿੰਦਗੜ੍ਹ ਦੇ ਦਲੀਪ ਨਗਰ ਇਲਾਕੇ 'ਚ ਕਿਰਾਏ 'ਤੇ ਰਹਿ ਰਿਹਾ ਸੀ। ਮੰਡੀ ਗੋਬਿੰਦਗੜ੍ਹ ਦੇ ਅਮਲੋਹ ਰੋਡ 'ਤੇ ਸਥਿਤ ਨਿਊ ਦਸ਼ਮੇਸ਼ ਅਲਾਇਜ਼ ਮਿੱਲ 'ਚ ਕਰੇਨ ਚੁੰਬਕ ਨਾਲ ਲੋਹੇ ਨੂੰ ਭੱਠੀ 'ਚ ਪਾਉਣ ਦਾ ਕੰਮ ਕਰਦਾ ਸੀ, ਜਿਸ ਨੂੰ ਮਿਲ ਮਾਲਕਾਂ ਜਾਂ ਠੇਕੇਦਾਰ ਵੱਲੋਂ ਕੰਮ ਦੌਰਾਨ ਲਾਈਫ਼ ਸੇਫਟੀ ਜੈਕੇਟ, ਦਸਤਾਨੇ, ਹੰਟਰ ਸ਼ੂਜ਼ ਜਾ ਹੈਲਮੇਟ ਆਦਿ ਮੁਹੱਈਆ ਨਹੀਂ ਸਨ, ਕਰਾਏ ਜਾਂਦੇ ਤੇ ਬੀਤੇ ਦਿਨ ਬਬਨ ਜਦੋਂ ਮਿੱਲ ਦੀ ਭੱਠੀ 'ਚ ਲੋਹਾ ਪਾ ਰਿਹਾ ਸੀ ਤਾਂ ਭੱਠੀ 'ਚੋਂ ਨਿਕਲੀ ਤੇਜ਼ ਅੱਗ ਕਾਰਨ ਉਹ ਬੁਰੀ ਤਰ੍ਹਾਂ ਝੁਲਸ ਗਿਆ, ਜਿਸ ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਬਬਨ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਿਸ ਵੱਲੋਂ ਮਿੱਲ ਦੇ ਕਥਿਤ ਮਾਲਕ ਰਾਜੇਸ਼ ਜਿੰਦਲ ਤੇ ਲੇਬਰ ਠੇਕੇਦਾਰ ਵਿਰੁੱਧ ਅ/ਧ 285, 336, 304-ਏ, 34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਵਿਧਾਇਕਾਂ ਦੀਆਂ ਰਿਹਾਇਸ਼ਾਂ ਦੇ ਘਿਰਾਓ ਦੀ ਚੇਤਾਵਨੀ

**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਦੀ ਇੱਕ ਜ਼ਰੂਰੀ ਮੀਟਿੰਗ ਤੇਜਾ ਸਿੰਘ ਸੁਤੰਤਰ ਯਾਦਗਾਰ ਭਵਨ ਵਿਖੇ ਰਘਵੀਰ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸਮੂਹ ਬਲਾਕਾਂ ਦੀਆਂ ਆਗੂ ਨੇ ਟੀਮਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਪ੍ਰਧਾਨ ਗੋਇਲ ਨੇ ਆਮ ਆਦਮੀ ਪਾਰਟੀ ਦੇ ਸਾਰੇ ਸੀਨੀਅਰ ਆਗੂਆਂ ਨੇ ਚੋਣਾਂ ਤੋਂ ਪਹਿਲਾਂ ਐਸੋਸੀਏਸ਼ਨ ਦੇ ਅਨਰਜਿਸਟਰਡ ਡਾਕਟਰਾਂ ਨੂੰ ਟ੍ਰੇਨਿੰਗ ਦੇ ਕੇ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੇ ਪ੍ਰਮਾਣ ਪੱਤਰ ਜਾਰੀ ਕੀਤੇ ਜਾਣਗੇ ਤਾਂ ਜੁ ਲੰਮੇ ਸਮੇਂ ਤੋਂ ਪਿੰਡਾਂ ਵਿੱਚ ਸੇਵਾ ਕਰ ਰਹੇ ਇਹ ਸਾਥੀ ਵੀ ਆਜਾਦੀ ਨਾਲ ਕੰਮ ਕਰਕੇ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ, ਪ੍ਰੰਤੂ ਸਰਕਾਰ ਬਣਨ ਉਪਰੰਤ ਵੀ ਪੰਜਾਬ ਸਰਕਾਰ ਦੇ ਵੱਖ-ਵੱਖ ਮੰਤਰੀਆਂ ਨੂੰ ਮਿਲਣ ਤੋਂ ਬਾਅਦ ਵੀ ਉਮੀਦਾਂ ਨੂੰ ਬੂਰ ਪੈਂਦਾ ਨਹੀ ਦਿਖਾਈ ਦੇ ਰਿਹਾ, ਜਿਸ ਤੋਂ ਖਫ਼ਾ ਹੋ ਕੇ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਯਾਦ ਕਰਾਉਣ ਲਈ ਜ਼ਿਲ੍ਹੇ ਦੇ ਤਿੰਨਾਂ ਵਿਧਾਇਕਾਂ ਦੀਆਂ ਰਿਹਾਇਸ਼ਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ।



ਇਸ ਤੋਂ ਇਲਾਵਾ ਜ਼ਿਲ੍ਹਾ ਚੇਅਰਮੈਨ ਤਾਰਾ ਚੰਦ ਭਾਵਾ ਤੇ ਸਕੱਤਰ ਹਰਚੰਦ ਸਿੰਘ ਮੱਤੀ ਨੇ ਜ਼ੀਰਾ ਸਰਾਬ ਫੈਕਟਰੀ ਦੇ ਚੱਲ ਰਹੇ ਸੰਘਰਸ ਦੀ ਹਮਾਇਤ ਕਰਨ, ਲਤੀਫ਼ਪੁਰਾ ਕਾਂਡ ਵਿੱਚ ਉਜਾੜੇ ਗਏ ਲੋਕਾਂ ਦੇ ਮੁੜ ਵਸੇਬੇ ਦੀ ਮੰਗ ਪੰਜਾਬ ਸਰਕਾਰ ਵੱਲੋਂ ਕਰਨ ਆਦਿ ਦੇ ਮਤੇ ਵੀ ਮੀਟਿੰਗ ਵਿੱਚ ਰੱਖੇ ਗਏ, ਜਿਨ੍ਹਾਂ ਨੂੰ ਵੀ ਸਰਬਸੰਮਤੀ ਨਾਲ ਪਾਸ ਕਰਕੇ ਅਮਲੀ ਰੂਪ ਵਿੱਚ ਲਾਗੂ ਕਰਨ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਗਮਦੂਰ ਸਿੰਘ ਰੱਲੀ ਅਤੇ ਅਸ਼ੋਕ ਕੁਮਾਰ ਗਾਮੀਵਾਲਾ, ਗੁਰਪ੍ਰੀਤ ਸਿੰਘ ਕਿਸ਼ਨਗੜ੍ਹ ਮੀਟਿੰਗ ਵਿੱਚ ਬਲਾਕ ਭੀਖੀ ਦੇ ਪ੍ਰਧਾਨ ਸੱਤਪਾਲ ਰਿਸ਼ੀ, ਸਕੱਤਰ ਸਤਵੰਤ ਸਿੰਘ, ਬਲਾਕ ਝੁਨੀਰ ਦੇ ਪ੍ਰਧਾਨ ਅੰਗਰੇਜ਼ ਸਿੰਘ, ਵਿੱਤ ਸਕੱਤਰ ਰਾਜ ਸਿੰਘ, ਬਲਾਕ ਸਰਦੂਲਗੜ੍ਹ ਦੇ ਪ੍ਰਧਾਨ ਰਾਜਵੀਰ ਸਿੰਘ, ਬਲਾਕ ਬੁਢਲਾਡਾ ਦੇ ਪ੍ਰਧਾਨ ਗੁਰਜੀਤ ਸਿੰਘ ਵਰੇ ਤੇ ਕੈਸ਼ੀਅਰ ਸਿਸਨ ਗੋਇਲ, ਬਲਾਕ ਬਰੇਟਾ ਦੇ ਪ੍ਰਧਾਨ ਪ੍ਰੇਮ ਸਿੰਘ ਕਿਸ਼ਨਗੜ੍ਹ, ਹਰਬੰਸ ਸਿੰਘ ਦਿਆਲਪੁਰਾ, ਬਲਾਕ ਮਾਨਸਾ ਦੇ ਪ੍ਰਧਾਨ ਪ੍ਰੇਮ ਗਰਗ, ਵਿੱਤ ਸਕੱਤਰ ਲਾਭ ਸਿੰਘ, ਮੈਂਗਲ ਸਿੰਘ, ਬਲਾਕ ਜੋਗਾ ਦੇ ਪ੍ਰਧਾਨ ਗੁਰਬਿੰਦਰ ਸਿੰਘ, ਸੀਨੀਅਰ ਵਾਈਸ ਪ੍ਰਧਾਨ ਕਰਮਜੀਤ ਸਿੰਘ, ਬਲਾਕ ਬੋਹਾ ਦੇ ਪ੍ਰਧਾਨ ਸੁਖਪਾਲ ਸਿੰਘ ਆਦਿ ਵੀ ਹਾਜ਼ਰ ਸਨ।

## ਕਾਤਰਾਂ

### ਮੁੱਖ ਮੰਤਰੀ ਵੱਲੋਂ ਨਵੇਂ ਸਾਲ ਦੀ ਵਧਾਈ

**ਚੀਮਾਂ ਮੰਡੀ (ਰਵਿੰਦਰਚੀਮਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚੀਮਾ ਮੰਡੀ ਵਿਖੇ ਪਹੁੰਚੇ ਜਿੱਥੇ ਉਹਨਾਂ ਨੇ ਇਹਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਅਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੇ ਜਲਦ ਚੀਮਾ ਮੰਡੀ ਵਿੱਚ ਤਹਿਸੀਲ ਕੰਪਲੈਕਸ ਬਣਾ ਜਾਵੇਗਾ। ਮੁੱਖ ਮੰਤਰੀ ਨੇ ਚੀਮਾ ਮੰਡੀ ਦੇ ਲੋਕਾਂ ਨੂੰ ਨਵੇਂ ਸਾਲ ਦਾ ਸੁਆਗਤ ਦੇਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਤਹਿਸੀਲ ਕੰਪਲੈਕਸ ਬਣਾ ਜਾਵੇਗਾ। ਜਿੱਥੇ ਚੀਮਾ ਦੇ ਲੋਕਾਂ ਨੂੰ ਸਾਰੀਆਂ ਸਹੂਲਤਾਂ ਮਿਲਣ।

### ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੇ ਸਮਾਗਮਾਂ ਦਾ ਐੱਸ ਐੱਸ ਪੀ ਨੂੰ ਸੱਦਾ ਪੱਤਰ



**ਜਗਰਾਉਂ (ਅਮਿਤ ਖੰਨਾ)**-ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਨੂੰ ਸਮਰਪਤ ਚੱਲ ਰਹੇ ਸਮਾਗਮਾਂ ਦਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਧਾਨ ਪ੍ਰਿੰ. ਚਰਨਜੀਤ ਸਿੰਘ ਭੰਡਾਰੀ, ਜਨਰਲ ਸਕੱਤਰ ਬਲਵਿੰਦਰਪਾਲ ਸਿੰਘ ਮੱਕੜ ਤੇ ਸਹਾਇਕ ਖ਼ਜ਼ਾਨਚੀ ਰਵਿੰਦਰਪਾਲ ਸਿੰਘ ਮੇਦ ਵੱਲੋਂ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਹਰਜੀਤ ਸਿੰਘ, ਐਸ.ਪੀ. (ਹੈਡਕੁਆਟਰ) ਗੁਰਬਾਜ ਸਿੰਘ, ਡੀ. ਐਸ. ਪੀ. ਸਤਿੰਦਰਪਾਲ ਸਿੰਘ ਵਿਰਕ ਤੇ ਐਸ.ਐਚ.ਓ. ਸਿਟੀ ਇੰਦਰਜੀਤ ਸਿੰਘ ਬੋਪਾਰਾਏ ਨੂੰ ਸੱਦਾ ਪੱਤਰ ਦਿੱਤਾ ਗਿਆ ਤੇ ਨਗਰ ਕੀਰਤਨ 'ਚ ਟ੍ਰੈਫਿਕ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਪੁਲਿਸ ਤੋਂ ਸਹਿਯੋਗ ਮੰਗਿਆ। ਇਸ ਮੌਕੇ ਪ੍ਰਿੰ: ਚਰਨਜੀਤ ਸਿੰਘ ਭੰਡਾਰੀ ਨੇ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਨੂੰ ਸਮਰਪਤ 3 ਜਨਵਰੀ ਨੂੰ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜਿਹੜਾ ਪੂਰੇ ਸ਼ਹਿਰ ਦੀ ਪ੍ਰਕਰਮਾ ਕਰਦਾ ਹੋਇਆ ਦੇਰ ਸ਼ਾਮ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ 4 ਤੇ 5 ਜਨਵਰੀ ਨੂੰ ਕੀਰਤਨ ਦਰਬਾਰ ਹੋਵੇਗਾ, ਜਿਸ 'ਚ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਜਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਨਵੇਂ ਸਾਲ ਦੀ ਸ਼ੁਰੂਆਤ ਰਮਾਇਣ ਦੇ ਪਾਠ ਨਾਲ ਕੀਤੀ

**ਸੰਗਰੂਰ (ਪ੍ਰਵੀਨ ਸਿੰਘ)**-ਮਹਾਂ ਤਪੀਸਰ ਨਗਨ ਬਾਬਾ ਸ੍ਰੀ ਸਾਹਿਬ ਦਾਸ ਜੀ ਦੇ ਤਪ ਅਸਥਾਨ ਨਾਭਾ ਗੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਬੱਤ ਦੇ ਭਲੇ ਅਮਨ ਸ਼ਾਂਤੀ ਦੇ ਲਈ ਨਵੇਂ ਸਾਲ 2023 ਦੀ ਸ਼ੁਰੂਆਤ ਸ੍ਰੀ ਰਮਾਇਣ ਜੀ ਦੇ ਪਾਠ ਤੇ ਹਵਨ ਕਰਕੇ ਤਪ ਅਸਥਾਨ ਦੀ ਪ੍ਰਬੰਧਕੀ ਕਮੇਟੀ ਅਤੇ ਸੇਵਾ ਦਲ ਵੱਲੋਂ ਪ੍ਰਧਾਨ ਸ੍ਰੀ ਹਰੀਸ਼ ਕੁਮਾਰ ਅਰੋੜਾ, ਰਾਜਵੀਰ ਸਿੰਘ ਸਿਬੀਆ, ਸੰਜੀਵ ਕੁਮਾਰ ਟੋਨੀ, ਬਲਜਿੰਦਰ ਸਿੰਘ, ਬਲਵਿੰਦਰ ਸਿੰਘ ਮੁੰਦਰੀ ਦੀ ਦੇਖ-ਰੇਖ ਹੇਠ ਪੰਡਿਤ ਬਜਰੰਗੀ ਸ਼ੁਕਲਾ ਅਤੇ ਪੰਡਤ ਸੰਤੋਸ਼ ਮਿਸ਼ਰਾ ਅਤੇ ਹੋਰ ਚਾਰ ਵਿਦਵਾਨ ਬ੍ਰਾਹਮਣਾ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਾਏ ਗਏ। ਇਸ ਮੌਕੇ ਪੂਜਨ ਦੀ ਰਸਮ ਸ੍ਰੀ ਸੂਰਜ ਭਾਨ ਟਿੰਕੂ ਤੇ ਉਸਦੇ ਪਰਵਾਰ ਵੱਲੋਂ ਨਿਭਾਈ ਗਈ, ਜਦੋਂ ਕਿ ਝੰਡੇ ਦੀ ਰਸਮ ਇੰਜ: ਪ੍ਰਵੀਨ ਬਾਂਸਲ, ਕਮਲ ਸੱਚਦੇਵਾ ਤੇ ਪਵਨ ਸ਼ਰਮਾ ਵੱਲੋਂ ਨਿਭਾਈ ਗਈ। ਪੂਜਨ ਉਪਰੰਤ ਸ੍ਰੀ ਰਮਾਇਣ ਜੀ ਦੀ ਕਥਾ ਦੌਰਾਨ ਸ੍ਰੀ ਰਾਮ ਅਤੇ ਸ੍ਰੀ ਬਾਲਾ ਜੀ ਦਾ ਗੁਣਗਾਣ ਕੀਤਾ ਗਿਆ ਤੇ ਸਾਰਾ ਵਾਤਾਵਰਨ ਰਾਮ ਰੰਗ ਤੇ ਬਾਲਾ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਸਟੇਟ ਸ਼ੋਸਲ ਵੈਲਫੇਅਰ ਐਸਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਜੈ ਜਵਾਲਾ ਸੇਵਾ ਸੰਮਤੀ ਦੇ ਚੇਅਰਮੈਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਨਗਨ ਬਾਬਾ ਸਾਹਿਬ ਦਾਸ ਜੀ ਦੇ ਤਪ ਅਸਥਾਨ ਨਤਮਸਤਕ ਹੁੰਦਿਆਂ ਕਿਹਾ ਕਿ ਇਹ ਧਰਮ ਅਸਥਾਨ ਸਾਰਿਆਂ ਦਾ ਸਰਬ ਸਾਂਝਾ ਹੈ ਤੇ ਇੱਥੇ ਸਾਰਿਆਂ ਦੀਆਂ ਮਨੋਕਾਮਨਾਵਾਂ ਅਤੇ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਅਸੀਂ ਇਸ ਪਵਿੱਤਰ ਅਸਥਾਨ 'ਤੇ ਅਰਦਾਸ ਕਰਦੇ ਹਾਂ ਕਿ ਬਾਬਾ ਸਾਹਿਬ ਦਾਸ ਜੀ ਸਾਰਿਆਂ ਤੇ ਆਪਣੀ ਛਤਰ ਛਾਇਆ ਬਣਾਈ ਰੱਖਣ।

# ਡੀ ਏ ਵੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਨੈਸ਼ਨਲ ਖੇਡਾਂ 'ਚੋਂ ਜਿੱਤੇ ਮੈਡਲ



**ਜਗਰਾਉਂ (ਅਮਿਤ ਖੰਨਾ, ਨਛੱਤਰ ਸੰਧੂ)**

ਡੀਏਵੀ ਸੈਂਟਨਰੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਡੀਏਵੀ ਨੈਸਨਲ ਖੇਡਾਂ ਵਿੱਚ ਇੱਕ ਗੋਲਡ ਮੈਡਲ ਚਾਰ ਸਿਲਵਰ ਮੈਡਲ ਤਿੰਨ ਬਰਾਊਂਸ ਮੈਡਲ ਹਾਸਲ ਕੀਤੇ। ਡੀਏਵੀ ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਬ੍ਰਿਜਮੋਹਨ ਬੱਬਰ ਨੇ ਦੱਸਿਆ ਕੀ ਡੀਏਵੀ ਨੈਸ਼ਨਲ ਖੇਡਾਂ ਜੋ ਅੰਡਰ-19 ਲੜਕੀਆਂ ਦੀ ਜਲੰਧਰ ਦੇ ਡੀਏਵੀ ਯੂਨੀਵਰਸਿਟੀ ਵਿਖੇ 29 ਤੋਂ 31 ਜਨਵਰੀ ਤੱਕ ਕਰਾਈਆ ਗਈਆਂ, ਜਿਸ ਵਿੱਚ ਭਾਰਤ ਦੇ ਕਈ ਰਾਜਾਂ ਤੋਂ ਡੀਏਵੀ ਸਕੂਲ ਦੀਆਂ ਖਿਡਾਰਨਾਂ ਨੇ ਭਾਗ ਲਿਆ। ਖੇਡਾਂ ਵਿੱਚ ਡੀਏਵੀ ਸੈਂਟਨਰੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਤੀਰਅੰਦਾਜ਼ੀ ਅਤੇ ਵੁਸ਼ੂ ਖੇਡ ਵਿੱਚ ਭਾਗ ਲੈਂਦਿਆਂ ਇੱਕ ਗੋਲਡ ਮੈਡਲ ਚਾਰ ਸਿਲਵਰ ਮੈਡਲ ਤੇ ਤਿੰਨ ਬਰੋਨਜ ਹਾਸਲ ਕੀਤੇ।

ਤੀਰਅੰਦਾਜ਼ੀ ਵਿੱਚ ਅਨੁਸ਼ਕਾ ਸ਼ਰਮਾ ਨੇ ਇੰਡੀਅਨ ਰਾਊਂਡ ਵਿੱਚ ਟੀਮ ਗੋਲਡ ਮੈਡਲ ਨੂਰ ਸਰਮਾ ਨੇ ਕੰਪਾਊਡਰ ਰਾਊਂਡ ਵਿੱਚ ਟੀਮ ਸਿਲਵਰ ਮੈਡਲ ਤੇ ਰੀਆ ਨੇ ਰੈਕਵਰ ਰਾਊਂਡ ਵਿਚ ਟੀਮ ਸਿਲਵਰ ਮੈਡਲ ਤੇ 70 ਮੀਟਰ ਵਿੱਚ ਬਰੋਨਜ ਮੈਡਲ ਹਾਸਲ ਕੀਤਾ, ਇਸਦੇ ਨਾਲ ਵੁਸ਼ ਖੇਡ ਵਿਚ ਜੀਆ ਗਿੱਲ ਨੇ-40 ਕਿਲੋ ਭਾਰ ਵਿੱਚ ਬਰੋਨਜ ਮੈਡਲ ਰਿਧਿਮਾ ਵਿੱਜ ਨੇ-60 ਕਿਲੋ ਭਾਰ ਵਿੱਚ ਸਿਲਵਰ ਮੈਡਲ ਹਾਸਲ ਕੀਤਾ। 65 ਭਾਰ ਵਿੱਚ ਸਾਈਨਾ ਕਤਿਆਲ ਨੇ ਬਰੋਨਜ ਮੈਡਲ ਤੇ ਗੁਣਵੀਨ ਕੌਰ ਨੇ 65 ਭਾਰ ਵਿੱਚ ਸਿਲਵਰ ਮੈਡਲ ਹਾਸਲ ਕੀਤਾ, ਜਦਕਿ ਰਵਨੀਤ ਕੌਰ ਨੇ -36 ਕਿੱਲੋ ਭਾਰ ਵਿੱਚ ਭਾਗ ਲਿਆ।

ਖਿਡਾਰੀਆਂ ਦਾ ਸਕੂਲ ਵਾਪਸ ਆਉਣ 'ਤੇ ਬਹੁਤ ਵਧੀਆ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਬ੍ਰਿਜ ਮੋਹਨ ਬੱਬਰ ਤੇ ਰਾਜਕੁਮਾਰ ਭੱਲਾ ਜੀ ਐਲ ਐਮ ਸੀ ਮੈਂਬਰ ਉਨ੍ਹਾਂ ਨੇ ਖਿਡਾਰੀਆਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਖਿਡਾਰੀਆਂ ਦੇ ਨਾਲ ਉਨ੍ਹਾਂ ਦੇ ਮਾਪਿਆਂ ਦਾ ਵੀ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਬ੍ਰਿਜ ਮੋਹਨ ਨੇ ਦੱਸਿਆ ਕਿ ਜਗਰਾਉਂ ਦੇ ਡੀਏਵੀ ਸਕੂਲ ਵਿੱਚ ਪਹਿਲੀ ਵਾਰ ਡੀਏਵੀ ਨੈਸਨਲ ਖੇਡਾਂ ਵਿੱਚ ਖਿਡਾਰੀਆਂ ਨੇ 8 ਮੈਡਲ ਹਾਸਲ ਕੀਤੇ ਹਨ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਹਰਦੀਪ ਸਿੰਘ ਡੀਪੀਈ ਤੇ ਸੁਰਿੰਦਰ ਪਾਲ ਵਿੱਜ, ਡੀਪੀਈ ਅਮਨਦੀਪ ਕੌਰ, ਡੀਪੀਈ ਪ੍ਰਿੰਸੀਪਲ ਬ੍ਰਿਜ ਮੋਹਨ, ਰਾਜ ਕੁਮਾਰ ਭੱਲਾ, ਦਿਨੇਸ਼ ਕੁਮਾਰ ਤੇ ਰਜਨੀ ਸ਼ਰਮਾ ਮੈਡਮ ਹਾਜ਼ਰ ਸਨ।

# ਜ਼ਿਲ੍ਹਾ ਟੀਕਾਕਰਨ ਅਫ਼ਸਰ ਵੱਲੋਂ ਸਿਹਤ ਕੇਂਦਰਾਂ ਦਾ ਨਿਰੀਖਣ

**ਮਾਨਸਾ (ਆਤਮਾ ਸਿੰਘ ਪਮਾਰ)**

ਸਿਹਤ ਵਿਭਾਗ ਵੱਲੋਂ ਬੱਚਿਆਂ ਨੂੰ ਨਮੂਨੀਆ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਨਵਰੂਪ ਕੌਰ ਨੇ ਸਾਂਸ ਪ੍ਰੋਗਰਾਮ ਤਹਿਤ ਬੱਚਿਆਂ ਨੂੰ ਨਮੂਨੀਏ ਦੀ ਬਿਮਾਰੀ ਤੋਂ ਬਚਾਅ ਲਈ ਵੱਖ-ਵੱਖ ਸਿਹਤ ਕੇਂਦਰਾਂ ਦਾ ਦੌਰਾ ਕੀਤਾ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਨੇ ਖਿਆਲਾ ਕਲਾਂ, ਭੀਖੀ ਤੇ ਕੋਟੜਾ ਕਲਾਂ ਵਿਖੇ ਟੀਕਾਕਰਨ ਕੈਂਪਾਂ ਵਿੱਚ ਸਾਂਸ ਪ੍ਰੋਗਰਾਮ ਦੀ ਸਮੀਖਿਆ ਕਰਦਿਆਂ ਸਿਹਤ ਸਟਾਫ਼ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਸ਼ਾ ਵੱਲੋਂ ਘਰਾਂ ਦਾ ਦੌਰਾ ਕਰਨ ਸਮੇਂ ਮਾਪਿਆਂ ਨੂੰ ਨਮੂਨੀਏ ਦੀ ਜਲਦੀ ਪਛਾਣ ਲਈ ਲੱਛਣਾਂ ਤੋਂ ਜਾਣੂ ਕਰਾਇਆ ਜਾਵੇ। ਉਨ੍ਹਾਂ ਨਮੂਨੀਆ ਦੇ ਲੱਛਣਾਂ ਬਾਰੇ ਦੱਸਿਆ ਕਿ ਕਿਸੇ ਬੱਚੇ ਨੂੰ ਤੇਜ਼ੀ ਨਾਲ ਖਾਂਸੀ ਜ਼ੁਕਾਮ ਵਧਣਾ, ਤੇਜ਼ੀ ਨਾਲ ਸਾਹ ਲੈਣਾ, ਪਸਲੀ ਚੱਲਣਾ ਜਾਂ ਛਾਤੀ ਦਾ ਥੱਲੇ ਧਸਣਾ, ਤੇਜ਼ ਬੁਖਾਰ ਨਾਲ ਖਾ-ਪੀ ਨਾ ਸਕਣਾ, ਸੁਸਤੀ ਤੇ ਕਾਂਬਾ ਲੱਗਣਾ ਆਦਿ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਲੈ ਕੇ ਇਲਾਜ ਕਰਾਉਣਾ ਚਾਹੀਦਾ ਹੈ। ਇਸ ਤੋਂ ਬਚਾਅ ਲਈ ਮੋਟੇ ਕੱਪੜਿਆਂ ਨਾਲ ਬੱਚਿਆਂ ਦੀ ਸੰਭਾਲ, ਸੰਪੂਰਨ ਟੀਕਾਕਰਨ, ਛੇ ਮਹੀਨੇ ਤੱਕ ਮਾਂ ਦਾ ਦੁੱਧ, ਛੇ ਮਹੀਨੇ ਬਾਅਦ ਮਾਂ ਦੇ ਦੁੱਧ ਨਾਲ ਉਪਰੀ ਖ਼ੁਰਾਕ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸੀਨੀਅਰ ਮੈਡੀਕਲ ਅਫਸਰ ਡਾਕਟਰ ਹਰਦੀਪ ਸ਼ਰਮਾ ਨੇ ਦੱਸਿਆ ਕਿ ਸਿਹਤ ਸੰਸਥਾਵਾਂ ਵਿੱਚ ਸਾਂਸ ਪ੍ਰੋਗਰਾਮ ਤਹਿਤ ਜਾਗਰੂਕਤਾ ਸਮੱਗਰੀ ਰਾਹੀਂ ਨਮੂਨੀਆ ਦੀ ਬਿਮਾਰੀ ਤੋਂ ਬਚਾਅ ਅਤੇ ਜਲਦੀ ਪਛਾਣ ਲਈ ਨਵਜੰਮੇ ਬੱਚਿਆਂ ਸਮੇਤ, ਪੰਜ ਸਾਲ ਤੱਕ ਦੇ ਬੱਚਿਆਂ ਦੀ ਪਲਸ ਆਕਸੀਮੀਟਰ ਰਾਹੀਂ ਜਾਂਚ ਕੀਤੀ ਜਾ ਰਹੀ ਹੈ।



ਇਸ ਮੌਕੇ ਬਲਾਕ ਐਜੂਕੇਟਰ ਕੇਵਲ ਸਿੰਘ ਤੇ ਸਿਹਤ ਸੁਪਰਵਾਈਜ਼ਰ ਰਾਮ ਕੁਮਾਰ ਵੀ ਹਾਜ਼ਰ ਸਨ।

# ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਾਇਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਗ੍ਰਾਮ ਪੰਚਾਇਤ ਪਿੰਡ ਬਰਧਾਲਾਂ ਵੱਲੋਂ ਖੰਨਾ ਮਲਟੀ ਸਪੈਸ਼ਲਿਟੀ ਹਸਪਤਾਲ ਅਤੇ ਟੈਸਟ ਟਿਊਬ ਬੇਬੀ ਸੈਂਟਰ ਦੇ ਸਹਿਯੋਗ ਨਾਲ ਮੁਫਤ ਚੈੱਕਅਪ ਕੈਂਪ ਲਾਇਆ ਗਿਆ। ਕੈਂਪ ਵਿੱਚ ਖੰਨਾ ਨਰਸਿੰਗ ਹੋਮ ਦੇ ਮੁਖੀ ਡਾਕਟਰ ਰਣਜੀਤ ਖੰਨਾ ਅਤੇ ਟੈਸਟ ਟਿਊਬ ਬੇਬੀ ਦੇ ਮਾਹਿਰ ਡਾਕਟਰ ਨੇਹਾ ਖੰਨਾ ਵੱਲੋਂ ਮਾਹਿਰ ਡਾਕਟਰਾਂ ਦੀ ਟੀਮ ਜਿਸ ਵਿੱਚ ਡਾਕਟਰ ਭਜਰਾਜ ਬੱਚਿਆਂ ਦੇ ਮਾਹਿਰ, ਡਾਕਟਰ ਮਨਦੀਪ ਹੱਡੀਆਂ ਦੇ ਰੋਗਾਂ ਦੇ ਮਾਹਿਰ ਆਦਿ ਡਾਕਟਰ ਵੱਲੋਂ 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ ਚੈੱਕਅਪ ਕਰਾਉਣ ਆਏ ਮਰੀਜ਼ਾਂ ਦੀ ਬਲੱਡ ਸ਼ੂਗਰ ਵੀ ਚੈੱਕ ਕੀਤੀ ਗਈ। ਇਸ ਮੌਕੇ ਡਾਕਟਰ ਰਣਜੀਤ ਖੰਨਾ ਨੇ ਕਿਹਾ ਕਿ ਸਾਡੇ ਹਸਪਤਾਲ ਵੱਲੋਂ ਸਮੇਂ-ਸਮੇਂ 'ਤੇ ਅਲੱਗ-ਅਲੱਗ ਪਿੰਡਾਂ ਵਿੱਚ ਜਾ ਕੇ ਮੁਫ਼ਤ ਚੈੱਕਅਪ ਕੈਂਪ ਲਾਏ ਜਾਂਦੇ ਹਨ। ਇਨ੍ਹਾਂ ਕੈਂਪਾਂ ਵਿੱਚ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਸਰਪੰਚ ਅਵਤਾਰ ਸਿੰਘ, ਬਲਜਿੰਦਰ ਸਿੰਘ ਬਿੱਲਾ ਪੰਚ, ਦਲਬਾਰਾ ਸਿੰਘ ਪੰਚ, ਹਰਨੇਕ ਸਿੰਘ ਨੇਕੀ, ਦਰਸ਼ਨ ਸਿੰਘ, ਕ੍ਰਿਸ਼ਨ ਸਿੰਘ, ਸੇਰੀ, ਜੱਗੀ, ਕੁਲਵਿੰਦਰ ਸਿੰਘ, ਕੁਲਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਕੈਂਪ ਵਿੱਚ ਪਹੁੰਚ ਕੇ ਚੈੱਕਅਪ ਕਰਾਇਆ।

# ਭਾਰਤ ਜੋੜੋ ਯਾਤਰਾ ਪੰਜਾਬ 'ਚ ਸ਼ਾਮਲ ਹੋਣ ਤੋਂ ਪਹਿਲਾਂ ਵਰਕਰ ਲਾਮਬੰਦ

**ਰਾਜਪੁਰਾ (ਰਮੇਸ਼ ਕਟਾਰੀਆ)**

ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋ ਮੀਟਿੰਗਾਂ ਨੂੰ ਸੰਬੋਧਨ ਕੀਤਾ, ਜਿਸ ਵਿੱਚ ਹਲਕਾ ਘਨੌਰ ਦੀਆਂ 2 ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆ 11 ਜਨਵਰੀ ਨੂੰ ਪੰਜਾਬ ਪਹੁੰਚ ਰਹੀ ਕਾਂਗਰਸ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਯਾਤਰਾ ਦੇ ਸਬੰਧ ਵਿੱਚ ਵਰਕਰਾਂ ਨੂੰ ਲਾਮਬੰਦ ਕੀਤਾ ਤੇ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨਹੀਂ ਹੈ ਤਾਂ ਕਾਂਗਰਸ ਪਾਰਟੀ ਦੀ ਬਦੌਲਤ ਬਣੇ ਕੌਂਸਲਰ, ਜ਼ਿਲ੍ਹਾ ਪ੍ਰੀਸਦ ਮੈਂਬਰ, ਸਰਪੰਚ ਆਦਿ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਵਰਕਰਾਂ ਨੂੰ ਖਰੀਆਂ ਖਰੀਆਂ ਸੁਣਾਉਂਦੇ ਹੋਏ ਕਿਹਾ ਕਿ ਮੁਸ਼ਕਲ ਦੇ ਸਮੇਂ ਵਿੱਚ ਤੁਸੀਂ ਪਾਰਟੀ ਛੱਡ ਰਹੇ ਹੋ, ਨਾ ਤਾਂ ਤੁਹਾਡਾ ਆਮ ਆਦਮੀ ਪਾਰਟੀ ਵਿੱਚ ਕੋਈ ਮੁੱਲ ਪੈਣਾ ਹੈ ਅਤੇ ਨਾ ਹੀ ਕਾਂਗਰਸ ਪਾਰਟੀ ਦੇ ਵਿੱਚ।



ਇਸ ਮੌਕੇ ਰਾਜਾ ਬੜਿੰਗ ਨੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਦੀ ਗੈਰ ਮੌਜੂਦਗੀ 'ਚ ਰਾਜਪੁਰਾ ਦੇ ਕਾਂਗਰਸ ਆਗੂਆਂ ਤੇ ਵਰਕਰਾਂ ਦੀਆਂ ਭਾਰਤ ਜੋੜੋ ਯਾਤਰਾ ਲਈ ਡਿਊਟੀਆਂ ਲਾਈਆਂ ਤੇ ਸਾਬਕਾ ਵਿਧਾਇਕ ਕੰਬੋਜ ਦੀ ਗੈਰ ਮੌਜੂਦਗੀ 'ਚ ਪੈਸੇ ਦੇ ਲਾਲਚ 'ਚ ਪਾਰਟੀ ਛੱਡਣ ਵਾਲੇ ਕਾਂਗਰਸ ਕੌਂਸਲਰਾਂ ਤੇ ਆਗੂਆਂ ਨੂੰ ਲਾਹਨਤ ਪਾਉਂਦੇ ਕਿਹਾ ਕਿ ਹਰ ਵਿਅਕਤੀ ਦੇ ਜੀਵਨ ਵਿੱਚ ਚੰਗਾ ਮਾੜਾ ਸਮਾਂ ਆਉਂਦਾ ਰਹਿੰਦਾ ਹੈ, ਪਰ ਪਾਰਟੀ ਨਾਲ ਖੜੇ ਰਹਿਣ ਵਾਲਿਆਂ ਦੇ ਬਾਅਦ ਵਿਚ ਮੁੱਲ ਪੈਂਦੇ ਹਨ ਤੇ ਵੱਡੇ ਅਹੁਦੇ ਮਿਲਦੇ ਹਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਨਰਿੰਦਰ ਸ਼ਾਸ਼ਤਰੀ ਬਲਦੇਵ ਸਿੰਘ ਗਦੋਮਾਜਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਮੌਜੂਦ ਸਨ।

# ਵਿਧਾਇਕ ਦੇਵ ਮਾਨ ਨੇ ਵਪਾਰ ਮੰਡਲ ਨਾਲ ਕੀਤੀ ਮੀਟਿੰਗ

**ਨਾਭਾ (ਵਰਿੰਦਰ ਵਰਮਾ)**-ਵਪਾਰ ਮੰਡਲ ਨਾਭਾ ਦੀ ਪਟਿਆਲਾ ਗੇਟ ਵਿਖੇ ਅਹਿਮ ਮੀਟਿੰਗ ਹੋਈ, ਜਿਸ ਵਿੱਚ ਹਲਕਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਨਾਭਾ ਵਪਾਰ ਮੰਡਲ ਦੀਆਂ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਸਮੇਤ ਭਾਰੀ ਗਿਣਤੀ ਵਿੱਚ ਵਪਾਰੀਆਂ ਨੇ ਹਿੱਸਾ ਲਿਆ। ਗੁਰਦੇਵ ਸਿੰਘ ਦੇਵ ਮਾਨ ਨੇ ਵਪਾਰੀਆਂ ਦੇ ਸੁਝਾਅ ਮੰਗੇ। ਇਸ ਮੀਟਿੰਗ ਵਿੱਚ ਨਾਭਾ ਦੇ ਵਪਾਰੀਆਂ ਦੇ ਕੈਂਪ ਦੌਰਾਨ ਬਣਾਏ ਫੂਡ ਲਾਇਸੰਸ ਵੰਡੇ ਗਏ।

ਦੇਵ ਮਾਨ ਨੇ ਕਿਹਾ ਕਿ ਕਿਸੇ ਵੀ ਵਪਾਰੀ ਨੂੰ ਅਗਰ ਕੋਈ ਸਮੱਸਿਆ ਹੈ ਤਾਂ ਜੁ ਤੁਹਾਡੀਆਂ ਐਸੋਸੀਏਸ਼ਨ ਦੇ ਪ੍ਰਧਾਨ ਹਨ, ਉਹਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੁ ਉਹ ਤੁਹਾਡੀ ਸਮੱਸਿਆ ਨੂੰ ਮੇਰੇ ਧਿਆਨ ਵਿੱਚ ਲਿਆ ਕੇ ਉਸਦਾ ਤੁਰੰਤ ਹੱਲ ਕੀਤਾ ਜਾਵੇ। ਇਸ ਦੌਰਾਨ ਦੇਵ ਮਾਨ ਨੇ ਕਿਹਾ ਕਿ ਜੇ ਕਿਸੇ ਵੀ ਵਪਾਰੀ ਨੂੰ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਤੋਂ ਵਪਾਰ ਸਬੰਧੀ ਕੋਈ ਸਮੱਸਿਆ ਹੈ। ਜਾਂ ਤੰਗ ਕਰਦਾ ਹੈ ਤਾਂ ਮੇਰੇ ਧਿਆਨ ਵਿੱਚ ਲਿਆਂਦਾ ਜਾਵੇ, ਮੈਂ ਉਸ ਦਾ ਤੁਰੰਤ ਹੱਲ ਕਰਾਂਗਾ। ਜਸਵੰਤ ਸਿੰਘ ਕਪੂਰ ਨੇ ਵਪਾਰੀਆਂ ਨੂੰ ਸੰਬੋਧਨ ਕਰਦੇ ਹੋਏ ਵਪਾਰੀਆ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣੂ ਕਰਾਇਆ। ਇਸ ਦੌਰਾਨ ਆਮ ਆਦਮੀ ਪਾਰਟੀ ਵਪਾਰ ਵਿੰਗ ਜ਼ਿਲ੍ਹਾ ਪ੍ਰਧਾਨ ਅਜੇ ਜਿੰਦਲ, ਰਮਨ ਜਿੰਦਲ ਵਪਾਰ ਮੰਡਲ ਪ੍ਰਧਾਨ, ਅਵਤਾਰ ਸਿੰਘ ਧਾਲੀਵਲ ਪ੍ਰਧਾਨ ਮਾਰਕਿਟ ਐਸੋਸੀਏਸ਼ਨ ਪਟਿਆਲਾ ਗੇਟ ਨਾਭਾ, ਨਰੇਸ਼ ਕੁਮਾਰ ਗਰਗ ਪ੍ਰਧਾਨ ਕੰਬਾਇਨ ਸਪੇਅਰ ਪਾਰਟ ਐਸੋਸੀਏਸ਼ਨ ਨਾਭਾ, ਸਲੀਮ ਮੁਹੰਮਦ ਚੇਅਰਮੈਨ ਕੈਮਿਸ਼ਟ ਐਸੋਸੀਏਸ਼ਨ ਨਾਭਾ, ਨਵਜੀਤ ਗਰਗ ਪ੍ਰਧਾਨ ਪਲਾਈਵੁੱਡ ਐਸੋਸੀਏਸ਼ਨ ਨਾਭਾ, ਅਮਰੀਕ ਸਿੰਘ ਪ੍ਰਧਾਨ ਫੋਕਲ ਪੁਆਇੰਟ, ਅਸ਼ੋਕ ਗੋਇਲ ਪ੍ਰਧਾਨ ਇਲੈਕਟ੍ਰੌਨਿਕਸ ਐਸੋਸੀਏਸ਼ਨ ਨਾਭਾ, ਕਮਲ ਗੋਇਲ ਪ੍ਰਧਾਨ ਸੈਨਟਰੀ ਐਸੋਸੀਏਸ਼ਨ, ਵਿੱਕੀ ਪ੍ਰਧਾਨ ਬੇਕਰੀ ਐਸੋਸੀਏਸ਼ਨ, ਪ੍ਰਵੀਨ ਕੁਮਾਰ ਪ੍ਰਧਾਨ ਕੈਮਿਸਟ ਐਸੋਸੀਏਸ਼ਨ, ਪਨੀਤ ਅਰੋੜਾ ਪ੍ਰਧਾਨ ਹੋਲਸੇਲ ਕੈਮਿਸਟ ਐਸੋਸੀਏਸ਼ਨ, ਮਨਜੀਤ ਸਿੰਘ ਕਿੰਗ ਪ੍ਰਧਾਨ ਅਲੋਹਰਾਂ ਗੇਟ ਐਸੋਸੀਏਸ਼ਨ, ਪ੍ਰੀਤਮ ਸਿੰਘ ਬੱਤਰਾ ਪ੍ਰਧਾਨ ਔਟਰ ਅਲੋਹਰਾ ਗੇਟ, ਧਰਮਿੰਦਰ ਗੁਪਤਾ ਪ੍ਰਧਾਨ ਟਾਇਰ ਐਸੋਸੀਏਸ਼ਨ, ਡਾ ਬਲਵਿੰਦਰ ਸਿੰਘ ਧਾਲੀਵਾਰ ਪ੍ਰਧਾਨ ਮੈਹਸ ਗੇਟ ਐਸੋਸੀਏਸ਼ਨ, ਅਮਨ ਗਰਗ ਪ੍ਰਧਾਨ ਇਲੈਕਟ੍ਰੀਕਲ ਐਸੋਸੀਏਸ਼ਨ ਨਾਭਾ ਤੋਂ ਇਲਾਵਾ ਨਰਿੰਦਰ ਢੀਂਗਰਾ, ਅਮਜਦ ਖਾਂ, ਕਪਲਦੇਵ, ਤੇਜਿੰਦਰ ਖਹਿਰਾ, ਰਾਮੇਸ਼ ਗਰਗ, ਸਤੀਸ਼ ਗੁਪਤਾ, ਸੰਤ ਰਾਮ, ਆਸ਼ੂ ਗਰਗ, ਵਿਕਾਸ ਚੋਪੜਾ, ਸੁਨੀਲ ਗੁਪਤਾ ਪ੍ਰਤਾਪ ਆਟੋ ਮੋਬਾਇਲ ਵਪਾਰ ਮੰਡਲ ਤੇ ਰਾਮ ਸਿੰਘ ਆਦਿ ਆਗੂ ਹਾਜ਼ਰ ਹੋਏ।



# ਅੰਗਰੇਜ਼ੀ ਬੋਲਣ ਮੁਕਾਬਲੇ 'ਚ ਰੱਤੋਕੇ ਦੇ ਅਭਿਜੀਤ ਨੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇੰਗਲਿਸ਼ ਬੂਸਟਰ ਕਲੱਬ ਬਣਾਏ ਗਏ ਹਨ। ਆਏ ਦਿਨ ਵੱਖ-ਵੱਖ ਸਕੂਲਾਂ ਦੇ ਇੰਗਲਿਸ਼ ਬੋਲਣ, ਲਿਖਣ ਦੇ ਮੁਕਾਬਲੇ ਕਰਾਏ ਜਾਂਦੇ ਹਨ। ਉਸੇ ਕੜੀ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦੇ ਹੋਣਹਾਰ ਵਿਦਿਆਰਥੀ ਅਭਿਜੀਤ ਸਿੰਘ ਨੇ ਜ਼ਿਲ੍ਹਾ ਸੰਗਰੂਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।



ਅਭਿਜੀਤ ਨੂੰ ਸਕੂਲ ਸਟਾਫ ਅਤੇ ਨਗਰ ਪੰਚਾਇਤ ਵੱਲੋਂ ਸਨਮਾਨਤ ਕੀਤਾ ਗਿਆ। ਸਰਪੰਚ ਕੁਲਦੀਪ ਕੌਰ ਨੇ ਇਸ ਪ੍ਰਾਪਤੀ ਲਈ ਸਕੂਲ ਸਟਾਫ਼ ਦੀ ਮਿਹਨਤ ਤੇ ਅਗਵਾਈ ਦੀ ਪ੍ਰਸ਼ੰਸਾ ਕੀਤੀ। ਬਲਜੀਤ ਸਿੰਘ ਬੱਲੀ ਨੇ ਇਸ ਪ੍ਰਾਪਤੀ ਤੇ ਅਭਿਜੀਤ, ਸਕੂਲ ਸਟਾਫ਼ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਸਥਾਨ ਪ੍ਰਾਪਤੀ ਨਾਲ ਇੰਗਲਿਸ਼ ਬੂਸਟਰ ਕਲੱਬ ਵਿੱਚ ਜ਼ਿਲ੍ਹਾ ਪੱਧਰ 'ਤੇ ਸਥਾਨ ਪ੍ਰਾਪਤ ਕਰਨ ਵਾਲੇ ਰੱਤੋਕੇ ਦੇ ਵਿਦਿਆਰਥੀਆਂ ਦੀ ਗਿਣਤੀ ਲਗਪਗ 22 ਹੋ ਗਈ ਹੈ। ਬਲਾਕ ਲੈਵਲ 'ਤੇ ਸਥਾਨ ਪ੍ਰਾਪਤ ਕਰਨ ਵਾਲੇ ਇਸ ਗਿਣਤੀ ਤੋਂ ਵੱਖਰੇ ਹਨ।

ਇੰਚਾਰਜ ਸੁਰਿੰਦਰ ਸਿੰਘ ਰੱਤੋਕੇ ਨੇ ਇਸ ਪ੍ਰਾਪਤੀ ਨੂੰ ਬੱਚਿਆਂ, ਸਮੂਹ ਸਟਾਫ਼ ਤੇ ਅੰਗਰੇਜ਼ੀ ਅਧਿਆਪਕ ਸੁਖਪਾਲ ਸਿੰਘ ਦੀ ਇੱਕ ਵਿਲੱਖਣ ਪ੍ਰਾਪਤੀ ਦੱਸਿਆ ਤੇ ਕਿਹਾ ਕਿ ਜਿੱਥੇ ਹੁਣ ਵਿਦਿਆਰਥੀਆਂ ਵਿੱਚ ਬਾਹਰ ਜਾਣ ਦਾ ਰੁਝਾਨ ਵਧ ਰਿਹਾ ਹੈ, ਉਸ ਲਈ ਸਾਡੇ ਵਿਦਿਆਰਥੀ ਅੰਗਰੇਜ਼ੀ ਵਿੱਚ ਹਰ ਪ੍ਰਕਾਰ ਦੀ ਮੁਹਾਰਤ ਹਾਸਲ ਕਰ ਰਹੇ ਹਨ।

ਆਉਣ ਵਾਲੇ ਸਮੇਂ ਵਿੱਚ ਅਸੀਂ ਹੋਰ ਵੀ ਸੁਧਾਰ ਕਰਾਂਗੇ। ਸਨਮਾਨਤ ਕਰਨ ਸਮੇਂ ਪੰਚਾਇਤ ਤੋਂ ਇਲਾਵਾ ਮੈਡਮ ਕਰਮਜੀਤ ਕੌਰ, ਰਮਨਪ੍ਰੀਤ ਕੌਰ, ਰੇਨੂੰ ਸਿੰਗਲਾ, ਪਰਵੀਨ ਕੌਰ, ਸੁਮਨ ਗੋਇਲ ਤੇ ਸੁਮਨਪ੍ਰੀਤ ਕੌਰ ਮੌਜੂਦ ਸਨ। ਜਾਣਕਾਰੀ ਅਧਿਆਪਕ ਪਰਦੀਪ ਸਿੰਘ ਅਤੇ ਸਤਪਾਲ ਕੌਰ ਨੇ ਸਾਂਝੀ ਕੀਤੀ।

# ਨਵੇਂ ਸਾਲ 'ਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ 'ਚ ਕੀਤੇ ਸਖਤ ਸੁਰੱਖਿਆ ਇੰਤਜ਼ਾਮ : ਐੱਸ ਐੱਸ ਪੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਮਾਣਯੋਗ ਗੌਰਵ ਯਾਦਵ ਆਈ ਪੀ ਐਸ ਡੀ ਜੀ ਪੀ. ਪੰਜਾਬ ਦੀਆ ਹਦਾਇਤਾਂ ਤਹਿਤ ਉਪਿੰਦਰਜੀਤ ਸਿੰਘ ਆਈ ਪੀ ਐਸ, ਐਸ ਐਸ ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਵੇਂ ਸਾਲ ਨੂੰ ਮੁੱਖ ਰੱਖਦਿਆ, ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਜਿਲਾ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਪਿੰਦਰਜੀਤ ਸਿੰਘ ਐਸ ਐਸ ਪੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵੇਂ ਸਾਲ ਦੇ ਮੱਦੇਨਜ਼ਰ 2 ਐਸ ਪੀ, 5 ਡੀ ਐਸ ਪੀ, ਮੁੱਖ ਅਫਸਰਾਨ ਥਾਣਾ ਤੋਂ ਇਲਾਵਾ ਕੁੱਲ 345 ਅਧਿਕਾਰੀ/ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾ ਦੱਸਿਆਂ ਕਿ ਜ਼ਿਲ੍ਹੇ ਅੰਦਰ ਕੁੱਲ 25 ਨਾਕੇ ਲਗਾਏ ਗਏ ਹਨ। ਇਨ੍ਹਾਂ ਨਾਕਿਆਂ ਤੇ ਪੁਲਸ ਵੱਲੋਂ ਵਹੀਕਲਾਂ ਦੀ ਚੈਕਿੰਗ ਕੀਤੀ ਜਾਵੇਗੀ ਅਤੇ ਚੈਕਿੰਗ ਕੀਤੇ ਗਏ ਵਹੀਕਲਾਂ ਦੀ ਡੀਟੇਲ ਰਜਿਸਟਰ ਵਿੱਚ ਨੋਟ ਕੀਤੀ ਜਾਵੇਗੀ। ਹਰ ਨਾਕੇ 'ਤੇ ਪੁਲਸ ਮੁਲਾਜ਼ਮਾਂ ਵੱਲੋਂ ਵਹੀਕਲ ਚਲਾ ਰਹੇ ਲੋਕਾਂ ਨੂੰ ਐਲਕੋਮੀਟਰ ਰਾਹੀ ਚੈੱਕ ਕੀਤਾ ਜਾਵੇਗਾ, ਜੇਕਰ ਕੋਈ ਸ਼ਰਾਬ ਪੀ ਕੇ ਵਹੀਕਲ ਚਲਾਵੇਗਾ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹੇ ਅੰਦਰ 10 ਪੁਲਸ ਟੀਮਾਂ ਗਠਿਤ ਕੀਤੀਆਂ ਹਨ ਜੋ ਢਾਬੇ, ਰੈਸਟੋਰੈਂਟ, ਰੇਲਵੇ ਸ਼ਟੇਸ਼ਨ, ਬੱਸ ਸਟੈਂਡ ਅਤੇ ਹੋਰ ਸਰਕਾਰੀ ਇਮਾਰਤਾਂ ਵਿੱਚ ਡੌਗ ਸਕਾਡ ਦੀ ਮਦਦ ਨਾਲ ਸਰਚ ਕਰਦੇ ਰਹਿਣਗੇ। ਐਸ ਐਸ ਪੀ ਨੇ ਦੱਸਿਆ ਕਿ 26 ਪੀ ਸੀ ਆਰ ਮੋਟਰ ਸਾਈਕਲ ਅਤੇ 10 ਰੈਪਿਡ ਗੱਡੀਆਂ ਤਾਇਨਾਤ ਕੀਤੀ ਗਈਆਂ ਹਨ ਜੋ ਦਿਨ ਰਾਤ ਸਮੇਂ ਸ਼ਹਿਰ ਦੀਆਂ ਮੁੱਖ ਸੜਕਾਂ, ਗਲੀਆਂ, ਮੁਹੱਲਿਆਂ ਵਿੱਚ ਗਸ਼ਤ ਕਰਦੀਆਂ ਰਹਿਣਗੀਆਂ ਅਤੇ ਆਪਣੀ ਬੀਟ ਮੁਤਾਬਕ ਆਪਣੀ ਡਾਇਰੀ ਵਿੱਚ ਨੋਟ ਕਰਦੀਆਂ ਰਹਿਣਗੀਆਂ। ਐਸ ਐਸ ਪੀ ਨੇ ਦੱਸਿਆ ਕਿ ਸ਼ਹਿਰ ਦੀਆਂ ਮੁੱਖ ਸੜਕਾਂ, ਭੀੜ ਵਾਲੀਆਂ ਥਾਵਾਂ ਅਤੇ ਜਿੱਥੇ ਜ਼ਿਆਦਾ ਕਾਰਇਮ ਹੋਣ ਦੀ ਸੰਭਾਵਨਾ ਹੈ ਉਨ੍ਹਾਂ ਥਾਵਾਂ 'ਤੇ ਪੁਲਸ ਵੱਲੋਂ ਖਾਸ ਤੌਰ 'ਤੇ ਡਰੋਨ ਕੈਮਰਿਆਂ ਰਾਹੀਂ ਨਿਗ੍ਹਾ ਰੱਖੀ ਜਾਵੇਗੀ ਅਤੇ ਇਨ੍ਹਾਂ ਡਰੋਨ ਕੈਮਰਿਆਂ ਰਾਹੀਂ ਟ੍ਰੈਫਿਕ ਦਾ ਧਿਆਨ ਰੱਖਿਆ ਜਾਵੇਗਾ। ਜੇਕਰ ਕੋਈ ਸ਼ਹਿਰ ਅੰਦਰ ਟ੍ਰੈਫਿਕ ਜਾਮ ਹੁੰਦਾ ਹੈ ਤਾਂ ਡਰੋਨ ਕੈਮਰਿਆਂ 'ਤੇ ਤਾਇਨਾਤ ਪੁਲਸ ਕਰਮਚਾਰੀ ਤੁਰੰਤ ਟ੍ਰੈਫਿਕ ਪੁਲਸ ਨੂੰ ਸੂਚਿਤ ਕਰਨਗੇ। ਉਨ੍ਹਾ ਦੱਸਿਆ ਕਿ ਟ੍ਰੈਫਿਕ ਸਟਾਫ ਨੂੰ ਮਲੋਟ, ਗਿੱਦੜਬਾਹਾ ਅਤੇ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਅੰਦਰ ਤਾਇਨਾਤ ਕੀਤਾ ਗਿਆ ਹੈ ਜੋ ਟ੍ਰੈਫਿਕ ਵਿਵਸਥਾ ਨੂੰ ਬਰਕਰਾਰ ਰੱਖਣਗੇ ਅਤੇ ਜੇਕਰ ਕੋਈ ਵਿਅਕਤੀ ਆਪਣੇ ਵਹੀਕਲ ਸੜਕ 'ਤੇ ਪਾਰਕ ਕਰਨਗੇ ਉਨ੍ਹਾਂ ਦੇ ਵਹੀਕਲਾਂ ਨੂੰ ਟੋਹ ਵੈਨ ਰਾਹੀ ਪਾਰਕਿੰਗ ਵਾਲੀ ਥਾਂ 'ਤੇ ਲਗਾਇਆ ਜਾਵੇਗਾ ਅਤੇ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਸੀਂ ਕੋਈ ਜਾਣਕਾਰੀ ਸਾਡੇ ਨਾਲ ਸਾਂਝੀ ਕਰਨਾ ਚਾਹੁੰਦੇ ਹੋ ਤਾਂ ਸਾਡੇ ਹੈਲਪ ਲਾਈਨ ਨੰਬਰ 112, 80549-42100 'ਤੇ ਦੇ ਸਕਦੇ ਹੋ। ਜਾਣਕਾਰੀ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਉਪਿੰਦਰਜੀਤ ਸਿੰਘ ਐਸ ਐਸ ਪੀ ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੁਲਸ ਆਉਣ ਵਾਲੇ ਸਾਲ ਦੌਰਾਨ ਇਸੇ ਤਨਦੇਹੀ ਨਾਲ ਜਨ ਸੇਵਾ 'ਚ ਸਮਰਪਤ ਰਹਿੰਦਿਆਂ ਆਪਣੇ ਲੋਕਾਂ ਨਾਲ ਸਾਂਝ ਨੂੰ ਹੋਰ ਵੀ ਮਜ਼ਬੂਤ ਕਰੇਗੀ।



# ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ ਦੀ ਪਲੇਠੀ ਮੀਟਿੰਗ ਰਹੀ ਸਫ਼ਲ

**ਬਰਨਾਲਾ (ਰਜਿੰਦਰ ਬਰਾੜ)**

ਪੰਜਾਬੀ ਸਾਹਿਤ ਸਭਾ ਰਜਿ. ਦੀ ਕਾਰਜਕਾਰਨੀ ਦੀ ਪਲੇਠੀ ਇਕੱਤਰਤਾ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਦੀ ਸਥਾਨਿਕ ਲਾਇਬ੍ਰੇਰੀ ਵਿੱਚ ਹੋਈ, ਜਿਸ ਵਿੱਚ ਕਈ ਮੁੱਦਿਆਂ 'ਤੇ ਵਿਚਾਰ ਚਰਚਾ ਵੀ ਕੀਤੀ ਗਈ।

ਸਭਾ ਦੇ ਪ੍ਰੈਸ ਸਕੱਤਰ ਨੇ ਦੱਸਿਆ ਕਿ ਇਸ ਸਭਾ ਦੀ ਹਾਲ ਹੀ ਵਿਚ ਸਾਲ 2022-24 ਲਈ ਸਰਬਸੰਮਤੀ ਨਾਲ ਚੋਣ ਹੋਣ ਤੇ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਦੀ ਕਾਰਜਕਾਰਨੀ ਦੀ ਹੁਣ ਪਲੇਠੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਵਿਛੜ ਗਈਆਂ ਸਾਹਿਤਕ ਰੂਹਾਂ ਤੇ ਸਾਹਿਤਕਾਰਾਂ ਦੇ ਸਬੰਧੀਆਂ ਨੂੰ ਸਭਾ ਦੇ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਵੱਲੋਂ ਏਜੰਡਾ ਹਾਜ਼ਰ ਮੈਂਬਰਾਂ ਨੂੰ ਪੜ੍ਹ ਕੇ ਸੁਣਾਇਆ ਗਿਆ ਤੇ ਦੱਸਿਆ ਗਿਆ ਕਿ ਇਸ ਸਭਾ ਦਾ ਸੰਵਿਧਾਨ ਪਹਿਲਾਂ ਅੰਗਰੇਜ਼ੀ ਭਾਸ਼ਾ ਵਿਚ ਹੈ, ਜਿਸ ਦਾ ਪੰਜਾਬੀ ਵਿੱਚ ਅਨੁਵਾਦ ਸਭਾ ਦੀ ਮੈਂਬਰ ਸਿਮਰਜੀਤ ਕੌਰ ਬਰਾੜ ਵੱਲੋਂ ਕੀਤਾ ਗਿਆ ਹੈ, ਜਿਸ ਦੀਆਂ ਕੁਝ ਕਾਪੀਆਂ ਮੈਂਬਰਾਂ ਵਿੱਚ ਵੰਡ ਕੇ ਮੌਜਦਾ ਸੰਵਿਧਾਨ ਵਿੱਚ ਸੋਧਾਂ ਲਈ ਸੁਝਾਅ ਦੀ ਮੰਗ ਜ਼ੁਬਾਨੀ ਜਾਂ ਲਿਖਤੀ ਤੌਰ 'ਤੇ ਦੇਣ ਲਈ ਵੀ ਕੀਤੀ ਗਈ ਅਤੇ ਕਿਹਾ ਗਿਆ ਕਿ ਜੇਕਰ ਕਿਸੇ ਹੋਰ ਮੈਂਬਰ ਨੂੰ ਵੀ ਇਸ ਦੀ ਕਾਪੀ ਚਾਹੀਦੀ ਹੋਵੇ ਤਾਂ ਉਹ ਲੈ ਸਕਦਾ ਹੈ।



ਮੀਟਿੰਗ ਵਿੱਚ ਹਾਜ਼ਰ ਕਾਰਜਕਾਰਨੀ ਦੇ ਮੈਂਬਰ।

ਉਪਰੰਤ ਸਭਾ ਦੀ ਬਿਹਤਰੀ ਲਈ ਪੇਸ਼ ਹੋਏ ਏਜੰਡੇ ਵਿੱਚ ਕਰੀਬ 16 ਮੁੱਦਿਆਂ ਉੱਪਰ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ, ਜਿਨ੍ਹਾਂ ਵਿੱਚ ਮੁੱਖ ਮੁੱਦੇ ਸਭਾ ਦੀ ਰਜਿਸ਼ਟਰੇਸ਼ਨ ਨਵਿਆਉਣਾ ਸੰਵਿਧਾਨ ਵਿਚ ਸੋਧ ਕਰਨਾ ਪੀ.ਐਚ.ਡੀ ਸਾਹਿਤਕਾਰਾਂ ਦਾ ਸਨਮਾਨ ਕਰਨਾ ਸਭਾ ਦੀ ਚੋਣ ਵਿੱਤੀ ਸਾਲ ਵਾਂਗ ਕਰਨਾ ਸਭਾ ਦੇ ਮੈਂਬਰਾਂ ਦਾ ਸਾਂਝਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਾਉਣਾ ਬਰਨਾਲਾ ਦੀਆਂ ਸਾਹਿਤਕ ਸਭਾਵਾਂ ਦੇ ਪ੍ਰਧਾਨਾਂ ਤੇ ਜਨਰਲ ਸਕੱਤਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਸਾਹਿਤਕ ਸਮਾਗਮ ਇੱਕ ਦਿਨ ਵਿੱਚ ਇੱਕ ਕਰਨਾ ਵੱਡੀ ਉਮਰ ਦੇ ਸਾਹਿਤਕਾਰਾਂ ਦਾ ਸਨਮਾਨ ਕਰਨਾ ਆਦਿ।

ਮੀਟਿੰਗ ਵਿੱਚ ਕਰੀਬ 16 ਮੈਂਬਰਾਂ ਨੇ ਹਾਜ਼ਰੀ ਲਵਾਈ, ਜਿਨ੍ਹਾਂ ਵਿੱਚ ਵੱਲੋਂ ਆਪਣੇ ਓਮ ਪ੍ਰਕਾਸ਼ ਗਾਸੋ, ਬੂਟਾ ਸਿੰਘ ਚੌਹਾਨ, ਕੰਵਰਜੀਤ ਭੱਠਲ, ਭੋਲਾ ਸਿੰਘ ਸੰਘੇੜਾ, ਡਾ. ਤਰਸਪਾਲ ਕੌਰ, ਡਾ. ਹਰੀਸ਼ ਸ਼ਰਮਾ, ਤੇਜਿੰਦਰ ਚੰਡਿਹੋਕ, ਦਰਸ਼ਨ ਸਿੰਘ ਗੁਰੂ, ਮਹਿੰਦਰ ਸਿੰਘ ਰਾਹੀ, ਡਾ. ਉਜਾਗਰ ਸਿੰਘ ਮਾਨ, ਪਵਨ ਪਰਿੰਦਾ, ਰਾਮ ਸਰੂਪ ਸ਼ਰਮਾ, ਚਰਨ ਸਿੰਘ ਭੋਲਾ ਜਾਗਲ ਆਦਿ ਸ਼ਾਮਲ ਸਨ ਤੇ ਇਨ੍ਹਾਂ ਨੇ ਆਪਣੇ ਸੁਝਾਅ ਅਤੇ ਵਿਚਾਰ ਪ੍ਰਗਟ ਕੀਤੇ ਜਿਨ੍ਹਾਂ ਵਿੱਚੋਂ ਕਈ ਮੁੱਦਿਆਂ ਉਪਰ ਮੌਕੇ 'ਤੇ ਹੀ ਸਹਿਮਤੀ ਬਣੀ ਤੇ ਕਈ ਮੁੱਦਿਆਂ ਉਪਰ ਸੁਝਾਅ ਵੀ ਦਿੱਤੇ ਗਏ। ਇਨ੍ਹਾਂ ਮੁੱਦਿਆਂ ਵਿਚੋਂ ਕਈ ਮੁੱਦਿਆਂ ਦਾ ਨਿਪਟਾਰਾ ਕਰਨ ਲਈ ਪ੍ਰਧਾਨ ਤੇ ਜਨਰਲ ਸਕੱਤਰ ਸਮੇਤ ਸੱਤ ਮੈਂਬਰੀ ਕਮੇਟੀ ਨੂੰ ਅਖਤਿਆਰ ਦਿੱਤੇ ਗਏ। ਇਸ ਮੀਟਿੰਗ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਦੁਆਰਾ ਕੀਤਾ ਗਿਆ ਅਤੇ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਵੱਲੋਂ ਆਏ ਸਾਰੇ ਕਾਰਜਕਾਰੀ ਮੈਂਬਰਾਂ ਦਾ ਜਿੱਥੇ ਧੰਨਵਾਦ ਕਰਦਿਆਂ ਕਿਹਾ ਕਿ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਉਪਰ ਅਮਲ ਕੀਤਾ ਜਾਵੇਗਾ, ਉੱਥੇ ਉਨ੍ਹਾਂ ਮੈਂਬਰਾਂ ਲਈ ਚਾਹ ਮਿਠਾਈ ਤੇ ਪਕੌੜਿਆਂ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ।

2-JAN-PAGE- 8.qxd 1/1/2023 8:31 PM Page 1



# ਸ਼ੰਭੂ ਬਾਰਡਰ 'ਤੇ ਤੀਜੇ ਦਿਨ ਵੀ ਟਰੱਕ ਮਾਲਕਾਂ ਦਾ ਧਰਨਾ ਜਾਰੀ

**ਸ਼ੰਭੂ ਬਾਰਡਰ (ਸੁਰਜੀਤ ਢੇਰ)**– ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਟਰਾਂਸਪੋਰਟ ਸੁਸਾਇਟੀਆਂ ਅਤੇ ਟਰੱਕ ਯੂਨੀਅਨਾਂ ਭੰਗ ਕੀਤੇ ਜਾਣ ਖਿਲਾਫ ਟਰੱਕ ਮਾਲਕਾਂ ਨੇ ਸ਼ੇਰ ਸ਼ਾਹ ਸੂਰੀ ਮਾਰਗ 'ਤੇ ਪੈਂਦਾ ਸ਼ੰਭੂ ਬਾਰਡਰ 'ਤੇ ਲਗਾਇਆ ਅਣਮਿੱਥੇ ਸਮੇਂ ਦਾ ਧਰਨਾ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੇ ਕੌਮੀ ਆਗੂ ਪ੍ਰੇਮ ਸਿੰਘ ਘੜਾਮਾ ਨੇ ਕਿਹਾ ਕਿ ਸੂਬੇ ਦੇ ਟਰੱਕ ਮਾਲਕ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ। ਆਪ ਦੇ ਸੁਪਰੀਮੋ ਆਗੂ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਟਰੱਕ ਮਾਲਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਟਰੱਕ ਯੂਨੀਅਨਾਂ ਬਹਾਲ ਕਰ ਦੇਣਗੇ। ਸੂਬੇ ਦੇ ਲੋਕਾਂ ਨੇ ਆਪ ਦੀ ਸਰਕਾਰ ਬਣਾਈ ਪਰ ਸਰਕਾਰ ਨੇ ਟਰੱਕ ਮਾਲਕਾਂ ਦੀਆਂ ਮੰਗਾਂ ਤਾਂ ਕੀ ਪੂਰੀਆਂ ਕਰਨੀਆਂ ਸਨ, ਸਗੋਂ ਟਰੱਕ ਮਾਲਕਾਂ ਨੂੰ ਖਤਮ ਕਰਨ ਦਾ ਫੈਸਲਾ ਕਰ ਲਿਆ। ਉਨ੍ਹਾ ਨੇ ਕਿਹਾ ਕਿ ਸੂਬੇ ਦੇ ਟਰੱਕ ਮਾਲਕਾਂ ਨੇ ਪੰਜਾਬ ਸਰਕਾਰ ਖਿਲਾਫ ਲਹੂ ਵੀਟਵਾਂ ਸੰਘਰਸ਼ ਸ਼ੁਰੂ ਕਰ ਦਿੱਤਾ। ਉਨ੍ਹਾ ਕਿਹਾ ਕਿ ਇਹ ਸੰਘਰਸ਼ ਕਿਰਤੀ ਲੋਕਾਂ ਤੇ ਕਾਰਪੋਰੇਟ ਘਰਾਣਿਆਂ ਵਿਚਕਾਰ ਹੈ। ਆਮ ਆਦਮੀ ਪਾਰਟੀ ਕਾਰਪੋਰੇਟ ਘਰਾਣਿਆਂ ਦੀ ਪਾਰਟੀ ਹੈ। ਇਹ ਅੰਦੋਲਨ ਇੱਕ ਮਿਸਾਲ ਪੇਸ਼ ਕਰੇਗਾ। ਇਸ ਮੌਕੇ ਤੇ ਸੂਬਾ ਆਗੂ ਹੈਪੀ ਸੰਧੂ, ਗੁਰਨਾਮ ਸਿੰਘ ਜੌਹਲ, ਪਰਮਜੀਤ ਸਿੰਘ ਫਾਜ਼ਿਲਕਾ, ਇੰਦਰ ਸੋਢੀ ਪਟਿਆਲਾ, ਰਣਜੀਤ ਸਿੰਘ ਜੀਤਾ ਨਵਾਂਸ਼ਹਿਰ, ਅਜੇ ਸਿੰਗਲਾ,ਲਾਲੀ, ਰਾਣਾ ਪਟਿਆਲਾ, ਰਵਿੰਦਰ ਨਕੋਦਰ, ਕਾਮਰੇਡ ਸੁਰਜੀਤ ਸਿੰਘ ਢੇਰ, ਬਲਵਿੰਦਰ ਸਿੰਘ ਰਿੰਪੀ, ਪਿਆਰਾ ਸਿੰਘ ਬੀਕਾਪੁਰ, ਇੰਦਰਜੀਤ ਸਿੰਘ ਫੌਜੀ, ਭਜਨ ਸਿੰਘ ਧਾਰਨੀ, ਗੁਰਨਾਮ ਸਿੰਘ ਬੜਾਪਿੰਡ ਅਤੇ ਗੁਰਜੰਟ ਸਿੰਘ ਬਨੂੜ ਵੀ ਹਾਜ਼ਰ ਸਨ। ਭਾਰੀ ਠੰਢ ਦੇ ਬਾਵਜੂਦ ਟਰੱਕ ਮਾਲਕਾਂ ਦੇ ਹੌਸਲੇ ਬੁਲੰਦ ਹਨ। ਟਰੱਕ ਮਾਲਕਾਂ ਨੇ ਆਪਣੇ ਟਰੱਕਾਂ ਨੂੰ ਹੀ ਰੈਣ ਬਸੇਰਾ ਬਣਾਇਆ ਹੋਇਆ ਹੈ। ਅੱਜ ਇਸ ਮੋਰਚੇ ਨੂੰ ਉਸ ਸਮੇਂ ਭਾਰੀ ਉਤਸ਼ਾਹ ਮਿਲਿਆ ਜਦੋਂ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਸਿੰਘੂ ਬਾਰਡਰ ਦੀ ਤਰ੍ਹਾਂ ਚਾਹ ਪਾਣੀ ਦੇ ਲੰਗਰ ਸ਼ੁਰੂ ਹੋ ਚੁੱਕੇ ਹਨ। ਟਰੱਕ ਮਾਲਕਾਂ ਨੇ ਮੁੱਖ ਨਾਹਰਾ ਜਿੱਤ ਕੇ ਮੁੜਾਂਗੇ ਜਾਂ ਮੁੱਕ ਕੇ ਦਿੱਤਾ ਹੋਇਆ ਹੈ। ਹੁਣ ਤੱਕ ਪ੍ਰਸ਼ਾਸਨ ਵੱਲੋਂ ਗੱਲਬਾਤ ਲਈ ਕੋਈ ਵੀ ਕਦਮ ਨਹੀਂ ਚੁੱਕਿਆ ਗਿਆ। ਅਗਲੇ ਦਿਨਾਂ ਵਿੱਚ ਮੋਰਚਾ ਵਿੱਚ ਗਿਣਤੀ ਵਧਾਉਣ ਦਾ ਟਰੱਕ ਮਾਲਕਾਂ ਨੇ ਸੱਦਾ ਦਿੱਤਾ ਹੈ। ਜਾਮ ਕਾਰਨ ਲੰਬੀਆਂ ਲੰਬੀਆਂ ਲਾਈਨਾਂ ਲੱਗ ਗਈਆਂ ਹਨ ਪਰ ਅਜੇ ਵੀ ਸਰਕਾਰ ਦੇ ਕੰਨਾਂ ਤੱਕ ਜੂੰ ਨਹੀਂ ਸਰਕੀ।



# ਮਾਨ ਸਰਕਾਰ ਨੇ ਗਾਵਾਂ ਦੀ ਲੰਪੀ ਸਕਿਨ ਬਿਮਾਰੀ ਨਾਲ ਪ੍ਰਭਾਵੀ ਤਰੀਕੇ ਨਾਲ ਨਜਿੱਠਿਆ

## 15 ਫ਼ਰਵਰੀ ਤੋਂ ਸ਼ੁਰੂ ਕੀਤੀ ਜਾਵੇਗੀ ਮੈਗਾ ਟੀਕਾਕਰਨ ਮੁਹਿੰਮ

**ਚੰਡੀਗੜ੍ਹ ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਦੀਆਂ ਗਾਵਾਂ ਵਿੱਚ ਫੈਲੀ ਲਾਗ ਦੀ ਬੀਮਾਰੀ ਲੰਪੀ ਸਕਿਨ ਨੂੰ ਪ੍ਰਭਾਵੀ ਤਰੀਕੇ ਨਾਲ ਨਜਿੱਠਿਆ ਹੈ। ਜਿਥੇ ਸਰਕਾਰ ਨੇ ਸੂਬੇ ਵਿੱਚ ਬੀਮਾਰੀ ਦੀ ਰੋਕਥਾਮ ਲਈ ਹਰ ਸਥਿਤੀ 'ਤੇ ਨੇੜਿਉਂ ਨਜ਼ਰ ਰੱਖਣ ਅਤੇ ਭਵਿੱਖੀ ਰਣਨੀਤੀਆਂ ਉਲੀਕਣ ਲਈ ਮੰਤਰੀ ਸਮੂਹ ਦਾ ਗਠਨ ਕੀਤਾ, ਉਥੇ ਤੁਰੰਤ ਲੋੜੀਂਦੀ ਵੈਕਸੀਨ ਤੇ ਦਵਾਈਆਂ ਮੰਗਵਾਈਆਂ ਅਤੇ ਹੇਠਲੇ ਪੱਧਰ ਤੱਕ ਪ੍ਰਭਾਵੀ ਇਲਾਜ ਮੁਹੱਈਆ ਕਰਵਾਉਣ ਲਈ ਸਮਰਪਿਤ ਟੀਮਾਂ ਬਣਾਈਆਂ। ਇਸ ਦੇ ਨਾਲ ਹੀ ਭਵਿੱਖੀ ਯੋਜਨਾ ਉਲੀਕਦਿਆਂ ਸੂਬਾ ਸਰਕਾਰ ਨੇ 15 ਫ਼ਰਵਰੀ, 2023 ਤੋਂ ਮੈਗਾ ਟੀਕਾਕਰਨ ਮੁਹਿੰਮ ਸ਼ੁਰੂ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਬੀਮਾਰੀ 'ਤੇ ਕਾਬੂ ਪਾਉਣ ਲਈ ਸਰਕਾਰ ਨੇ 1.54 ਕਰੋੜ ਰੁਪਏ ਮੁੱਲ ਦੀ ਗੋਟ ਪੌਕਸ ਵੈਕਸੀਨ ਦੀਆਂ 10 ਲੱਖ ਖ਼ੁਰਾਕਾਂ ਜਹਾਜ਼ ਰਾਹੀਂ ਮੰਗਵਾਈਆਂ ਅਤੇ ਸੂਬੇ ਭਰ ਵਿੱਚ ਪਸ਼ੂਆਂ ਦੇ ਇਲਾਜ ਲਈ 1.37 ਕਰੋੜ ਰੁਪਏ ਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਕਰੀਬ 9.5 ਲੱਖ ਗਾਵਾਂ ਨੂੰ ਟੀਕੇ ਲਾਏ ਗਏ। ਮੰਤਰੀ ਸਮੂਹ, ਜਿਸ ਵਿੱਚ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਸ਼ਾਮਲ ਹਨ, ਨੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੀਆਂ ਕਰੀਬ 25 ਲੱਖ ਗਾਵਾਂ ਦੀ 100 ਫ਼ੀਸਦੀ ਆਬਾਦੀ ਨੂੰ ਕਵਰ ਕਰਨ ਲਈ ਟੀਕਾਕਰਨ ਮੁਹਿੰਮ 15 ਫ਼ਰਵਰੀ, 2023 ਤੋਂ ਸ਼ੁਰੂ ਕਰਕੇ 30 ਅਪ੍ਰੈਲ, 2023 ਤੱਕ ਮੁਕੰਮਲ ਕੀਤੀ ਜਾਵੇ ਅਤੇ ਇਸ ਨੂੰ ਸਮਾਂਬੱਧ ਤਰੀਕੇ ਨਾਲ ਖ਼ਤਮ ਕਰਨ ਲਈ ਵਿਉਂਤਬੰਦੀ ਉਲੀਕੀ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਹਨ ਕਿ ਵੈਟਰਨਰੀ ਬਾਇਉਲੌਜੀਕਲ ਐਂਡ ਰਿਸਰਚ ਇੰਸਟੀਚਿਊਟ, ਹੈਦਰਾਬਾਦ (ਤੇਲੰਗਾਨਾ) ਤੋਂ ਕਿਫ਼ਾਇਤੀ ਦਰਾਂ 'ਤੇ ਗਾਵਾਂ ਦੀ ਆਬਾਦੀ ਮੁਤਾਬਕ ਕਰੀਬ 25 ਲੱਖ ਡੋਜ਼ ਖ਼ਰੀਦਣ ਲਈ ਚਾਰਾਜੋਈ ਕੀਤੀ ਜਾਵੇ। ਕੈਬਨਿਟ ਮੰਤਰੀਆਂ ਨੇ ਮੱਝਾਂ ਨੂੰ ਗੋਟ ਪੌਕਸ ਦੇ ਟੀਕੇ ਲਾਉਣ ਸਬੰਧੀ ਸੁਝਾਅ ਦੇਣ ਵਾਸਤੇ 7 ਮੈਂਬਰੀ ਮਾਹਰ ਕਮੇਟੀ ਵੀ ਬਣਾਈ ਹੈ। ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਸੂਬੇ ਵਿੱਚ ਕਿਸਾਨਾਂ ਅਤੇ ਖ਼ਾਸਕਰ ਪਸ਼ੂ ਪਾਲਕਾਂ ਨੂੰ ਬੀਮਾਰੀਆਂ ਅਤੇ ਇਨ੍ਹਾਂ ਤੋਂ ਬਚਾਅ ਬਾਰੇ ਦੱਸਣ ਲਈ ਜਾਗਰੂਕਤਾ ਮੁਹਿੰਮ ਅਰੰਭੀ ਜਾਵੇ ਤਾਂ ਜੋ ਪਸ਼ੂ ਪਾਲਕ ਆਪਣੀ ਪੱਧਰ 'ਤੇ ਵੀ ਅਗਾਊਂ ਇਹਤਿਆਤ ਅਪਣਾ ਸਕਣ। ਦੱਸ ਦੇਈਏ ਕਿ ਬੀਮਾਰੀ ਦੀ ਰੋਕਥਾਮ ਲਈ ਪਸ਼ੂ ਪਾਲਣ ਵਿਭਾਗ ਵੱਲੋਂ 673 ਟੀਕਾਕਰਨ ਟੀਮਾਂ ਗਠਤ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਬੈਚਲਰ ਆਫ਼ ਵੈਟਰਨਰੀ ਸਾਇੰਸ (ਬੀ.ਵੀ.ਐਸ.ਸੀ.) ਦੇ ਅੰਤਮ ਸਾਲ ਦੇ ਵਿਦਿਆਰਥੀਆਂ ਅਤੇ ਇੰਟਰਨਜ਼ ਨੂੰ ਵੀ ਟੀਕਾਕਰਨ ਅਤੇ ਜਾਗਰੂਕਤਾ ਮੁਹਿੰਮਾਂ ਵਿੱਚ ਸ਼ਾਮਲ ਕੀਤਾ ਗਿਆ। ਇਨ੍ਹਾਂ ਟੀਮਾਂ ਵੱਲੋਂ ਸੂਬੇ ਵਿੱਚ ਬੀਮਾਰੀ ਦੇ ਇਲਾਜ ਅਤੇ ਕੰਟਰੋਲ ਲਈ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਨਿਯਮਤ ਪਾਲਣਾ ਯਕੀਨੀ ਬਣਾਈ ਗਈ। ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਤਹਿਤ ਇੱਕ ਹੋਰ ਮਾਅਰਕਾ ਮਾਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਪਿਛਲੀ ਸਰਕਾਰ ਵੱਲੋਂ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਅਫ਼ਸਰਾਂ ਦੀਆਂ ਘਟਾਈਆਂ ਆਸਾਮੀਆਂ ਦੁੱਗਣੀਆਂ ਕਰਕੇ 418 ਕਰ ਦਿੱਤੀਆਂ ਹਨ।ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ, "ਵਿਭਾਗ ਵਿੱਚ ਵੈਟਰਨਰੀ ਅਫ਼ਸਰਾਂ ਦੀਆਂ 353 ਆਸਾਮੀਆਂ ਨੂੰ ਪਿਛਲੀ ਕਾਂਗਰਸ ਸਰਕਾਰ ਨੇ ਘਟਾ ਕੇ 200 ਕਰ ਦਿੱਤਾ ਸੀ। ਸਾਡੀ ਸਰਕਾਰ ਨੇ ਸੂਬੇ ਵਿੱਚ ਸੱਤਾ ਸੰਭਾਲਦਿਆਂ ਹੀ ਇਨ੍ਹਾਂ ਆਸਾਮੀਆਂ ਸਬੰਧੀ ਕੇਸ ਨੂੰ ਵਿਚਾਰਿਆ ਅਤੇ ਇਨ੍ਹਾਂ ਆਸਾਮੀਆਂ ਨੂੰ 200 ਤੋਂ ਵਧਾ ਕੇ 418 ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵੈਟਰਨਰੀ ਅਫ਼ਸਰਾਂ ਦੀਆਂ ਇਨ੍ਹਾਂ ਆਸਾਮੀਆਂ 'ਤੇ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਰਾਹੀਂ ਭਰਤੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਹੈ ਅਤੇ ਛੇਤੀ ਹੀ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣਗੇ।" ਕੈਬਨਿਟ ਮੰਤਰੀ ਨੇ ਦੱਸਿਆ ਕਿ ਹਾਲ ਹੀ ਵਿੱਚ ਪਸ਼ੂ ਪਾਲਣ ਵਿਭਾਗ ਵਿੱਚ 152 ਵੈਟਰਨਰੀ ਇੰਸਪੈਕਟਰਾਂ (ਵੀ.ਆਈਜ਼.) ਦੀ ਭਰਤੀ ਕੀਤੀ ਗਈ ਹੈ। ਇਸੇ ਤਰ੍ਹਾਂ ਵਿਭਾਗ ਵੱਲੋਂ 60 ਹੋਰ ਵੈਟਰਨਰੀ ਇੰਸਪੈਕਟਰਾਂ ਦੀ ਭਰਤੀ ਲਈ ਇਸ਼ਤਿਹਾਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

# ਪ੍ਰਭੂ ਯਸੂ ਨੇ ਸ਼ਾਂਤੀ ਤੇ ਇਮਾਨਦਾਰੀ ਦਾ ਸੰਦੇਸ਼ ਦਿੱਤਾ : ਪਾਸਟਰ ਰੌਸ਼ਨ ਮਸੀਹ



**ਆਦਮਪੁਰ. (ਪਰਮਜੀਤ ਸਿੰਘ)** : ਨਵੇਂ ਸਾਲ ਦੀ ਸ਼ੁਰੂਆਤ ਮੌਕੇ ਚਰਚ ਵਿੱਚ ਇਕੱਤਰ ਹੋਈ ਸੰਗਤ ਦੇ ਮਸੀਹੀ ਸਤਸੰਗ ਨੂੰ ਸੰਬੋਧਨ ਕਰਦੇ ਹੋਏ ਪਾਸਟਰ ਰੌਸ਼ਨ ਮਸੀਹ ਨੇ ਆਈ ਸੰਗਤ ਨੂੰ ਪ੍ਰਭੂ ਯਿਸੂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਭੂ ਯਿਸੂ ਨੇ ਸਾਨੂੰ ਸ਼ਾਂਤੀ ਅਤੇ ਇਮਾਨਦਾਰੀ ਦੇ ਸੰਦੇਸ਼ ਉੱਪਰ ਅਮਲ ਕਰਨ ਦਾ ਉਪਦੇਸ਼ ਦਿੱਤਾ।

ਉਨ੍ਹਾ ਕਿਹਾ ਕਿ ਸਾਨੂੰ ਸਮਾਜ ਦੀ ਭਲਾਈ ਅਤੇ ਬੇਹਤਰੀ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਆਈ ਹੋਈ ਸੰਗਤ ਨੂੰ ਲੰਗਰ ਵੀ ਛਕਾਇਆ ਗਿਆ। ਇਸ ਮੌਕੇ ਗਗਨਦੀਪ, ਸਨੀ ਥਾਪਰ, ਵਿਜੈ ਕੁਮਾਰ, ਪਰਮਜੀਤ ਸਿੰਘ, ਸੁਰਜੀਤ ਸਿੰਘ, ਪੀਊਸ ਨਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸੇਂਟ ਸੋਲਜਰ ਨੇ ਸ਼ਰਧਾਪੂਰਵਕ ਮਨਾਇਆ ਪ੍ਰਕਾਸ਼ ਪੁਰਬ




**ਜਲੰਧਰ : (ਇਕਬਾਲ ਸਿੰਘ ਉੱਭੀ)** : ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਅਰਜੁਨ ਨਗਰ ਬ੍ਰਾਂਚ ਦੇ ਸਟਾਫ ਵੱਲੋਂ 10ਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮਨੀਸ਼ ਅਰੋੜਾ ਅਤੇ ਸਟਾਫ ਨੇ ਗੁਰੂ ਸਾਹਿਬ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸਭ ਦੀ ਤਰੱਕੀ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਅਰੋੜਾ ਨੇ ਸਟਾਫ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਤੇ ਗੁਰੂ ਜੀ ਦੇ ਜੀਵਨ ਸੰਬੰਧੀ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ। ਉਨ੍ਹਾਂ ਦਾ ਜਨਮ 9ਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ 1666 ਈ. ਨੂੰ ਹੋਇਆ ਸੀ। ਉਸ ਸਮੇਂ ਭਾਰਤ 'ਚ ਮੁਗਲਾਂ ਦਾ ਰਾਜ ਸੀ। ਅਪ੍ਰੈਲ 1699 ਈ. 'ਚ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਤੇ ਸਿੱਖ ਕੌਮ ਨੂੰ ਇਕ ਵੱਖਰੀ ਪਛਾਣ ਦਿੱਤੀ। ਉਨ੍ਹਾ ਨੇ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਲੜਦਿਆਂ ਆਪਣਾ ਤੇ ਆਪਣੇ ਪੂਰੇ ਪਰਵਾਰ ਦਾ ਬਲੀਦਾਨ ਦੇ ਦਿੱਤਾ। ਉਨ੍ਹਾ ਨੇ ਸਟਾਫ ਨੂੰ ਗੁਰੂ ਜੀ ਦੇ ਦਰਸਾਏ ਰਸਤੇ 'ਤੇ ਚੱਲਣ ਤੇ ਸਮਾਜਕ ਬੁਰਾਈਆਂ ਵਿਰੁੱਧ ਅਵਾਜ਼ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਭ ਨੂੰ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦੇ ਹੋਏ ਗੁਰੂ ਜੀ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ, ਜੀਵਨ ਸੰਬੰਧੀ ਸਿੱਖਿਆ ਤੋਂ ਪ੍ਰੇਰਨਾ ਲੈਣ ਨੂੰ ਕਿਹਾ ਅਤੇ ਦੱਸਿਆ ਕਿ ਇਤਿਹਾਸ ਵਿੱਚ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਸੰਤ ਅਤੇ ਸਿਪਾਹੀ ਦੋਨਾਂ ਦਾ ਸਵਰੂਪ ਹਨ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਸੇਂਟ ਸੋਲਜਰ ਦਾ ਨਾਮ ਰੱਖਿਆ ਗਿਆ।

# ਕਿਰਾਏਦਾਰਾਂ/ ਨੌਕਰਾਂ/ ਪੇਇੰਗ ਗੈੱਸਟਾਂ ਦੀ ਸੂਚਨਾ ਥਾਣੇ ਦੇਣ ਦੇ ਹੁਕਮ ਜਾਰੀ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ )**- ਅਮਿਤ ਤਲਵਾੜ ਆਈ.ਏ.ਐਸ ਜ਼ਿਲ੍ਹਾ ਮੈਜਿਸਟਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਇਹ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਮਿਊਂਸਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਆਪਣੇ ਘਰ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਮਕਾਨ ਮਾਲਕ ਉਸ ਦੀ ਸੂਚਨਾ ਇੱਕ ਹਫਤੇ ਦੇ ਅੰਦਰ ਅੰਦਰ ਪੁਲਿਸ ਥਾਣੇ ਵਿੱਚ ਜਮ੍ਹਾਂ ਕਰਵਾਏਗਾ। ਜਿਨ੍ਹਾਂ ਮਕਾਨ ਮਾਲਕਾਂ ਨੇ ਅਜੇ ਤੱਕ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇ ਹੋਏ ਹਨ ਦੀ ਸੂਚਨਾ ਪੁਲਸ ਨੂੰ ਨਹੀਂ ਦਿੱਤੀ, ਉਹ ਵੀ ਇਹ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਪੁਲਸ ਥਾਣੇ ਵਿਖੇ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਣਗੇ ਅਤੇ ਭਵਿੱਖ ਵਿੱਚ ਵੀ ਜੇਕਰ ਕੋਈ ਮਕਾਨ ਮਾਲਕ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਸਦੀ ਸੂਚਨਾ ਇੱਕ ਹਫਤੇ ਦੇ ਅੰਦਰ ਅੰਦਰ ਪੁਲਸ ਥਾਣੇ ਵਿੱਚ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ। ਇਹ ਹੁਕਮ 30 ਦਸੰਬਰ 2022 ਤੋਂ ਲੈ ਕੇ 27 ਫਰਵਰੀ 2023 ਤੱਕ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਤੁਰੰਤ ਅਸਰ ਨਾਲ ਲਾਗੂ ਰਹਿਣਗੇ। ਸਬੰਧਤ ਉਪ ਮੰਡਲ ਮੈਜਿਸਟਰੇਟਜ਼ ਇਨ੍ਹਾਂ ਹੁਕਮਾਂ ਦੀ ਸਖਤੀ ਨਾਲ ਇੰਨ-ਬਿੰਨ ਪਾਲਣਾ ਕਰਵਾਉਣ ਲਈ ਲੋੜੀਂਦੀ ਕਾਰਵਾਈ ਕਰਨਗੇ ਅਤੇ ਏਰੀਆ ਦਾ ਮੁੱਖ ਥਾਣਾ ਅਫਸਰ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਬਿਨਾਂ ਸੂਚਨਾ ਤੋਂ ਰੱਖੇ ਗਏ ਕਿਰਾਏਦਾਰ/ ਨੌਕਰ/ ਪੇਇੰਗ ਗੈਸਟ ਦੇ ਘਰਾਂ ਦੀ ਚੈਕਿੰਗ ਕਰਦੇ ਸਮੇਂ ਮਹਿਲਾ ਪੁਲਸ ਨੂੰ ਵੀ ਨਾਲ ਰੱਖਿਆ ਜਾਵੇ।

# ਪਰਸ ਖੋਹ ਕੇ ਫਰਾਰ ਹੋਏ ਨੌਜਵਾਨ ਨੂੰ ਪੁਲਸ ਨੇ ਕੀਤਾ ਗ੍ਰਿਫਤਾਰ

**ਰੋਪੜ ( ਬਿੰਦਰਾ)** : ਰੋਪੜ ਸਿੱਟੀ ਪੁਲਸ ਨੇ ਪਰਸ ਖੋਹ ਕੇ ਫਰਾਰ ਹੋਣ ਵਾਲੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ।

ਜਤਿੰਦਰ ਕੌਰ ਪਤਨੀ ਹਰਮਿੰਦਰ ਸਿੰਘ ਵਾਸੀ ਅਮਰ ਕਾਲੋਨੀ ਰੋਪੜ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਐਕਟਿਵਾ 'ਤੇ ਸਵਾਰ ਹੋ ਕੇ ਕੰਮ ਤੋਂ ਵਾਪਸ ਆਪਣੇ ਘਰ ਨੂੰ ਆ ਰਹੀ ਸੀ ਕਿ ਸਦਰ ਥਾਣੇ ਨੇੜੇ ਜਦ ਉਸ ਨੇ ਘਰ ਨੂੰ ਜਾਣ ਲਈ ਸੜਕ 'ਤੇ ਸਕੂਟਰ ਰੋਕਿਆ ਤਾਂ ਮੋਟਰਸਾਈਕਲ ਸਵਾਰ ਅਸ਼ੀਸ਼ ਕੁਮਾਰ ਝਪਟਾ ਮਾਰ ਕੇ ਉਸ ਦਾ ਪਰਸ ਖੋਹ ਕੇ ਫਰਾਰ ਹੋ ਗਿਆ।

ਜਤਿੰਦਰ ਕੌਰ ਅਨੁਸਾਰ ਪਰਸ ਵਿੱਚ 8 ਹਜ਼ਾਰ ਰੁਪਏ ਨਕਦ, ਕੰਨਾਂ ਦੇ ਝੁਮਕੇ ਇਕ ਜੋੜੀ, ਬੈਂਕ ਲਾਕਰ ਦੀਆਂ ਚਾਬੀਆਂ ਅਤੇ ਜ਼ਰੂਰੀ ਕਾਗਜ਼ਾਤ ਸਨ। ਸਿੱਟੀ ਪੁਲਸ ਥਾਣੇ ਦੇ ਏ ਐਸ ਆਈ ਸੁਭਾਸ਼ ਕੁਮਾਰ ਤੇ ਸੁਖਵਿੰਦਰ ਨੇ ਦੋਸ਼ੀ ਨੂੰ ਰੋਪੜ ਰੇਲਵੇ ਸਟੇਸ਼ਨ ਦੇ ਨੇੜਿਉਂ ਗ੍ਰਿਫਤਾਰ ਕਰ ਲਿਆ ਅਤੇ ਪਰਸ ਅਤੇ ਮੋਬਾਇਲ ਬਰਾਮਦ ਕਰ ਲਏ। ਮਾਮਲਾ ਦਰਜ ਕਰ ਲਿਆ ਹੈ।

# ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਨੇ ਸਥਾਪਨਾ ਦਿਵਸ ਮਨਾਇਆ



**ਫਿਲੌਰ (ਨਿਰਮਲ)** : ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਮੰਦਰ ਫਿਲੌਰ ਵਿਖੇ ਨਵੇਂ ਸਾਲ ਦਾ ਤਿਉਹਾਰ ਮਨਾਇਆ ਤੇ ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਜੀ ਦੇ ਮੰਦਰ ਵਿਖੇ ਜੋ ਚਰਨ ਸਥਾਪਤ ਕੀਤੇ ਗਏ ਸਨ, ਅੱਜ ਉਨ੍ਹਾਂ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ ਅਤੇ ਆਈਆਂ ਹੋਈਆਂ ਸੰਗਤਾਂ ਵਿੱਚ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਮੇਟੀ ਮੈਂਬਰ ਤਾਰਾ ਚੰਦ ਨੇ ਦੱਸਿਆ ਕਿ ਆਉਣ ਵਾਲੀ 14 ਤਰੀਕ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਪ੍ਰਭਾਤਫੇਰੀਆਂ ਆਰੰਭ ਕੀਤੀਆਂ ਜਾਣਗੀਆਂ। 4 ਤਰੀਕ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ। ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 5 ਤਰੀਕ ਨੂੰ ਮਨਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਨਗਰ ਕੀਰਤਨ ਵਿਚ ਕੋਈ ਵੀ ਡੀ ਜੇ ਨਾ ਲੈ ਕੇ ਆਵੇ।

# ਸਿੱਧੂ ਪਰਵਾਰ ਵੱਲੋਂ ਪੰਜ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦਾ ਸਮੂਹਿਕ ਵਿਆਹ ਸਮਾਗਮ



**ਸ਼ਾਹਕੋਟ (ਗਿਆਨ ਸੈਦਪੁਰੀ)** : ਨਵੇਂ ਸਾਲ ਦੀ ਆਮਦ ਦੀ ਖ਼ੁਸ਼ੀ ਵਿੱਚ ਸਵਰਗੀ ਸਵਰਨ ਸਿੰਘ ਸਿੱਧੂ (ਸਲੈਚਾ) ਦੇ ਪਰਵਾਰ ਵੱਲੋਂ ਸੱਯਦ ਪੀਰ ਸੈਦਰਾਣਾ ਅਤੇ ਬਾਬਾ ਮਸਤ ਰਾਮ ਲਾਲ ਦੇ ਦਰਬਾਰ ਪਿੰਡ ਸੈਦਪੁਰ ਝਿੜੀ ਵਿਖੇ ਪਿਛਲੇ ਸਾਲ ਵਾਂਗ ਇਸ ਸਾਲ ਵੀ 31 ਦਸੰਬਰ ਦਿਨ ਸਨਿੱਚਰਵਾਰ ਨੂੰ 5 ਲੋੜਵੰਦ ਪਰਵਾਰਾਂ ਦੇ ਬੱਚਿਆਂ ਦਾ ਸਮੂਹਿਕ ਵਿਆਹ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਸਿੰਘ ਸਭਾ ਸੈਦਪੁਰ ਝਿੜੀ ਵਿਖੇ ਆਨੰਦ ਕਾਰਜ ਹੋਣ ਉਪਰੰਤ ਸੁਦੇਸ਼ ਰਾਣੀ (ਪਤਨੀ ਸਵਰਗੀ ਸਵਰਨ ਸਿੰਘ ਸਿੱਧੂ), ਬਿੱਟੂ ਸਿੱਧੂ ਯੂ ਕੇ, ਭੂਸ਼ਨ ਸਿੱਧੂ, ਰਣਜੀਤ ਕੌਰ ਸਿੱਧੂ, ਸੋਨੂ ਥਿੰਦ ਯੂ ਕੇ, ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਬਲਬੀਰ ਸਿੰਘ ਏ ਆਈ ਜੀ ਫਿਰੋਜ਼ਪੁਰ, ਬਲਬੀਰ ਸਿੰਘ ਐਸ ਪੀ, ਜਤਿੰਦਰਪਾਲ ਸਿੰਘ ਡੀ ਐਸ ਪੀ, ਸਿਮਰਨ ਕੌਰ ਸਿੱਧੂ ਨੇ ਨਵੇਂ ਵਿਆਹ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਸਿੱਧੂ ਪਰਵਾਰ ਵੱਲੋਂ ਲੜਕੀਆਂ ਨੂੰ ਸੋਨੇ ਦੀਆਂ ਵਾਲੀਆਂ, ਸੋਫਾ ਸੈੱਟ, ਡਬਲ ਬੈੱਡ, ਪੇਟੀ, ਡਿਨਰ ਸੈੱਟ ਅਤੇ ਹੋਰ ਲੋੜੀਂਦਾ ਸਮਾਨ ਦਿੱਤਾ ਗਿਆ। ਸਮਾਗਮ ਲਈ ਵਿਜੇ ਸਿੱਧੂ ਯੂ ਕੇ, ਕਮਲ ਗੁੱਜਰ ਯੂ ਕੇ, ਸੋਨੂੰ ਥਿੰਦ ਯੂ ਕੇ ਨੇ ਵੱਡਾ ਸਹਿਯੋਗ ਕੀਤਾ। ਇਸ ਉਪਰੰਤ ਦਰਬਾਰ 'ਤੇ ਰੰਗਾਰੰਗ ਪ੍ਰੋਗਰਾਮ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਨੇ ਪੇਸ਼ ਕੀਤਾ। ਜਿਸ ਵਿੱਚ ਹਰਭਜਨ ਸ਼ੇਰਾ, ਅਨਮੋਲ ਵਿਰਕ, ਮਾਸ਼ਾ ਅਲੀ ਅਤੇ ਮੰਗੀ ਖਾਨ ਆਦਿ ਨੇ ਹਾਜ਼ਰੀ ਲਗਵਾਈ। ਰਾਤ ਨੂੰ ਦਰਬਾਰ ਬਾਬਾ ਮਸਤ ਰਾਮ ਲਾਲ ਦੇ ਮੁੱਖ ਸੇਵਾਦਾਰ ਸਵਰਗੀ ਸਾਈਂ ਮਹਿੰਦਰ ਸ਼ਾਹ ਦੀ ਯਾਦ ਨੂੰ ਸਮਰਪਤ ਮਹਿਫਲ-ਏ- ਕੱਵਾਲੀ ਕਰਵਾਈ ਗਈ, ਜਿਸ ਵਿੱਚ ਆਬਿਦ ਅਲੀ ਮਤੋਈ ਕੱਵਾਲ ਪਾਰਟੀ, ਮੁਹੰਮਦ ਤਕੀ ਕੱਵਾਲ ਪਾਰਟੀ ਮਲੇਰਕੋਟਲਾ ਅਤੇ ਕੱਚੀ ਗਿਰੀ ਨੱਕਾਲ ਪਾਰਟੀ ਨੇ ਹਾਜ਼ਰੀ ਲਗਵਾਈ। ਸਮਾਗਮ 'ਚ ਹੋਰਨਾ ਤੋਂ ਇਲਾਵਾ ਬਲਵਿੰਦਰ ਸਿੰਘ ਧਾਲੀਵਾਲ ਐਮ ਐਲ ਏ ਫਗਵਾੜਾ, ਨਰਿੰਦਰ ਸਿੰਘ ਧਾਲੀਵਾਲ ਪੀ ਸੀ ਐਸ, ਬਲਜਿੰਦਰ ਸਿੰਘ ਤਹਿਸੀਲਦਾਰ ਫਿਲੌਰ, ਰਾਮ ਲਾਲ ਚੋਪੜਾ ਚੰਡੀਗੜ੍ਹ, ਗੁਰਿੰਦਰਜੀਤ ਸਿੰਘ ਨਾਗਰਾ ਐਸ ਐਚ ਓ ਸ਼ਾਹਕੋਟ, ਸੁਰਜੀਤ ਸਿੰਘ ਇੰਸਪੈਕਟਰ, ਡਾਕਟਰ ਜਗਤਾਰ ਸਿੰਘ ਚੰਦੀ, ਵੀਰ ਕੁਲਵੰਤ ਸਿੰਘ ਕੰਤਾ ਸੂਬਾ ਪ੍ਰਧਾਨ ਅੰਬੇਡਕਰ ਆਰਮੀ ਪੰਜਾਬ, ਕਪਿਲ ਚੋਪੜਾ, ਜਤਿੰਦਰ ਕੁਮਾਰ ਭੱਲਾ ਨਕੋਦਰ, ਕਮਲ ਕੁਮਾਰ ਨਾਹਰ ਐਮ ਸੀ, ਪ੍ਰਵੀਨ ਗਰੋਵਰ ਪ੍ਰਧਾਨ ਸ਼ਹਿਰੀ ਕਾਂਗਰਸ, ਸੁਧੀਰ ਨਾਹਰ ਸੂਬਾ ਪ੍ਰਧਾਨ ਕ੍ਰਿਸਚਨ ਮੂਵਮੈਂਟ ਯੂਥ ਵਿੰਗ, ਜੋਗਿੰਦਰ ਸਿੰਘ ਟਾਈਗਰ ਸਰਪੰਚ, ਬੰਟੀ ਬਠੱਲਾ, ਠੇਕੇਦਾਰ ਚੌਧਰੀ ਹਰਮੇਸ਼ ਲਾਲ, ਹਰਜਿੰਦਰ ਸਿੰਘ ਵਿਰਕ ਦਾਨੇਵਾਲ, ਬਾਬਾ ਨਿੰਦ, ਜਸਵੀਰ ਸਿੰਘ ਜੱਸਾ, ਦਰੋਗਾ ਮੱਟੂ ਸ਼ਾਹਕੋਟ, ਬਲਦੇਵ ਰਾਜ ਪੋਕਾ, ਲਾਡੀ ਮਿੱਡਾ, ਲਾਡੀ ਨਕੋਦਰ, ਰਾਮ ਲਾਲ ਕਨੇਡਾ, ਪਰਮਿੰਦਰ ਪਿੰਦੀ ਪੰਜਾਬ ਪੁਲਸ, ਨਿੱਕੂ ਧੰਜੂ, ਮਨੋਜ ਅਰੋੜਾ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ, ਸੁੱਚਾ ਗਿੱਲ, ਕੁਲਦੀਪ ਸਿੰਘ ਦੀਦ ਅਤੇ ਮਨਦੀਪ ਸਿੰਘ ਝੀਤਾ (ਤਿੰਨੇ 'ਆਪ' ਆਗੂ), ਸੋਨੂੰ ਪਹਿਲਵਾਨ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸੋਖਾ, ਐਡਵੋਕੇਟ ਅਰੁਣ ਹੰਸ, ਜੱਸਾ ਸ਼ਾਹਕੋਟ, ਬਲਵਿੰਦਰ ਗਿੱਲ, ਨਰਿੰਦਰ ਪਾਲ ਨਕੋਦਰ ਆਦਿ ਮੌਜੂਦ ਸਨ। ਸਟੇਜ ਸਕੱਤਰ ਦੇ ਫਰਜ਼ ਰਣਜੀਤ ਮਾਨ, ਮੰਗਾ ਕੋਟਲੀ ਅਤੇ ਅਮਨਦੀਪ ਸੈਦਪੁਰੀ ਨੇ ਨਿਭਾਏ।



ਫਿਲੌਰ ਵਿਖੇ ਸਵ. ਸ਼ਾਂਤੀ ਦੇਵੀ ਸਪੁੱਤਰ ਸਵ. ਡਾ. ਸੁਰਿੰਦਰ ਮੋਹਨ ਦੀ ਯਾਦ 'ਚ ਉਨ੍ਹਾ ਦੇ ਸਪੁੱਤਰ ਮਿੰਟੂ ਸ਼ਰਮਾ ਨਰੇਸ਼ ਕੁਮਾਰ ਸੰਗਰੂਰ, ਸੋਮ ਨਾਥ, ਕਿਰਪਾਲ ਸਿੰਘ, ਕਿਰਤੀ ਸ਼ਰਮਾ ਲੰਗਰ ਵਰਤਾਉਂਦੇ ਹੋਏ ।

(ਫੋਟੋ ਤੇ ਵੇਰਵਾ : ਬੀ ਐੱਸ ਕੈਨੇਡੀ)

# 'ਪਠਾਨ' 'ਚ ਇਤਰਾਜ਼ਯੋਗ ਦ੍ਰਿਸ਼ਾਂ 'ਚ ਸੈਂਸਰ ਬੋਰਡ ਦੀਆਂ ਨਵੀਂਆਂ ਹਦਾਇਤਾਂ ਨਾਲ ਸਨਾਤਨੀ ਸੋਚ ਦੀ ਜਿੱਤ : ਤੀਕਸ਼ਣ ਸੂਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਭਾਜਪਾ ਆਗੂਆਂ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਸਾਬਕਾ ਮੇਅਰ ਸ਼ਿਵ ਸੂਦ, ਜ਼ਿਲ੍ਹਾ ਮੀਤ ਪ੍ਰਧਾਨ ਸੁਰੇਸ਼ ਭਾਟੀਆ ਬਿੱਟੂ, ਜ਼ਿਲ੍ਹਾ ਸਕੱਤਰ ਅਸ਼ਵਨੀ ਗੈਂਦ, ਯਸ਼ਪਾਲ ਸ਼ਰਮਾ ਵੱਲੋਂ ਜਾਰੀ ਪ੍ਰੈੱਸ ਨੋਟ ਵਿੱਚ ਕਿਹਾ ਗਿਆ ਹੈ ਕਿ ਫਿਲਮ ਵਿੱਚ ਪਠਾਨ, ਸਨਾਤਨੀ ਹਿੰਦੂ ਸੋਚ ਨੂੰ ਠੇਸ ਪਹੁੰਚਾਈ ਗਈ ਸੀ। ਜਾਣ ਬੁੱਝ ਕੇ ਇਤਰਾਜ਼ਯੋਗ ਸੀਨ ਅਤੇ ਗੀਤ ਪਾਏ ਗਏ, ਜਿਸ ਨਾਲ ਕਾਫੀ ਵਿਵਾਦ ਖੜ੍ਹਾ ਹੋਇਆ। ਉਨ੍ਹਾਂ ਕਿਹਾ ਕਿ ਧਰਮ ਨਿਰਪੱਖ ਫਿਲਮ ਨਿਰਦੇਸ਼ਕ, ਨਿਰਮਾਤਾ ਅਤੇ ਕਲਾਕਾਰ ਜਾਣਬੁੱਝ ਕੇ ਆਪਣੀਆਂ ਫਿਲਮਾਂ ਵਿਚ ਅਜਿਹੇ ਸੀਨ ਲਗਾਉਂਦੇ ਹਨ, ਜਿਸ ਨਾਲ ਵਿਵਾਦ ਪੈਦਾ ਹੁੰਦਾ ਹੈ, ਜਿਸ ਕਾਰਨ ਉਨ੍ਹਾਂ ਦੀਆਂ ਫਿਲਮਾਂ ਬਾਕਸ ਆਫਿਸ 'ਤੇ ਮੋਟੀ ਕਮਾਈ ਕਰ ਸਕਦੀਆਂ ਹਨ, ਇਸ ਬਹਾਨੇ ਅਜਿਹੇ ਲੋਕ ਜਾਣਬੁੱਝ ਕੇ ਭਾਰਤੀ ਸੱਭਿਆਚਾਰ ਨੂੰ ਵੀ ਠੇਸ ਪਹੁੰਚਾਉਂਦੇ ਹਨ। ਜਿਸ ਦਾ ਪ੍ਰਭਾਵ ਆਉਣ ਵਾਲੀ ਪੀੜ੍ਹੀ ਅਤੇ ਖਾਸ ਕਰਕੇ ਭੋਲੀ-ਭਾਲੀ ਨੌਜਵਾਨ ਪੀੜ੍ਹੀ ਦੀ ਮਾਨਸਿਕਤਾ 'ਤੇ ਸਦਾ ਲਈ ਛਾਪਿਆ ਜਾਂਦਾ ਹੈ। ਜਿਸ ਕਾਰਨ ਉਹ ਆਪਣੇ ਬਹੁਮੁੱਲੇ ਸੱਭਿਆਚਾਰ ਤੋਂ ਦੂਰ ਜਾਣ ਲੱਗਦੇ ਹਨ। ਪਠਾਨ ਫਿਲਮ ਵਿੱਚ ਵੀ ਫਿਲਮ ਦੀ ਟੀਮ ਨੇ ਜਾਣਬੁੱਝ ਕੇ ਭਗਵੇਂ ਰੰਗ ਅਤੇ ਭਗਵੇਂ ਰੰਗ ਨਾਲ ਇੱਕ ਕਰੂਰ ਮਜ਼ਾਕ ਖੇਡ ਕੇ ਸਨਾਤੀ ਸੱਭਿਆਚਾਰ ਨੂੰ ਸ਼ਰਮਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਆਦਿ ਕਾਲ ਤੋਂ ਸਾਡੇ ਸੰਤਾਂ, ਮਹਾਤਮਾ, ਰਿਸ਼ੀ ਅਤੇ ਹਿੰਦੂ ਧਰਮ ਦੇ ਆਗੂ ਭਗਵੇਂ ਰੰਗ ਦੇ ਕੱਪੜੇ ਪਹਿਨਦੇ ਆਏ ਹਨ। ਭਾਜਪਾ ਆਗੂਆਂ ਨੇ ਕਿਹਾ ਕਿ ਸਨਾਤਨੀ ਸੋਚ ਵਾਲੇ ਲੋਕਾਂ ਦੇ ਸਖ਼ਤ ਵਿਰੋਧ ਦੇ ਨਤੀਜੇ ਵਜੋਂ ਸੈਂਸਰ ਬੋਰਡ ਨੇ ਇਸ 'ਤੇ ਅਸਰ ਪਾਇਆ ਅਤੇ ਪਠਾਨ ਫਿਲਮ ਦੇ ਇਤਰਾਜ਼ਯੋਗ ਦ੍ਰਿਸ਼ਾਂ ਅਤੇ ਗੀਤਾਂ ਨੂੰ ਠੀਕ ਕਰਨ ਦੇ ਹੁਕਮ ਦਿੱਤੇ, ਜੋ ਕਿ ਭਾਰਤੀ ਸਨਾਤਨੀ ਸੱਭਿਆਚਾਰ ਦੀ ਅਹਿਮ ਜਿੱਤ ਹੈ। ਇਹ ਉਦਾਹਰਨ ਦੇ ਕੇ ਭਵਿੱਖ ਵਿੱਚ ਅਜਿਹੇ ਫਿਲਮ ਨਿਰਮਾਤਾ ਭਾਰਤੀ ਸੱਭਿਆਚਾਰ ਨੂੰ ਠੇਸ ਪਹੁੰਚਾਉਣ ਤੋਂ ਪਹਿਲਾਂ ਸੋਚਣਗੇ। ਉਨ੍ਹਾਂ ਅੱਗੇ ਕਿਹਾ ਕਿ ਫਿਲਮਾਂ 'ਚ ਮਨੋਰੰਜਨ ਦੇ ਨਾਂ 'ਤੇ ਅਸ਼ਲੀਲਤਾ ਅਤੇ ਨਗਨਤਾ ਪਰੋਸੀ ਜਾ ਰਹੀ ਹੈ। ਜਿਸ ਕਾਰਨ ਨੌਜਵਾਨ ਬਲਾਤਕਾਰ ਅਤੇ ਛੇੜਛਾੜ ਵਰਗੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਧੱਕੇ ਜਾ ਰਹੇ ਹਨ। ਇਸ ਲਈ ਫਿਲਮਾਂ ਵਿੱਚ ਅਸ਼ਲੀਲਤਾ ਨੂੰ ਸਖ਼ਤੀ ਨਾਲ ਰੋਕਿਆ ਜਾਣਾ ਚਾਹੀਦਾ ਹੈ।

# ਸਤਲੁਜ ਪ੍ਰੈੱਸ ਕਲੱਬ ਵੱਲੋਂ ਨਵੇ ਸਾਲ ਦੀ ਸਭ ਨੂੰ ਵਧਾਈ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** : ਸਤਲੁਜ ਪ੍ਰੈੱਸ ਕਲੱਬ (ਰਜਿ:) ਨੂਰਪੁਰਬੇਦੀ ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਪ੍ਰਮਾਤਮਾ ਅੱਗੇ ਇਹ ਅਰਦਾਸ ਕੀਤੀ ਗਈ ਕਿ ਸਾਲ 2023 ਸਭਨਾਂ ਲਈ ਖ਼ੁਸ਼ੀਆਂ ਖੇੜੇ ਲੈ ਕੇ ਆਵੇ। ਇਸ ਮੌਕੇ ਕਲੱਬ ਦੇ ਸਰਪ੍ਰਸਤ ਸੁਰਜੀਤ ਸਿੰਘ ਕਾਹਲੋਂ ਡਾਇਰੈਕਟਰ ਮਿਲਕ ਪਲਾਂਟ ਮੁਹਾਲੀ ਨੇ ਜਿਥੇ ਗੁਜ਼ਰੇ ਸਾਲ 2022 ਦੀਆਂ ਖੱਟੀਆਂ ਮਿੱਠੀਆਂ ਯਾਦਾਂ ਨੂੰ ਤਾਜ਼ਾ ਕੀਤਾ, ਉੱਥੇ ਨਵੇਂ ਸਾਲ ਦੀ ਆਮਦ 'ਤੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਵੀ ਦਿੱਤੀ। ਕਲੱਬ ਪ੍ਰਧਾਨ ਬਿਮਲ ਸੈਣੀ ਨੇ ਵੀ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਆਉਣ ਵਾਲਾ ਸਾਲ ਸਾਰਿਆਂ ਲਈ ਖ਼ੁਸ਼ੀਆਂ ਭਰਿਆ ਆਵੇ ਅਤੇ ਹਰ ਪ੍ਰਾਣੀ ਇਸ ਸੰਸਾਰ ਦੀਆ ਖ਼ੁਸ਼ੀਆਂ ਮਾਣੇ। ਇਸ ਮੌਕੇ ਸਤਲੁਜ ਪ੍ਰੈੱਸ ਕਲੱਬ ਦੇ ਸਰਪ੍ਰਸਤ ਸੁਰਜੀਤ ਸਿੰਘ ਕਾਹਲੋਂ ਸਰਪੰਚ ਨਲਹੋਟੀ, ਪ੍ਰਧਾਨ ਬਿਮਲ ਸੈਣੀ, ਸਾਬਕਾ ਪ੍ਰਧਾਨ ਗੁਰਬੀਰ ਸਿੰਘ ਵਾਲੀਆ, ਸਾਬਕਾ ਪ੍ਰਧਾਨ ਗੌਰਵ ਰਾਣਾ, ਸ਼ਮਸ਼ੇਰ ਸਿੰਘ ਡੂੰਮੇਵਾਲ, ਬਲਵਿੰਦਰ ਰੈਤ, ਗੁਰਦੀਪ ਝੱਜ, ਜਗਤਾਰ ਜੱਗੀ, ਕਮਲਜੀਤ ਸੈਣੀ, ਦਿਨੇਸ਼ ਹੱਲਣ, ਬਲਜਿੰਦਰ ਸਿੱਧੂ ਆਦਿ ਨੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਭੇਜੀ।

# ਆਮ ਆਦਮੀ ਪਾਰਟੀ ਵਰਕਰਾਂ ਨੇ ਨਵਨਿਯੁਕਤ ਐੱਸ ਐੱਚ ਓ ਦਾ ਕੀਤਾ ਸਵਾਗਤ



**ਸੁਭਾਨਪੁਰ (ਹਰਮੇਸ਼ ਦੱਤ)** : ਪਿੰਡ ਮੁਰਾਰ ਤੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਥਾਣਾ ਸੁਭਾਨਪੁਰ ਦੇ ਨਵਨਿਯੁਕਤ ਐਸ ਐਚ ਓ ਇੰਸਪੈਕਟਰ ਰਜਿੰਦਰ ਕੁਮਾਰ ਦਾ ਅਹੁਦਾ ਸੰਭਾਲਣ 'ਤੇ ਸਵਾਗਤ ਕੀਤਾ ਅਤੇ ਆਪਣੇ ਇਲਾਕੇ ਦੀਆਂ ਮੁਸ਼ਕਲਾਂ ਬਾਰੇ ਜਾਣੂ ਕਰਵਾਇਆ। ਇਸ ਉਪਰੰਤ ਇੰਸਪੈਕਟਰ ਰਜਿੰਦਰ ਕੁਮਾਰ ਨੇ ਵਿਸ਼ਵਾਸ ਦਿਵਾਇਆ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਵਿੱਚ ਮੁਸ਼ਕਲਾਂ ਦਾ ਹੱਲ ਕਰਨਗੇ। ਇਸ ਮੌਕੇ ਰਾਕੇਸ਼ ਕੁਮਾਰ ਮੁਰਾਰ, ਸਤੀਸ਼ ਕੁਮਾਰ,ਜੈ ਸਿੰਘ, ਜਤਿੰਦਰ ਕੁਮਾਰ, ਰਜੇਸ਼ ਕੁਮਾਰ, ਏ ਐੱਸ ਆਈ ਬਲਜਿੰਦਰ ਸਿੰਘ ਹਾਜ਼ਰ ਸਨ।

# ਪੰਜਾਬ ਟਰਾਂਸਪੋਰਟ ਵਿਭਾਗ ਨੇ ਮਿਸਾਲੀ ਨੀਤੀਆਂ ਤੇ ਆਨਲਾਈਨ ਸੇਵਾਵਾਂ ਲਿਆਂਦੀਆਂ

**ਚੰਡੀਗੜ੍ਹ, (ਗੁਰਜੀਤ ਬਿੱਲਾ)** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਟਰਾਂਸਪੋਰਟ ਵਿਭਾਗ ਲੋਕਾਂ ਲਈ ਮਿਸਾਲੀ ਨੀਤੀਆਂ ਅਤੇ ਸਕੀਮਾਂ ਲਿਆਉਣ ਸਣੇ ਖੱਜਲ-ਖੁਆਰੀ ਮੁਕਤ ਆਨਲਾਈਨ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਪੰਜਾਬ ਨੂੰ ਸਾਫ਼, ਹਰਿਆ-ਭਰਿਆ ਅਤੇ ਪ੍ਰਦੂਸ਼ਣ-ਮੁਕਤ ਬਣਾਉਣ ਦੇ ਮਕਸਦ ਨਾਲ ਟਰਾਂਸਪੋਰਟ ਵਿਭਾਗ ਵੱਲੋਂ ਨਵੀਂ ਇਲੈਕਟ੍ਰਿਕ ਵਾਹਨ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ। ਪਿਛਲੇ ਵਰ੍ਹੇ ਨਾਲੋਂ 25 ਫ਼ੀਸਦੀ ਵੱਧ ਇਲੈਕਟ੍ਰਿਕ ਵਾਹਨਾਂ ਦੀ ਰਜਿਸਟ੍ਰੇਸ਼ਨ ਦਾ ਵਿਚਾਰ ਵਾਲੇ ਇਸ ਨੀਤੀ ਖਰੜੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਵਾਨਗੀ ਦਿੱਤੀ ਗਈ। ਖਰੜਾ ਨੀਤੀ ਤਹਿਤ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਜਿਹੇ ਸ਼ਹਿਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਕਿਉਂਕਿ ਸੂਬੇ ਦੇ 50 ਫ਼ੀਸਦੀ ਤੋਂ ਵੱਧ ਵਾਹਨ ਇਨ੍ਹਾਂ ਸ਼ਹਿਰਾਂ 'ਚ ਹਨ। ਖਰੜਾ ਨੀਤੀ ਅਨੁਸਾਰ ਸੂਬੇ ਭਰ 'ਚ ਨਿੱਜੀ ਅਤੇ ਜਨਤਕ ਇਲੈਕਟ੍ਰਿਕ ਵਾਹਨਾਂ ਲਈ ਇਲੈਕਟ੍ਰਿਕ ਚਾਰਜਿੰਗ ਪੁਆਇੰਟਾਂ ਦੇ ਰੂਪ 'ਚ ਬੁਨਿਆਦੀ ਢਾਂਚੇ ਦੀ ਸਥਾਪਨਾ ਕੀਤੀ ਜਾਵੇਗੀ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਖਰੜਾ ਨੀਤੀ 'ਚ ਸੂਬੇ 'ਚ ਇਲੈਕਟ੍ਰਿਕ ਵਾਹਨਾਂ ਦੀ ਚੋਣ ਕਰਨ ਵਾਲੇ ਲੋਕਾਂ ਲਈ ਨਕਦ ਰਿਆਇਤਾਂ ਦੀ ਵਿਵਸਥਾ ਕੀਤੀ ਗਈ ਹੈ। ਇਲੈਕਟ੍ਰਿਕ ਵਾਹਨਾਂ ਦੇ ਪਹਿਲੇ ਇੱਕ ਲੱਖ ਖ਼ਰੀਦਦਾਰਾਂ ਨੂੰ 10,000 ਰੁਪਏ ਤੱਕ ਦੀ ਵਿੱਤੀ ਰਿਆਇਤ ਮਿਲੇਗੀ। ਇਲੈਕਟ੍ਰਿਕ ਆਟੋ-ਰਿਕਸ਼ਾ ਅਤੇ ਈ-ਰਿਕਸ਼ਾ ਦੇ ਪਹਿਲੇ 10,000 ਖ਼ਰੀਦਦਾਰਾਂ ਨੂੰ 30,000 ਰੁਪਏ ਤੱਕ ਦੀ ਵਿੱਤੀ ਰਿਆਇਤ ਮਿਲੇਗੀ। ਪਹਿਲੇ 5000 ਈ-ਕਾਰਟ ਖ਼ਰੀਦਦਾਰਾਂ ਨੂੰ 30,000 ਰੁਪਏ ਤੱਕ ਦੀ ਰਿਆਇਤ ਮਿਲੇਗੀ। ਹਲਕੇ ਵਪਾਰਕ ਵਾਹਨਾਂ ਦੇ ਪਹਿਲੇ 5000 ਖ਼ਰੀਦਦਾਰਾਂ ਨੂੰ 30,000 ਤੋਂ 50,000 ਰੁਪਏ ਤੱਕ ਦੀ ਰਿਆਇਤ ਮਿਲੇਗੀ। ਇਸ ਤੋਂ ਇਲਾਵਾ ਇਲੈਕਟ੍ਰਿਕ ਵਾਹਨਾਂ ਦੀ ਰਜਿਸਟ੍ਰੇਸ਼ਨ 'ਤੇ ਲੱਗਣ ਵਾਲੀ ਰਜਿਸਟ੍ਰੇਸ਼ਨ ਫ਼ੀਸ ਅਤੇ ਰੋਡ ਟੈਕਸ 'ਚ ਛੋਟ ਦੀ ਵਿਵਸਥਾ ਵੀ ਕੀਤੀ ਗਈ ਹੈ। ਨੀਤੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਲੋਕਾਂ ਦੇ ਵਿਚਾਰ ਲਏ ਜਾਣਗੇ। ਇਸੇ ਤਰ੍ਹਾਂ ਪੰਜਾਬ ਵਾਸੀਆਂ ਨੂੰ ਆਨਲਾਈਨ ਸੇਵਾਵਾਂ ਪ੍ਰਦਾਨ ਕਰਨ ਲਈ ਈ-ਗਵਰਨੈਂਸ ਵੱਲ ਕਦਮ ਪੁੱਟਦਿਆਂ ਟਰਾਂਸਪੋਰਟ ਵਿਭਾਗ ਵੱਲੋਂ ਆਨਲਾਈਨ ਡਰਾਈਵਿੰਗ ਲਾਇਸੈਂਸ ਦੀ ਸਹੂਲਤ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲੋਕ ਆਪਣੇ ਕੰਪਿਊਟਰ, ਮੋਬਾਈਲ, ਟੈਬਲੇਟ ਜਾਂ ਲੈਪਟਾਪ 'ਤੇ ਸਿਰਫ਼ ਇੱਕ ਕਲਿੱਕ 'ਤੇ ਲਰਨਿੰਗ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰ ਰਹੇ ਹਨ। ਇਸ ਪੋਰਟਲ http://www.sarathi.parivahan.gov.in ਦੀ ਸ਼ੁਰੂਆਤ ਨਾਲ ਲੋਕ ਹੁਣ ਘਰ ਬੈਠੇ ਹੀ ਆਪਣੇ ਕੰਪਿਊਟਰ, ਮੋਬਾਈਲ, ਟੈਬਲੇਟ ਜਾਂ ਲੈਪਟਾਪ ਦੇ ਇੱਕ ਕਲਿੱਕ 'ਤੇ ਲਰਨਿੰਗ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰ ਰਹੇ ਹਨ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਬਿਨੈਕਾਰ ਆਪਣਾ ਆਧਾਰ ਕਾਰਡ ਅਪਲੋਡ ਕਰਕੇ ਲਰਨਿੰਗ ਡਰਾਈਵਿੰਗ ਲਾਇਸੈਂਸ ਅਪਲਾਈ ਕਰ ਸਕਦਾ ਹੈ, ਜਿਸ ਤੋਂ ਬਾਅਦ ਉਹ ਆਨਲਾਈਨ ਲਰਨਿੰਗ ਲਾਇਸੈਂਸ ਟੈਸਟ 'ਚ ਹਿੱਸਾ ਲੈ ਸਕਦਾ ਹੈ। ਆਨਲਾਈਨ ਟੈਸਟ ਪਾਸ ਕਰਨ ਤੋਂ ਬਾਅਦ ਬਿਨੈਕਾਰ ਲਾਇਸੈਂਸ ਨੂੰ ਡਾਊਨਲੋਡ ਕਰਕੇ ਇਸ ਦਾ ਪ੍ਰਿੰਟ ਲੈ ਸਕੇਗਾ। ਇਹ ਆਨਲਾਈਨ ਸੇਵਾ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਕਰ ਰਹੀ ਹੈ, ਜਿਨ੍ਹਾਂ ਨੂੰ ਪਹਿਲਾਂ ਲਾਇਸੈਂਸ ਲੈਣ ਲਈ ਲੰਮੀਆਂ ਕਤਾਰਾਂ 'ਚ ਖੜ੍ਹਨਾ ਪੈਂਦਾ ਸੀ। ਦੱਸ ਦੇਈਏ ਕਿ ਸਾਲ 2021-22 'ਚ 5.21 ਲੱਖ ਬਿਨੈਕਾਰਾਂ ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਗਏ ਸਨ। ਇਸ ਆਨਲਾਈਨ ਸਹੂਲਤ ਦੇ ਸ਼ੁਰੂ ਹੋਣ ਨਾਲ ਆਰ ਟੀ ਏ ਦਫ਼ਤਰਾਂ ਵਿੱਚ ਜਾਣ ਤੋਂ ਬਗ਼ੈਰ 5 ਲੱਖ ਤੋਂ ਵੱਧ ਬਿਨੈਕਾਰ ਆਪਣੇ ਲਾਇਸੈਂਸ ਨਿਰਵਿਘਨ ਅਤੇ ਬਿਨਾਂ ਕਿਸੇ ਦਿੱਕਤ ਦੇ ਪ੍ਰਾਪਤ ਕਰ ਸਕਣਗੇ। ਇਸ ਤੋਂ ਇਲਾਵਾ ਜੇ ਲੋਕ ਚਾਹੁਣ ਤਾਂ ਸੁਵਿਧਾ ਕੇਂਦਰ ਵਿਖੇ ਵੀ ਆਪਣਾ ਲਾਇਸੈਂਸ ਅਪਲਾਈ ਕਰ ਸਕਦੇ ਹਨ। ਮਾਨ ਸਰਕਾਰ ਨੇ ਸੱਤਾ 'ਚ ਆਉਣ ਦੇ ਤਿੰਨ ਮਹੀਨਿਆਂ ਦੇ ਅੰਦਰ ਪੰਜਾਬ ਤੋਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੱਕ ਵਾਲਵੋ ਬੱਸ ਸੇਵਾ ਸ਼ੁਰੂ ਕੀਤੀ। 15 ਜੂਨ ਨੂੰ ਬੱਸ ਸੇਵਾ ਦੀ ਸ਼ੁਰੂਆਤ ਪਿੱਛੋਂ ਇਸ ਕਿਫ਼ਾਇਤੀ ਵਾਲਵੋ ਬੱਸ ਸੇਵਾ ਦਾ 30 ਨਵੰਬਰ ਤੱਕ 72,378 ਹਜ਼ਾਰ ਸਵਾਰੀਆਂ ਲਾਹਾ ਲੈ ਚੁੱਕੀਆਂ ਹਨ ਅਤੇ ਸੂਬਾ ਸਰਕਾਰ ਨੂੰ ਲਗਭਗ 13.89 ਕਰੋੜ ਰੁਪਏ ਦਾ ਮਾਲੀਆ ਇਕੱਤਰ ਹੋਇਆ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ ਆਰ ਟੀ ਸੀ ਦੀਆਂ 25 ਵਾਲਵੋ ਬੱਸਾਂ ਰੋਜ਼ਾਨਾ ਅੰਮ੍ਰਿਤਸਰ, ਪਠਾਨਕੋਟ, ਲੁਧਿਆਣਾ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਪਟਿਆਲਾ, ਨਵਾਂਸ਼ਹਿਰ, ਰੋਪੜ, ਮੋਗਾ ਅਤੇ ਚੰਡੀਗੜ੍ਹ ਤੋਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੱਕ ਚੱਲ ਰਹੀਆਂ ਹਨ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਲਾਭ ਪੰਜਾਬ ਦੇ ਲੱਖਾਂ ਪਰਵਾਸੀ ਭਾਰਤੀਆਂ ਨੂੰ ਮਿਲ ਰਿਹਾ ਹੈ। ਇਸ ਦੇ ਨਾਲ-ਨਾਲ ਇਸ ਰੂਟ 'ਤੇ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਅਜਾਰੇਦਾਰੀ ਵੀ ਖ਼ਤਮ ਹੋ ਗਈ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਆਪਣਾ ਹਰੇਕ ਕਦਮ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਦੇ ਨਾਲ-ਨਾਲ ਸੂਬੇ ਤੋਂ ਹਰੇਕ ਤਰ੍ਹਾਂ ਦੇ ਮਾਫੀਆ ਦਾ ਖਾਤਮਾ ਕਰਨ ਲਈ ਚੁੱਕ ਰਹੀ ਹੈ।

# ਸ਼ਹਿਰ 'ਚ ਫਲੈਗ ਮਾਰਚ, ਦੋਪਹੀਆ ਵਾਹਨਾਂ ਦੇ ਚਲਾਨ ਤੇ ਪਟਾਕੇ ਵਾਲੇ ਬੁਲਟ ਕੀਤੇ ਬੰਦ



**ਮੋਰਿੰਡਾ ( ਜੈਜੀ ਸਰਦਾਰ )** : ਨਵੇਂ ਸਾਲ ਦੀ ਆਮਦ ਨੂੰ ਦੇਖਦੇ ਹੋਏ ਸ਼ਹਿਰ ਵਿੱਚ ਸਿਟੀ ਥਾਣਾ ਐੱਸ ਐੱਚ ਓ ਗੁਰਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਜ਼ਾਰ 'ਚ ਫਲੈਗ ਕੀਤਾ ਗਿਆ। ਜਿਸ ਦੀ ਜਾਣਕਾਰੀ ਦਿੰਦਿਆਂ ਟਰੈਫਿਕ ਇੰਚਾਰਜ ਮਲਕੀਤ ਸਿੰਘ ਨੇ ਦੱਸਿਆ ਕਿ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਅੱਜ ਦੋਪਹੀਆ ਵਾਹਨਾਂ ਦੇ ਕਾਗਜ਼ ਪੱਤਰ ਚੈੱਕ ਕਰਦਿਆਂ ਜਿਨ੍ਹਾਂ ਦੀਆਂ ਨੰਬਰ ਪਲੇਟਾਂ ਟੁੱਟੀਆਂ ਹੋਈਆਂ ਅਤੇ ਜਾਂ ਲੱਗੀਆਂ ਹੋਈਆਂ ਨਹੀਂ ਸਨ, ਬਿਨਾਂ ਲਾਇਸੰਸ, ਬਿਨਾਂ ਇੰਸ਼ੋਰੈਂਸ ਅਤੇ ਟ੍ਰਿਪਲ ਰਾਈਡਿੰਗ ਵਾਲਿਆਂ ਚਲਾਨ ਕੀਤੇ ਗਏ। ਜਿਹੜੇ ਬੁਲਟ ਪਟਾਕੇ ਮਾਰ ਕੇ ਸ਼ਹਿਰ ਦਾ ਮਾਹੌਲ ਖਰਾਬ ਕਰ ਰਹੇ ਸਨ ਉਨ੍ਹਾਂ ਨੂੰ ਵੀ ਬਾਊਂਡ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਨਾਕਾਬੰਦੀ ਅੱਗੇ ਵੀ ਜਾਰੀ ਰੱਖਦਿਆਂ ਸਖਤੀ ਕੀਤੀ ਜਾਵੇਗੀ।

# ਸੜਕਾਂ 'ਤੇ ਹੀ ਨਵਾਂ ਸਾਲ ਮਨਾਇਆ ਕਿਸਾਨਾਂ ਨੇ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਹਾਈਵੇ ਚੌਲਾਂਗ ਟੋਲ ਪਲਾਜ਼ਾ 'ਤੇ ਲਾਏ ਗਏ ਪੱਕੇ ਮੋਰਚੇ ਦੇ 17ਵੇਂ ਦਿਨ ਵੀ ਕਿਸਾਨਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ੍ਹੀ ਰੱਖਿਆ । ਇਸ ਦੌਰਾਨ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਵੱਡੀ ਗਿਣਤੀ ਵਿੱਚ ਕਿਸਾਨ ਧਰਨੇ 'ਚ ਮੌਜੂਦ ਰਹੇ । ਸੂਬਾਈ ਆਗੂ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੂਬਾਈ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ,ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ, ਜ਼ਿਲ੍ਹਾ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਅਤੇ ਝਿਰਮਲ ਸਿੰਘ ਬੱਜੂਮਾਨ ਦੀ ਅਗਵਾਈ 'ਚ ਲਗਾਏ ਗਏ ਇਸ ਰੋਸ ਧਰਨੇ ਦੌਰਾਨ ਉਕਤ ਕਿਸਾਨ ਨੇ ਆਖਿਆ ਕਿ ਕੇਂਦਰ ਅਤੇ ਸੂਬਾ ਸਰਕਾਰ ਦੀ ਨਲਾਇਕੀ ਕਾਰਨ ਦੇਸ਼ ਦੇ ਅੰਨਦਾਤੇ ਨਵਾਂ ਸਾਲ ਸੜਕਾਂ 'ਤੇ ਮਨਾਉਣਗੇ । ਉਨ੍ਹਾਂ ਆਖਿਆ ਕਿ ਪੰਜਾਬ ਦੇ ਵੱਖ ਵੱਖ ਟੋਲ ਪਲਾਜ਼ਿਆਂ 'ਤੇ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਕੜਾਕੇ ਦੀ ਠੰਢ ਵਿੱਚ ਮੋਰਚੇ ਲਗਾ ਕੇ ਬੈਠੇ ਕਿਸਾਨਾਂ ਦੇ ਹੌਸਲੇ ਬੁਲੰਦ ਹਨ । ਉਨ੍ਹਾਂ ਆਖਿਆ ਕਿ ਇਹ ਸੰਘਰਸ਼ ਮੰਗਾਂ ਮਨਵਾਉਣ ਤੋਂ ਬਾਅਦ ਹੀ ਖਤਮ ਹੋਵੇਗਾ । ਇਸ ਮੌਕੇ ਉਨ੍ਹਾਂ ਕਿਸਾਨਾਂ ਦੀਆਂ ਮੰਗਾਂ ਤੋਂ ਵੀ ਜਾਣੂ ਕਰਵਾਇਆ । ਇਸ ਮੌਕੇ ਜਸਬੀਰ ਸਿੰਘ ਧੂਰੀਆ,ਨਿਸ਼ਾਨ ਸਿੰਘ ਬੱਜੂਮਾਨ, ਕਸ਼ਮੀਰ ਸਿੰਘ, ਅਵਤਾਰ ਸਿੰਘ ਸੇਖੋਂ, ਜਸਬੀਰ ਸਿੰਘ, ਚੂਹੜ ਸਿੰਘ ਬੱਲ, ਜਗਦੀਪ ਸਿੰਘ ਜੱਗੀ, ਰਾਜਬੀਰ ਸਿੰਘ,ਜਸਪਾਲ ਸਿੰਘ ਤਲਵੰਡੀ, ਸੁਖਜੀਤ ਸਿੰਘ,ਪਰਮਜੀਤ ਕੌਰ, ਸ਼ਕੁੰਤਲਾ ਦੇਵੀ, ਸਿਮਰਨਜੀਤ ਕੌਰ, ਜੋਤੀ, ਬਲਵਿੰਦਰ ਕੌਰ, ਰੇਸ਼ਮ ਕੌਰ,ਰੇਖਾ ਰਾਣੀ, ਕ੍ਰਿਸ਼ਨਾ ਦੇਵੀ, ਜਸਪਾਲ, ਕੁਲਦੀਪ ਕੌਰ, ਰਣਜੀਤ ਕੌਰ, ਹਰਭਜਨ ਸਿੰਘ, ਮਾਸਟਰ ਗੁਰਜੀਤ ਸਿੰਘ, ਅਨੂਪ ਸਿੰਘ, ਦਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ ।

# ਰੇਲ ਗੱਡੀ ਹੇਠਾਂ ਆ ਕੇ ਔਰਤ ਦੀ ਮੌਤ

**ਜਲੰਧਰ (ਸੁਰਿੰਦਰ ਕੁਮਾਰ)** : ਸਥਾਨਕ ਜਲੰਧਰ ਦੇ ਨਾਗਰਾ ਰੇਲਵੇ ਫਾਟਕਾਂ ਤੇ ਇਕ ਔਰਤ ਦੀ ਉਸ ਸਮੇਂ ਮੌਤ ਹੋ ਗਈ ਜਦੋਂ ਉਹ ਰੇਲਵੇ ਫਾਟਕ ਨੂੰ ਪਾਰ ਕਰਕੇ ਦੂਸਰੇ ਪਾਸੇ ਜਾ ਰਹੀ ਸੀ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਰੇਲਵੇ ਪੁਲਸ ਦੇ ਏ ਐਸ ਆਈ ਹੀਰਾ ਸਿੰਘ ਮੌਕੇ 'ਤੇ ਪੁਹੰਚੇ। ਉਨ੍ਹਾ ਨੇ ਲਾਸ਼ ਨੂੰ ਕਬਜ਼ੇ 'ਚ ਲਿਆ ਤੇ ਪੋਸਟ ਮਾਸਟਮ ਲਈ ਜਲੰਧਰ ਦੇ ਸਿਵਲ ਹਸਪਤਾਲ ਭੇਜ ਦਿੱਤਾ। ਰੇਲਵੇ ਪੁਲਸ ਦੇ ਏ ਐਸ ਆਈ ਹੀਰ ਸਿੰਘ ਨੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਸਵੇਰੇ ਦਸ ਵਜੇ ਫਿਰੋਜ਼ਪੁਰ ਤੋਂ ਪਸੈਂਜਰ ਰੇਲ ਗੱਡੀ ਆ ਰਹੀ ਸੀ।

ਜਿਸ ਦੌਰਾਨ ਇਕ ਔਰਤ ਇਸ ਨਾਗਰਾ ਰੇਲਵੇ ਫਾਟਕਾਂ ਨੂੰ ਜਦੋਂ ਪਾਰ ਕਰਨ ਲੱਗੀ ਤਾਂ ਉਹ ਇਸ ਪਸੈਂਜਰ ਰੇਲ ਗੱਡੀ ਹੇਠ ਆ ਗਈ। ਰੇਲਵੇ ਪੁਲਸ ਨੇ ਧਾਰਾ 174 ਤਹਿਤ ਕਾਰਵਾਈ ਕਰਕੇ ਲਾਸ਼ ਨੂੰ ਪੋਸਟ ਮਾਸਟਮ ਲਈ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਰਖਵਾ ਦਿੱਤਾ। ਮਾਰੀ ਗਈ ਔਰਤ ਦੇ ਕੋਲੋਂ ਕੋਈ ਵੀ ਪਹਿਚਾਣ ਪੱਤਰ ਨਹੀ ਮਿਲਿਆ।

# ਪੀ ਪੀ ਐੱਸ ਓ ਵੱਲੋਂ ਐਸੋਸੀਏਟਿਡ ਸਕੂਲਾਂ ਨੇ ਪੱਕੀ ਮਾਨਤਾ ਦੀ ਲਾਈ ਗੁਹਾਰ



**ਮੋਹਾਲੀ ( ਗੁਰਜੀਤ ਬਿੱਲਾ)**—ਪਿਛਲੇ ਲੰਬੇ ਸਮੇਂ ਤੋਂ ਕੱਚੀ ਮਾਨਤਾ ਤੇ ਚੱਲ ਰਹੇ 2100 ਐਸੋਸੀਏਟਿਡ ਸਕੂਲਾਂ ਨੂੰ ਪੱਕੀ ਮਾਨਤਾ ਪ੍ਰਦਾਨ ਕਰਨ ਲਈ ਪੰਜਾਬ ਪ੍ਰਾਈਵੇਟ ਸਕੂਲ ਆਰਗੇਨਾਈਜੇਸ਼ਨ ( ਪੀਪੀਐਸਓ) ਵੱਲੋਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮੰਗ ਪੱਤਰ ਭੇਜੇ ਕੇ ਪੱਕੀ ਐਸੋਸੀਏਸ਼ਨ ਦੇਣ ਲਈ ਗੁਹਾਰ ਲਗਾਈ ਗਈ। ਪ੍ਰੈਸ ਨੂੰ ਬਿਆਨ ਜਾਰੀ ਕਰਦੇ ਹੋਏ ਪੀਪੀਐਸਓ ਦੇ ਸਕੱਤਰ ਜਨਰਲ ਤੇਜਪਾਲ ਸਿੰਘ ਅਤੇ ਪੀਪੀਐਸਓ ਐਸੋਸੀਏਟਿਡ ਵਿੰਗ ਦੇ ਪ੍ਰਧਾਨ ਹਰਬੰਸ ਸਿੰਘ ਬਾਦਸ਼ਾਹਪੁਰ ਨੂੰ ਦੱਸਿਆ ਕਿ ਸਿੱਖਿਆ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਘੱਟ ਫੀਸਾਂ ਲੈ ਕੇ ਮਿਆਰੀ ਵਿਦਿਆ ਪ੍ਰਦਾਨ ਕਰ ਰਹੇ ਅਸੋਸੀਏਟਿਡ ਸਕੂਲ ਅੱਜ ਕੱਲ੍ਹ ਮਾਣਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਪ੍ਰਦਾਨ ਕੀਤੀ ਗਈ ਆਕਸੀਜ਼ਨ ਦੇ ਸਹਾਰੇ ਚੱਲ ਰਹੇ ਹਨ। ਉਨਾਂ ਦੱਸਿਆ ਕਿ ਸਾਲ 2011 ਵਿੱਚ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਦੇ ਉਨਾਂ ਸਕੂਲਾਂ ਨੂੰ ਐਸੋਸੀਏਸ਼ਨ ਦਾ ਦਰਜ਼ਾ ਦਿੱਤਾ ਗਿਆ ਸੀ, ਜੋ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੀਆਂ ਐਫੀਲੀਏਸ਼ਨ ਲੈਣ ਦੀ ਲਈ ਸਖ਼ਤ, ਕਠੋਰ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਸਨ। ਇਨਾਂ ਸਕੂਲਾਂ ਵਿੱਚ ਗਰੀਬ ਮਾਪਿਆਂ ਦੇ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ ਜੋ ਮਹਿੰਗੇ ਪ੍ਰਾਈਵੇਟ ਸਕੂਲਾਂ ਦੀਆਂ ਫ਼ੀਸਾਂ ਅਤੇ ਭਾਰੀ ਦਾਖ਼ਲੇ ਨਹੀਂ ਭਰ ਸਕਦੇ ਜਿਵੇ ਕਿ ਛੋਟੇ ਕਿਸਾਨ, ਦੁਕਾਨਦਾਰ, ਮਜਦੂਰੀ ਕਰਨ ਵਾਲੇ ਲੋਕਾਂ ਦੇ ਬੱਚੇ ਇਨਾਂ ਸਕੂਲਾਂ ਵਿੱਚ ਪੜਦੇ ਹਨ। ਇਨਾਂ ਐਸੋਸੀਏਟਿਡ ਸਕੂਲਾਂ ਵਿੱਚ ਹਜ਼ਾਰਾਂ ਅਧਿਆਪਕ ਅਤੇ ਗੈਰ ਅਧਿਆਪਕੀ ਅਮਲਾ ਫੈਲਾ ਰੁਜ਼ਗਾਰ ਤੇ ਲੱਗਿਆ ਹੋਇਆ ਹੈ ਜਿਵੇ ਕਿ ਚੌਕੀਦਾਰ, ਸੇਵਾਦਾਰ, ਸਕੂਲ ਵੈਨਾਂ ਦੇ ਚਾਲਕ ਅਤੇ ਕੰਡਕਟਰ ਆਦਿ ਇਨਾਂ ਸਕੂਲਾਂ ਰਾਹੀਂ ਰੁਜ਼ਗਾਰ ਪ੍ਰਾਪਤ ਕਰ ਰਹੇ ਹਨ। ਉਨਾਂ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਇਨਾਂ ਸਕੂਲਾਂ ਦੀ ਹੋਂਦ ਪਿਛਲੇ 40-45 ਸਾਲਾਂ ਤੋਂ ਹੈ ਅਤੇ ਸਿੱਖਿਆ ਖੇਤਰ ਵਿੱਚ ਯੋਗਦਾਨ ਪਾ ਰਹੇ ਹਨ। ਇਹ ਸਕੂਲ ਸ਼ਹਿਰੀ ਖੇਤਰ, ਕਸਬਿਆਂ ਅਤੇ ਪਿੰਡਾਂ ਆਦਿ ਵਿੱਚ ਚੱਲ ਰਹੇ ਹਨ। ਇਹ ਸਕੂਲ 8ਵੀਂ ਸ਼੍ਰੇਣੀ ਤੱਕ ਆਰ ਈ ਟੀ ਐਕਟ 2009 ਦੇ ਤਹਿਤ ਜਿਲਾ ਸਿੱਖਿਆ ਅਫ਼ਸਰ ( ਐਲੀਮੈਂਟਰੀ ਸਿੱਖਿਆ) ਤੋਂ ਮਾਨਤਾ ਪ੍ਰਾਪਤ ਹਨ। 9ਵੀਂ ਸ਼੍ਰੇਣੀ ਤੋਂ 12ਵੀਂ ਸ਼੍ਰੇਣੀ ਜਾਂ 9ਵੀਂ ਤੋਂ 10ਵੀਂ ਸ਼੍ਰੇਣੀ ਤੱਕ ਬੋਰਡ ਦੀਆਂ ਪ੍ਰੀਖਿਆਵਾਂ ਲਈ ਐਸੋਸੀਏਟਿਡ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਾਲ 2019 ਵਿੱਚ 2100 ਐਸੋਸੀਏਸ਼ਨ ਸਕੂਲਾਂ ਤੇ ਨਵੀਆਂ ਸ਼ਰਤਾਂ ਲਗਾ ਦਿੱਤੀਆਂ ਹਨ, ਜਿਵੇ ਕਿ ਸੀਐਲਯੂ ਦੀ ਸ਼ਰਤ, ਸਕੂਲ ਦਾ ਨਵਾਂ ਨਕਸ਼ਾਂ ਪਾਸ ਕਰਵਾਉਣਾ, ਕਮਰਿਆ ਦਾ ਅਕਾਰ , ਖੇਡ ਦਾ ਮੈਦਾਨ, ਅਧਿਆਪਕਾਂ ਦੀ ਤਨਖਾਹਾਂ ਸਰਕਾਰੀ ਗ੍ਰੇਡਾਂ ਵਾਂਗ ਅਤੇ ਹੋਰ ਅਨੇਕਾਂ ਸ਼ਰਤਾਂ ਲਗਾਂ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਵਲੋਂ ਐਸੋਸੀਏਸ਼ਨ ਵਾਪਸ ਲੈ ਲਈ ਤੇ ਐਫੀਲੀਏਸ਼ਨ ਲੈਣ ਦੀ ਸ਼ਰਤਾਂ ਲਗਾ ਦਿਤਿਆਂ ਜਿਸ ਕਾਰਨ ਇਹ 2100 ਐਸੋਸੀਏਟਿਡ ਸਕੂਲ, ਪੰਜਾਬ ਸਰਕਾਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੀਆਂ ਐਫੀਲੀਏਸ਼ਨ ਲੈਣ ਦੀਆਂ ਸ਼ਰਤਾਂ ਕਦੇ ਵੀ ਪੂਰਾ ਕਰਨ ਦੀ ਸਮੱਰਥਾ ਨਹੀਂ ਰੱਖਦੇ ਹਨ। ਤੇਜਪਾਲ ਤੇ ਬਾਦਸ਼ਾਹਪੁਰ ਨੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਇਨਾਂ ਸਕੂਲ ਨੂੰ ਜਿਉਂ ਦੇ ਤਿਉਂ ਪੱਕੀ ਐਸੋਸੀਏਸ਼ਨ ਦਿੱਤੀ ਜਾਵੇ ਅਤੇ ਇਨਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਜੱਥੇਬੰਦੀ ਦੇ ਵਫਦ ਨੂੰ ਮਿਲਣ ਲਈ ਸਮਾਂ ਦਿੱਤਾ ਜਾਵੇ।

# ਸਿਵਲ ਸਰਜਨ ਵੱਲੋਂ ਵੱਖ-ਵੱਖ ਸਿਹਤ ਕੇਂਦਰਾਂ ਦਾ ਜਾਇਜ਼ਾ

**ਮੁਹਾਲੀ, (ਗੁਰਜੀਤ ਬਿੱਲਾ)** : ਸਿਵਲ ਸਰਜਨ ਡਾ. ਆਦਰਸ਼ਪਾਲ ਕੌਰ ਨੇ ਅੱਜ ਵੱਖ-ਵੱਖ ਸਿਹਤ ਕੇਂਦਰਾਂ ਦਾ ਦੌਰਾ ਕੀਤਾ, ਜਿਨ੍ਹਾਂ ਨੂੰ ਜਲਦ ਹੀ 'ਆਮ ਆਦਮੀ ਕਲੀਨਿਕ' ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾ ਸਭ ਤੋਂ ਪਹਿਲਾਂ ਮੁੰਡੀ ਖਰੜ ਦੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ 'ਚ ਫੇਰੀ ਪਾਈ ਅਤੇ ਉਥੇ ਚੱਲ ਰਹੇ ਮੁਰੰਮਤ ਅਤੇ ਉਸਾਰੀ ਦੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਮੁਰੰਮਤ ਅਤੇ ਲੋੜ ਅਨੁਸਾਰ ਕੀਤੀ ਜਾ ਰਹੀ ਉਸਾਰੀ ਦਾ ਕੰਮ ਤੈਅ ਸਮੇਂ 'ਚ ਪੂਰਾ ਕੀਤਾ ਜਾਵੇ ਅਤੇ ਕੰਮ ਦੇ ਮਿਆਰ 'ਚ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਉਨ੍ਹਾ ਸਿਹਤ ਕੇਂਦਰ ਦੇ ਵੱਖ-ਵੱਖ ਕਮਰਿਆਂ 'ਚ ਜਾ ਕੇ ਬਰੀਕੀ ਨਾਲ ਜਾਂਚ-ਪੜਤਾਲ ਕੀਤੀ ਅਤੇ ਲੋੜੀਂਦੇ ਡਾਕਟਰੀ ਸਾਜ਼ੋ-ਸਮਾਨ, ਦਵਾਈਆਂ ਦੀ ਉਪਲਬਧਤਾ ਆਦਿ ਬਾਰੇ ਵੀ ਜਾਣਕਾਰੀ ਲਈ। ਇਸ ਤੋਂ ਬਾਅਦ, ਡਾ.ਆਦਰਸ਼ਪਾਲ ਕੌਰ ਨੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਸੰਤੇਮਾਜਰਾ, ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਲਾਂਡਰਾ ਅਤੇ ਮਜਾਤ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਐਸ ਏ ਐਸ ਨਗਰ ਦੇ 20 ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਇਨ੍ਹਾਂ ਕਲੀਨਿਕਾਂ 'ਚ ਉਸਾਰੀ ਅਤੇ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਸਰਕਾਰ ਦੀ ਯੋਜਨਾ ਮੁਤਾਬਕ ਇਨ੍ਹਾਂ ਕੇਂਦਰਾਂ ਨੂੰ 26 ਜਨਵਰੀ ਨੂੰ ਆਮ ਆਦਮੀ ਕਲੀਨਿਕਾਂ ਵਜੋਂ ਲੋਕਾਂ ਨੂੰ ਸਮਰਪਤ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਸਿਹਤ ਵਿਭਾਗ ਜ਼ਿਲ੍ਹੇ ਦੇ ਲੋਕਾਂ ਨੂੰ ਮਿਆਰੀ ਅਤੇ ਸੁਚੱਜੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਨ੍ਹਾਂ ਕਲੀਨਿਕਾਂ ਦੇ ਬਣਨ ਨਾਲ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ 'ਚ ਯਕੀਨਨ ਸੁਧਾਰ ਆਵੇਗਾ ਅਤੇ ਉਨ੍ਹਾਂ ਨੂੰ ਅਪਣੇ ਘਰ ਦੇ ਨੇੜੇ ਹੀ ਚੰਗੀਆਂ ਸਹੂਲਤਾਂ ਮਿਲਣਗੀਆਂ। ਸਿਵਲ ਸਰਜਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਾਈਆਂ ਜਾਣ ਤੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਹੋਣੀ ਚਾਹੀਦੀ। ਮਰੀਜ਼ਾਂ ਨੂੰ ਬਾਹਰੋਂ ਦਵਾਈਆਂ ਲਿਆਉਣ ਲਈ ਕਹਿਣ ਦੀ ਬਜਾਇ ਹਸਪਤਾਲ 'ਚ ਹੀ ਉਪਲਬਧ ਦਵਾਈਆਂ ਦਿੱਤੀਆਂ ਜਾਣ।

# ਪਾਕਿਸਤਾਨ 'ਚ ਘੱਟ ਗਿਣਤੀ ਹਿੰਦੂ ਸੁਰੱਖਿਅਤ ਨਹੀਂ : ਤੀਕਸ਼ਣ ਸੂਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਹਿੰਦੂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ 'ਤੇ ਨਿੱਤ ਭਾਰੀ ਅੱਤਿਆਚਾਰ ਹੋ ਰਹੇ ਹਨ। ਖਾਸ ਕਰਕੇ ਔਰਤਾਂ ਨੂੰ ਜ਼ਿਆਦਾ ਅਪਮਾਨ ਅਤੇ ਦੁੱਖ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਭੀਲ ਜਾਤੀ ਦੀ ਹਿੰਦੂ ਔਰਤ ਨਾਲ ਕੀਤੀ ਗਈ ਬੇਰਹਿਮੀ ਨੇ ਬਰਬਰਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਜਿਸ ਵਿਚ ਉਸ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਦਾ ਸਿਰ ਅਤੇ ਛਾਤੀਆਂ ਵੱਢ ਦਿੱਤੀਆਂ ਗਈਆਂ ਸਨ ਅਤੇ ਹਿੰਦੂ ਔਰਤ ਦੇ ਸਿਰ ਦੀ ਚਮੜੀ ਵੀ ਪਾੜ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਦਾ ਅਸਰ ਭਾਰਤ ਵਿਚ ਵੀ ਦੇਖਣ ਨੂੰ ਮਿਲਿਆ ਅਤੇ ਹਿੰਦੂ ਸਮਾਜ ਵਿਚ ਭਾਰੀ ਗੁੱਸਾ ਪਾਇਆ ਗਿਆ। ਸੂਦ ਨੇ ਪਾਕਿਸਤਾਨ ਨੂੰ ਹਿੰਦੂ ਔਰਤਾਂ 'ਤੇ ਅੱਤਿਆਚਾਰ ਕਰਨ ਤੋਂ ਗੁਰੇਜ਼ ਕਰਨ ਅਤੇ ਪਾਕਿਸਤਾਨ ਵਿਚ ਧਾਰਮਿਕ ਸਦਭਾਵਨਾ ਅਤੇ ਭਾਈਚਾਰਕ ਸਾਂਝ ਦਾ ਮਾਹੌਲ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੀਮਤੀ ਦਇਆ ਭੀਲ ਦਾ ਕਤਲ ਇਕੱਲੀ ਉਦਾਹਰਣ ਨਹੀਂ ਹੈ, ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਦੀ ਭੰਨਤੋੜ ਦੇ ਨਾਲ-ਨਾਲ ਹਿੰਦੂ ਸਿੱਖ ਘੱਟ ਗਿਣਤੀ ਔਰਤਾਂ 'ਤੇ ਅੱਤਿਆਚਾਰ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਭਾਰਤ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਅਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ ਗਈ ਹੈ।

# 'ਪੰਜਾਬ ਸਰਕਾਰ ਨੇ ਪੈਨਸ਼ਨਰਾਂ ਨਾਲ ਕੀਤਾ ਕੋਝਾ ਮਜ਼ਾਕ'



**ਫਿਲੌਰ (ਨਿਰਮਲ)** ਸੇਵਾ ਮੁਕਤ ਪੰਜਾਬ ਸਰਕਾਰ ਦੇ ਕਰਮਚਾਰੀਆਂ ਹੁਕਮ ਚੰਦ ਥਰੇਜਾ,ਚੰਦਰ ਮੋਹਨ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੇ ਗਵਰਨਰ ਨੇ ਪੰਜਾਬ ਸਰਕਾਰ ਨੂੰ ਹੁਕਮ ਜਾਰੀ ਕੀਤੇ ਸਨ ਕਿ ਬੈਂਕ ਅਤੇ ਹੋਰ ਸਰਕਾਰੀ ਛੁੱਟੀਆਂ ਕਾਰਨ ਪੰਜਾਬ ਦੇ ਸਮੂਹ ਪੈਨਸ਼ਨਰਾਂ ਨੂੰ 31 ਮਾਰਚ ਤੋਂ ਪਹਿਲਾਂ ਪੈਨਸ਼ਨਾਂ ਦਿੱਤੀਆਂ ਜਾਣ ਪਰ ਪੰਜਾਬ ਸਰਕਾਰ ਨੇ ਪੈਨਸ਼ਨਾਂ ਨਹੀਂ ਦਿੱਤੀਆਂ, ਜਿਸ ਕਾਰਨ ਸੇਵਾ-ਮੁਕਤ ਸਰਕਾਰੀ ਕਰਮਚਾਰੀ ਨਵੇ ਸਾਲ ਦੀ ਖੁਸ਼ੀ ਮਨਾਉਣ ਤੋਂ ਵਾਂਝੇ ਰਹਿ ਗਏ ਹਨ। ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਫਿਲੌਰ ਯੂਨਿਟ ਦੇ ਆਗੂਆਂ ਚੰਦਰ ਮੋਹਨ, ਹਰਮੇਸ਼ ਰਾਹੀ ਅਤੇ ਹੁਕਮ ਚੰਦ ਥਰੇਜਾ ਨੇ ਮੰਗ ਕੀਤੀ ਕਿ ਪੈਨਸ਼ਨਾਂ ਨਾ ਮਿਲਣ ਦੀ ਜਾਂਚ ਕਰਵਾਈ ਜਾਵੇ।

# ਸ਼ਹਿਰ 'ਚ ਵਧ ਰਹੀ ਟਰੈਫਿਕ ਸਮੱਸਿਆ ਵਿਰੁੱਧ ਦਿੱਤਾ ਜਾਵੇਗਾ ਮੰਗ ਪੱਤਰ : ਜਾਵੇਦ ਖਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼ਿਵ ਸੈਨਾ ਸਰਵ ਧਰਮ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਾਵੇਦ ਖਾਨ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਹੁਸ਼ਿਆਰਪੁਰ ਸ਼ਹਿਰ ਦੇ ਸਰਕਾਰੀ ਕਾਲਜ ਚੌਂਕ, ਫਗਵਾੜਾ ਚੌਂਕ, ਘੰਟਾ ਘਰ ਚੌਕ ਵਿੱਚ ਟ੍ਰੈਫਿਕ ਜਾਮ ਹੋਣ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟ੍ਰੈਫਿਕ ਜਾਮ ਕਾਰਨ ਐਂਬੂਲੈਂਸ ਨੂੰ ਵੀ ਰਸਤਾ ਨਹੀਂ ਮਿਲ ਰਿਹਾ, ਜਿਸ ਕਾਰਨ ਮਰੀਜ਼ ਠੀਕ ਸਮੇਂ 'ਤੇ ਹਸਪਤਾਲ ਨਹੀਂ ਪਹੁੰਚ ਪਾਉਂਦੇ। ਸਿਵਲ ਹਸਪਤਾਲ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ 'ਤੇ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ ਅਤੇ ਇਸ ਕਾਰਨ ਲੋਕਾਂ ਨੂੰ ਆਪਣੇ ਕੰਮ 'ਤੇ ਜਾਣ 'ਚ ਦੇਰੀ ਹੋ ਜਾਂਦੀ ਹੈ। ਪਰ ਟ੍ਰੈਫਿਕ ਪੁਲਸ ਜਾਮ 'ਚ ਫਸੇ ਲੋਕਾਂ ਨੂੰ ਹਟਾਉਣ ਦੀ ਬਜਾਏ ਲੋਕਾਂ ਦੇ ਚਲਾਨ ਕੱਟਣ 'ਚ ਲੱਗੀ ਹੋਈ ਹੈ। ਹੁਸ਼ਿਆਰਪੁਰ 'ਚ ਆਵਾਜਾਈ ਇੰਨੀ ਵਧ ਗਈ ਹੈ ਕਿ ਕਿਸੇ ਹਾਦਸੇ ਦਾ ਡਰ ਬਣਿਆ ਹੋਇਆ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਪਾਸੇ ਧਿਆਨ ਦੇ ਕੇ ਇਸ ਸਮੱਸਿਆ ਦਾ ਕੋਈ ਠੋਸ ਹੱਲ ਕੱਢਿਆ ਜਾਵੇ। ਜਾਵੇਦ ਖਾਨ ਨੇ ਅੱਗੇ ਦੱਸਿਆ ਕਿ ਐੱਸ.ਐੱਸ.ਪੀ. ਸਾਹਿਬ ਅਤੇ ਡੀ.ਸੀ. ਸਾਹਿਬ ਨੂੰ ਜਲਦੀ ਹੀ ਮੰਗ ਪੱਤਰ ਦਿੱਤਾ ਜਾਵੇਗਾ।

# ਕੰਧਾਲਾ ਸ਼ੇਖਾਂ ਪੰਚਾਇਤ ਦਾ ਆਮ ਅਜਲਾਸ ਹੋਇਆ



**ਅੱਡਾ ਸਰਾਂ , (ਕਾਜਲ )**- ਪਿੰਡ ਕੰਧਾਲਾ ਸ਼ੇਖਾ ਵਿਚ ਸਰਪੰਚ ਬਲਬੀਰ ਸਿੰਘ ਦੀ ਅਗਵਾਈ ਵਿਚ ਪੰਚਾਇਤ ਦਾ ਆਮ ਇਜਲਾਸ ਹੋਇਆ, ਜਿਸ ਵਿਚ ਪੰਚਾਇਤ ਸਕੱਤਰ ਅਵਤਾਰ ਸਿੰਘ, ਸਿਹਤ ਵਿਭਾਗ ਤੋਂ ਡਾ.ਭੁਪਿੰਦਰ ਸਿੰਘ, ਆਂਗਣਵਾੜੀ ਵਰਕਰ ਪਰਮਜੀਤ ਕੌਰ ਅਤੇ ਪੰਚਾਇਤ ਮੈਂਬਰਾਂ ਦੀ ਹਾਜ਼ਰੀ ਵਿਚ ਪਿੰਡ ਵਾਸੀਆਂ ਨਾਲ ਕੀਤੇ ਗਏ ਵਿਕਾਸ ਕੰਮਾਂ ਦੀ ਸਮੀਖਿਆ ਕਰਨ ਦੇ ਨਾਲ ਨਾਲ ਲੋਕਾਂ ਦੀਆਂ ਲੋੜਾਂ ਮੁਤਾਬਿਕ ਕੀਤੇ ਜਾਣ ਵਾਲੇ ਕੰਮਾਂ ਬਾਰੇ ਲੋਕਾਂ ਦੀ ਰਾਏ ਮੰਗੀ ਗਈ। ਇਸ ਮੌਕੇ ਪਿੰਡ ਵਿਚ ਅਧੂਰੇ ਪਏ ਵਿਕਾਸ ਕੰਮਾਂ ਨੂੰ ਕਰਵਾਉਣ ਲਈ ਪਿੰਡ ਵਾਸੀਆਂ ਦੀ ਸਲਾਹ ਨਾਲ ਮਤਾ ਪਾਸ ਕਰਕੇ ਪੰਚਾਇਤ ਨੇ ਸਕੱਤਰ ਨੂੰ ਭੇਟ ਕੀਤਾ। ਸਰਪੰਚ ਅਤੇ ਪਿੰਡ ਵਾਸੀਆਂ ਨੇ ਪਿੰਡ ਵਿਚ ਅਧੂਰੇ ਪਏ ਕੰਮਾਂ ਨੂੰ ਕਰਵਾਉਣ ਲਈ ਸਰਕਾਰ ਤੋਂ ਗ੍ਰਾਂਟ ਦੀ ਮੰਗ ਕੀਤੀ ਗਈ।

# ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸਾਰੇ ਕੈਬਨਿਟ ਮੰਤਰੀਆਂ ਨੂੰ ਸੌਂਪੇ ਜਾਣਗੇ ਮੰਗ ਪੱਤਰ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਪੰਜਾਬ ਸਰਕਾਰ ਵੱਲੋਂ ਕੀਤੇ ਐਲਾਨ ਅਤੇ ਬਾਅਦ ਵਿੱਚ ਕੀਤੇ ਮੁੱਢਲੇ ਨੋਟੀਫਿਕੇਸ਼ਨ ਦੇ ਸੰਦਰਭ ਵਿੱਚ ਮੰਗਾਂ ਸਬੰਧੀ ਮੰਗ ਪੱਤਰ ਸਾਰੇ ਕੈਬਨਿਟ ਮੰਤਰੀਆਂ ਨੂੰ ਸੌਂਪੇ ਜਾਣਗੇ। ਇਸ ਮੌਕੇ ਕਰਮਚਾਰੀਆਂ ਦੇ ਸੀ. ਪੀ.ਐਫ. ਖਾਤੇ ਬੰਦ ਕਰਕੇ ਜੀ.ਪੀ.ਐਫ. ਖਾਤੇ ਖੋਲ੍ਹਣ ਦੀ ਮੰਗ ਵੀ ਕੀਤੀ ਗਈ। ਇਸ ਸਮੇਂ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਬਿਲਗਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਤਰਜ਼ ਉੱਪਰ 20 ਸਾਲ ਦੀ ਸੇਵਾ ਨੂੰ ਪੈਨਸ਼ਨ ਗਣਨਾ ਸਮੇਂ ਪੂਰੇ ਲਾਭ ਦਿੱਤਾ ਜਾਵੇ ਅਤੇ ਉਹਨਾਂ ਨੇ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਕਰਮਚਾਰੀਆਂ ਨੂੰ ਵੀ ਪੁਰਾਣੀ ਪੈਨਸ਼ਨ ਦਿੱਤੇ ਜਾਣ ਦੀ ਮੰਗ ਕੀਤੀ। ਜ਼ਿਲ੍ਹਾ ਪ੍ਰੀਸ਼ਦ ਅਤੇ ਐੱਸ.ਐੱਸ.ਏ/ ਰਸਮਾ ਅਧੀਨ ਕੀਤੀ ਨੌਕਰੀ ਨੂੰ ਪੈਨਸਨਰੀ ਲਾਭਾਂ ਵਿੱਚ ਸ਼ਾਮਲ ਕਰਕੇ ਲਾਭ ਦੀ ਗਣਨਾ ਕਰਨ ਦੀ ਮੰਗ, ਮੁਲਾਜ਼ਮਾਂ ਦੁਆਰਾ ਠੇਕੇ 'ਤੇ ਨਿਭਾਈ ਸੇਵਾ ਦੇ ਸਮੇਂ ਨੂੰ ਪੈਨਸ਼ਨ ਦਾ ਲਾਭ ਗਿਣਦੇ ਸਮੇਂ ਰੈਗੂਲਰ ਸੇਵਾ ਦੇ ਵਿੱਚ ਜੋੜ ਕੇ ਗਣਨਾ ਕਰਨ ਦੀ ਮੰਗ ਆਦਿ ਮੰਗਾਂ ਸ਼ਾਮਲ ਹਨ। ਉਨ੍ਹਾਂ ਨੇ ਦੱਸਿਆ ਕਿ ਐਨ ਪੀ ਐਸ ਅਧੀਨ ਆਉਂਦੇ ਅੱਜ ਦੇ ਮੁਲਾਜ਼ਮਾਂ ਨੇ ਅਪਣੀ ਸੇਵਾਕਾਲ ਦੇ ਮੁੱਢਲੇ ਤਿੰਨ ਤੋਂ ਪੰਜ ਸਾਲ ਠੇਕਾ ਅਧਾਰ 'ਤੇ ਨਿਗੁਣੀਆਂ ਤਨਖਾਹਾਂ 'ਤੇ ਲਾਏ ਹਨ। ਅੱਜ ਜਦੋਂ ਇਹਨਾਂ ਮੁਲਾਜ਼ਮਾਂ ਪੈਨਸ਼ਨ ਤੈਅ ਕੀਤੀ ਜਾਣੀ ਹੈ ਤਾਂ ਸਿਰਫ ਰੈਗੂਲਰ ਸੇਵਾ ਦੇ ਸਮੇਂ ਨੂੰ ਹੀ ਗਿਣਿਆ ਜਾਵੇਗਾ। ਰੈਗੂਲਰ ਸੇਵਾ ਦਾ ਸਮਾਂ ਘੱਟ ਰਹਿ ਜਾਣ ਕਾਰਨ ਬਹੁਤ ਸਾਰੇ ਮੁਲਾਜਮ ਸਾਥੀ ਪੈਨਸ਼ਨ ਦਾ ਪੂਰਾ ਲਾਭ ਨਹੀਂ ਲੈ ਸਕਣਗੇ। ਇਸ ਤਰ੍ਹਾਂ ਅੱਜ ਦੇ ਐਨ ਪੀ ਐਸ ਮੁਲਾਜਮ ਦੋਹਰੀ ਮਾਰ ਹੇਠ ਹਨ। ਇੱਕ ਤਾਂ ਠੇਕੇ ਦੀ ਸੇਵਾ ਦੌਰਾਨ ਨਿਗੁਣੀਆਂ ਤਨਖਾਹਾਂ ਉਤੋਂ ਠੇਕੇ ਦੌਰਾਨ ਨਿਭਾਈ ਸੇਵਾ ਦਾ ਨਾ ਗਿਣਿਆ ਜਾਣਾ। ਇਸ ਲਈ ਸਰਕਾਰ ਪੈਨਸ਼ਨ ਦਾ ਲਾਭ ਮਿੱਥਦੇ ਸਮੇਂ ਸਾਡੇ ਦੁਆਰਾ ਰੈਗੂਲਰ ਸੇਵਾਕਾਲ ਦੇ ਨਾਲ ਨਾਲ ਠੇਕੇ ਉੱਪਰ ਕੀਤੀ ਸਰਵਿਸ ਦੀ ਗਣਨਾ ਕਰਨ ਦਾ ਪ੍ਰਾਵਧਾਨ ਵੀ ਰੱਖੇ। ਜਲਦ ਪੂਰਨ ਨੋਟੀਫਿਕੇਸਨ ਜਾਰੀ ਕਰ 2004 ਤੋਂ ਪਹਿਲਾ ਵਾਲੀ ਸਰਵਿਸ ਰੂਲ 1972 ਵਾਲੀ ਪੈਨਸ਼ਨ ਨੂੰ ਹੂ ਬਹੂ ਲਾਗੂ ਕੀਤਾ ਜਾਵੇ। ਇਸ ਸਮੇਂ ਮੋਹਣ ਲਾਲ, ਅਨਿਲ ਸ਼ਰਮਾ, ਕੁਲਦੀਪ , ਅਸ਼ਵਨੀ ਕੁਮਾਰ, ਦਲਬੀਰ ਰਾਮ, ਜਗਦੀਸ਼ ਸਿੰਘ ਅਤੇ ਹੋਰ ਸਾਥੀ ਸ਼ਾਮਿਲ ਹਾਜ਼ਰ ਸਨ।

# ਭ੍ਰਿਸ਼ਟਾਚਾਰ ਮਗਨਰੇਗਾ ਐਕਟ ਦੀਆਂ ਜੜ੍ਹਾਂ ਕਰ ਰਿਹਾ ਖੋਖਲੀਆਂ : ਧੀਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮਨਰੇਗਾ ਮੇਟਾਂ ਦੀ ਬਹਾਲੀ, ਮਨਰੇਗਾ ਐਕਟ ਅਨੁਸਾਰ ਕੰਮ ਨਾ ਕਰਨ ਅਤੇ ਐਕਟ 2005 ਨੂੰ ਲਾਗੂ ਕਰਵਾਉਣ, ਸਾਰੇ ਪੰਜਾਬ ਦੇ ਮਨਰੇਗਾ ਵਰਕਰਾਂ ਨੂੰ ਲੇਬਰ ਐਕਟ ਅਨੁਸਾਰ ਦਿਹਾੜੀ ਦੇਣ, ਸਾਰੇ ਮਨਰੇਗਾ ਮੇਟਾਂ ਨੂੰ ਸਕਿਲਡ ਪਰਸਨ ਦਾ ਦਰਜਾ ਦੇਣ ਤੇ ਦਿਹਾੜੀ ਵਿਚ ਵਾਧਾ ਕਰਨ, ਮਨਰੇਗਾ ਦੇ ਕੰਮਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਖਤਮ ਕਰਨ, ਸਾਰੇ ਮਨਰੇਗਾ ਵਰਕਰਾਂ ਨੂੰ ਬਰਾਬਰ ਦਿਨਾਂ ਦੇ ਹਿਸਾਬ ਨਾਲ ਬਰਾਬਰ ਕੰਮ ਦੇਣ, ਮਨਰੇਗਾ ਦੇ ਕੰਮਾਂ ਵਿਚ ਪਾਰਦਸ਼ਤਾ ਨੂੰ ਖਤਮ ਕਰਕੇ ਬਲਾਕ ਪਧੱਰ ਤੇ ਨਿੱਜੀ ਹੁਕਮਾਂ ਨੂੰ ਲਾਗੂ ਕਰਨ, ਭ੍ਰਿਸ਼ਟਾਚਾਰ ਕੇਸਾਂ ਨੂੰ ਭ੍ਰਿਸ਼ਟ ਰਾਜਨੀਤਵਾਨਾ ਦੀ ਮੇਹਿਰਬਾਨੀ ਕਰਕੇ ਭ੍ਰਿਸ਼ਟਾਚਾਰੀਆਂ ਉੱਤੇ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਖੁਲ੍ਹ ਕੇ ਭ੍ਰਿਸ਼ਟਾਚਾਰ ਕਰਨ ਲਈ ਰਾਜਨੀਤਕ ਥਾਪੜਾ ਦੇਣਾ ਬੰਦ ਕਰਨ, ਮਨਰੇਗਾ ਵਰਕਰਾਂ ਦੇ ਮੂਲ ਸੰਵਿਧਾਨਕ ਅਧਿਕਾਰਾਂ ਉਤੇ ਮਿੱਟੀ ਪਾ ਕੇ ਰਖਣ ਅਤੇ ਉਨ੍ਹਾਂ ਦੀਆਂ ਮੁਸਿਕਲਾਂ ਨੂੰ ਅਣਦੇਖਿਆਂ ਕਰਨ ਆਦਿ ਨੂੰ ਲੈ ਕੇ ਮਨਰੇਗਾ ਲੇਬਰ ਮੂਵਮੈਂਟ ਦੀ ਜਿਲਾ ਪ੍ਰਧਾਨ ਇੰਦਰਜੀਤ ਕੌਰ, ਮੁੱਖ ਸਲਾਹਕਾਰ ਸੁਰਿੰਦਰ ਕੌਰ ਧਾਮੀਆਂ ਅਤੇ ਪ੍ਰਧਾਨ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਜ਼ਿਲ੍ਹਾ ਪ੍ਰੋਜੈਕਟ ਕੁਆਰਡੀਨੇਟਰ (ਮਨਰੇਗਾ) ਅਤੇ ਹਾਜਰ ਸੁਪਰਟੈਂਡੈਂਟ ਵਿਕਾਸ ਕੁਮਾਰ ਨੂੰ ਮੰਗ ਪਤੱਰ ਦਿੱਤਾ ਤੇ ਦੱਸਿਆ ਕਿ ਸਰਕਾਰ ਵਲੋਂ ਹਰ ਜਾਰੀ ਕੀਤੀਆਂ ਜਾ ਰਹੀਆਂ ਗਾਇਡਲਾਇਨਾਂ ਦੀਆਂ ਕਾਪੀਆਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਬਲਾਕ ਪਧੱਰ ਵਿਚ ਲੱਗੇ ਨੋਟਿਸ ਬੋਰੜਾਂ ਉਤੇ ਚਿਪਕਾਈਆਂ ਜਾਣ ਤਾਂ ਕਿ ਮਨਰੇਗਾ ਵਰਕਰਾਂ ਅਤੇ ਮੇਟਾਂ ਨੂੰ ਵੀ ਸਹੀ ਜਾਣਕਾਰੀ ਮਿਲ ਸਕੇ। ਧੀਮਾਨ ਨੇ ਕਿਹਾ ਕਿ ਹੇਠਲੇ ਪਧੱਰ ਉਤੇ ਬਿਨਾਂ ਮਤਲਬ ਅਧਾਰ ਕਾਰਡਾਂ ਦੀਆਂ ਕਾਪੀਆਂ ਦੀ ਮੰਗ ਕੀਤੀ ਜਾਂਦੀ ਹੈ। ਜਦੋਂ ਮਨਰੇਗਾ ਵਰਕਰਾਂ ਅਤੇ ਮੇਟਾਂ ਦਾ ਸਾਰਾ ਰਿਕਾਰਡ ਸਮੇਤ ਅਧਾਰ ਕਾਰਡਾਂ ਦੀਆ ਕਾਪੀਆਂ ਬਲਾਕ ਪਧੱਰ,ਜ਼ਿਲ੍ਹਾ ਪੱਧਰ ਅਤੇ ਸਟੇਟ ਪਧੱਰ ਓਤੇ ਮਜੂਦ ਹੈ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੀ ਕਾਪੀ ਪਹਿਲਾਂ ਮੁਹਈਆ ਕਰਵਾਈ ਜਾਵੇ ਤਾਂ ਕਿ ਮਨਰੇਗਾ ਵਰਕਰ ਅਪਣੀ ਜੁੰਮੇਵਾਰੀ ਦੀ ਚੰਗੀ ਤਰ੍ਹਾਂ ਭੂਮਿਕਾ ਨਿਭਾ ਸਕਣ। ਧੀਮਾਨ ਨੇ ਦਸਿਆ ਕਿ ਪੰਜਾਬ ਅੰਦਰ ਕਟੜ ਇਮਾਨਦਾਰ ਸਰਕਾਰ ਦਾ ਦਾਅਵਾ ਕਰਨ ਵਾਲੀ ਸਰਕਾਰ ਦੇ ਰਾਜ ਪ੍ਰਬੰਧ ਹੇਠ ਕੈਟਲ ਸ਼ੈਡਾਂ ਵਿਚ ਸ਼ਰੇਆਮ ਹੋਏ ਭ੍ਰਿਸ਼ਟਾਚਾਰ ਨੂੰ ਪੰਜਾਬ ਸਰਕਾਰ ਦਵਾ ਰਹੀ ਹੈ ਤੇ ਇਸ ਸਰਕਾਰ ਦੇ ਵਧਾਇਕ ਅਪਣੇ ਭ੍ਰਿਸ਼ਟ ਚਹੇਤਿਆਂ ਨੂੰ ਛੁਪਾਉਣ ਵਿਚ ਅਧਿਕਾਰੀਆਂ ਉਤੇ ਰਾਜਨੀਤਕ ਦਬਾ ਬਣਾ ਰਹੇ ਹਨ। ਧੀਮਾਨ ਨੇ ਦੱਸਿਆ ਕਿ ਪਿੰਡ ਡਾਡਾ ਦੇ ਮਨਰੇਗਾ ਵਰਕਰਾਂ ਤੋਂ ਸਹਾਇਕ ਪ੍ਰੋਜੈਕਟ ਅਫਸਰ ਬਲਾਕ 2 ਦੀ ਮੌਜੂਦਗੀ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ ਦਫਤਰ ਵਿਚ ਨਜਾਇਜ ਕੰਮ ਕਰਵਾਇਆ ਗਿਆ ਤੇ ਉਸ ਇਨਕੁਆਰੀ ਨੂੰ ਕਾਗਜਾਂ ਵਿਚ ਰੋਲਿਆ ਜਾ ਰਿਹਾ ਹੈ। ਜਦੋਂ ਕਿ ਬਲਾਕ 2 ਦੇ ਦਫਤਰ ਵਿਚ ਲੱਗੇ ਏਪੀਓ ਦੀ ਪਹਿਲੀ ਵੀ ਸ਼ਕਾਇਤ ਦੇ ਅਧਾਰ ਉਤੇ ਬਦਲੀ ਕੀਤੀ ਗਈ ਸੀ ਪਰ ਰਾਜ ਨੀਤੀ ਦੇ ਖੇਡ ਨੇ ਫਿਰ ਉਸ ਦੀ ਬਦਲੀ ਮਾਹਿਲਪੁਰ ਤੋਂ ਬਲਾਕ 2 ਵਿਚ ਕਰਵਾ ਦਿੱਤੀ। ਉਨ੍ਹਾਂ ਦਸਿਆ ਕਿ ਇਸੇ ਤਰ੍ਹਾਂ ਬਲਾਕ 1 ਵਿਚ ਜਨਰਲ ਕੈਟਾਗਰੀ ਵਾਲਿਆਂ ਦੀਆਂ ਨਜਾਇਜ ਕੈਟਲ ਸ਼ੈਡਾਂ ਉਨ੍ਹਾਂ ਦੇ ਜਾਬ ਕਾਰਡਾਂ ਉਤੇ ਐਸ ਸੀ ਲਿੱਖ ਕੇ ਬਣਾਈਆਂ ਗਈਆਂ ਤੇ ਮੋਟਾ ਭ੍ਰਿਸ਼ਟਾਚਾਰ ਕੀਤਾ। ਪਰ ਕਟਿੜ ਇਮਾਨਦਾਰ ਸਰਕਾਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਥਾਂ ਉਤੇ ਉਸ ਦੀਆਂ ਜੜ੍ਹਾਂ ਨੂੰ ਮਜਬੂਤ ਕਰਨ ਵਿਚ ਲੱਗੀ ਹੋਈ ਹੈ। ਧੀਮਾਨ ਨੇ ਕਿਹਾ ਉਹ ਬਲਾਕ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਅਤੇ ਪੰਜਾਬ ਪੱਧਰ ਦੇ ਸਬੰਧਤ ਅਧਿਕਾਰੀਆਂ ਨੂੰ ਸਮੇਤ ਸਬੂਤ ਸਾਰੇ ਤੱਥ ਦੇ ਚੁੱਕੇ ਹਨ ਪਰ ਫਿਰ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਨਾ ਕਾਰਵਾਈ ਕਰਨਾ ਹੀ ਬੇਇਮਾਨੀ ਹੈ। ਉਨ੍ਹਾਂ ਕਿਹਾ ਕਿ ਜਨਵਰੀ ਵਿਚ ਮਨਰੇਗਾ ਕੰਮਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਸਮੇਤ ਸਬੂਤਾਂ ਮੀਡੀਏ ਦੇ ਸਾਹਮਣੇ ਰੱਖਿਆ ਜਾਵੇਗਾ। ਇਸ ਮੌਕੇ ਬਲਰਾਜ ਕੁਮਾਰ, ਰਾਕੇਸ਼ ਬਾਲਾ, ਸੋਨੂ ਮਹਿਤਪੁਰ ਜਨਰਲ ਸਕੱਤਰ, ਹਰਭਜਨ ਲਾਲ, ਰਣਜੀਤ ਕੌਰ ਮੇਟ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਭਾਰਤ ਜੋੜੋ ਯਾਤਰਾ ਨੂੰ ਲੈ ਕੇ ਦੋਆਬਾ ਦੇ ਲੋਕਾਂ 'ਚ ਵਿਸ਼ੇਸ਼ ਉਤਸ਼ਾਹ : ਭਾਰਦਵਾਜ

**ਫਗਵਾੜਾ ( ਡਾ. ਰਮਨ, ਢੱਡਾ)** ਕਾਂਗਰਸ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਹੇਠ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਨੂੰ ਲੈ ਕੇ ਦੋਆਬੇ ਦੇ ਕਾਂਗਰਸੀ ਵਰਕਰਾਂ ਵਿਚ ਵਿਸ਼ੇਸ਼ ਉਤਸ਼ਾਹ ਹੈ। ਇੱਹ ਗੱਲ ਪੰਜਾਬ ਕਾਂਗਰਸ ਦੇ ਡੈਲੀਗੇਟ ਮੈਂਬਰ ਮਨੀਸ਼ ਭਾਰਦਵਾਜ ਨੇ ਇੱਥੇ ਕਹੀ। ਉਹਨਾਂ ਦੱਸਿਆ ਕਿ ਵੱਖ-ਵੱਖ ਰਾਜਾਂ ਵਿਚ ਇਸ ਯਾਤਰਾ ਨੂੰ ਲੋਕਾਂ ਦੇ ਭਰਵੇਂ ਸਮਰਥਨ ਨੇ ਵਿਰੋਧੀਆਂ ਦੇ ਹੌਂਸਲੇ ਤੋੜ ਦਿੱਤੇ ਹ। ਇਹ ਯਾਤਰਾ ਸੰਭਾਵੀ ਤੌਰ ਤੇ 10 ਜਨਵਰੀ ਦੇ ਨੇੜੇ ਪੰਜਾਬ ਵਿਚ ਦਾਖਲ ਹੋਵੇਗੀ ਅਤੇ ਲੁਧਿਆਣਾ ਤੋਂ ਹੁੰਦੀ ਹੋਈ ਦੁਆਬਾ 'ਚ ਪ੍ਰਵੇਸ਼ ਕਰੇਗੀ। ਜਿੱਥੇ ਫਿਲੌਰ, ਫਗਵਾੜਾ ਤੇ ਜਲੰਧਰ ਵਿਚ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਪੰਜਾਬ ਅੰਦਰ ਯਾਤਰਾ ਦੇ ਸਵਾਗਤ ਨੂੰ ਲੈ ਕੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਇੰਚਾਰਜ ਮਨੀਸ਼ ਚੌਧਰੀ ਵਲੋਂ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਦਾ ਦੌਰ ਲਗਾਤਾਰ ਜਾਰੀ ਹੈ। ਉਹਨਾਂ ਦੱਸਿਆ ਕਿ ਫਗਵਾੜਾ 'ਚ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਨਾ ਸਿਰਫ ਹਲਕੇ ਦੇ ਵਰਕਰ ਬਲਕਿ ਜ਼ਿਲ੍ਹਾ ਕਪੂਰਥਲਾ, ਹੁਸ਼ਿਆਰਪੁਰ ਤੇ ਐਸ.ਬੀ.ਐਸ. ਨਗਰ ਤੋਂ ਵੀ ਵੱਡੀ ਗਿਣਤੀ 'ਚ ਵਰਕਰ ਫਗਵਾੜਾ ਪੁੱਜਣਗੇ। ਇੱਥੇ ਯਾਤਰਾ ਦੇ ਰਾਤ ਨੂੰ ਠਹਿਰਾਓ ਦਾ ਪ੍ਰਬੰਧ ਵੀ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਹਨਾਂ ਦਾਅਵੇ ਨਾਲ ਕਿਹਾ ਕਿ ਇਹ ਯਾਤਰਾ ਅਗਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਕੇਂਦਰ ਵਿਚ ਕਾਂਗਰਸ ਸਰਕਾਰ ਦੀ ਵਾਪਸੀ ਦਾ ਮੁੱਢ ਬੰਨ੍ਹੇਗੀ।

# ਹਰਜੋਤ ਬੈਂਸ ਨੇ ਸਮੂਹ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀ ਦਿੱਤੀ ਵਧਾਈ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ** )-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਜੇਲ੍ਹਾਂ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਸਮੂਹ ਦੇਸ਼ ਨੂੰ ਵਾਸੀਆਂ ਨੂੰ ਨਵੇਂ ਸਾਲ ਦੀ ਆਮਦ ਮੌਕੇ ਵਧਾਈ ਦਿੱਤੀ ਹੈ। ਉਹਨਾਂ ਕਿਹਾ ਕਿ ਸਾਲ 2023 ਲੋਕਾਂ ਲਈ ਖੁਸ਼ੀਆਂ ਭਰਿਆ ਹੋਵੇ ਅਤੇ ਹਰ ਪਾਸੇ ਖੁਸ਼ਹਾਲੀ ਤੇ ਤੰਦਰੁਸਤੀ ਹੋਵੇ। ਉਹਨਾਂ ਕਾਮਨਾ ਕੀਤੀ ਕਿ ਸਮੁੱਚੇ ਦੇਸ਼ ਵਿੱਚ ਸ਼ਾਤੀ ਅਤੇ ਸਦਭਾਵਨਾ ਦਾ ਮਾਹੌਲ ਕਾਇਮ ਰਹੇ। ਸਾਲ 2023 ਵਿੱਚ ਸਮੁੱਚਾ ਦੇਸ਼ ਅਤੇ ਸੂਬਾ ਪੰਜਾਬ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹੇ।



ਨਵੇਂ ਸਾਲ ਦੀ ਆਮਦ ਦੇ ਸਬੰਧ ਵਿੱਚ ਜਗਦੀਸ਼ ਰਾਜ ਡੀ.ਐੱਸ.ਪੀ ਫਿਲੌਰ ਸਬ ਡਵੀਜਨ ਵੱਲੋਂ ਐਡੀਸ਼ਨਲ ਐਸ.ਐਚ.ਓ ਥਾਣਾ ਫਿਲੌਰ ਪੰਕਜ ਕੁਮਾਰ ਨੇ ਪੁਲਸ ਫੋਰਸ ਨਾਲ ਰੇਲਵੇ ਸਟੇਸ਼ਨ ਤੇ ਬੱਸ ਅੱਡਿਆਂ ਦੀ ਚੈਕਿੰਗ ਕੀਤੀ। ਫੋਟੋ ਤੇ ਵੇਰਵਾ : ਨਿਰਮਲ ਫਿਲੌਰ

# ਲਿਟਲ ਕਿੰਗ ਕੈਫੇ ਦਾ ਉਦਘਾਟਨ

**ਫਗਵਾੜਾ (ਡਾ. ਰਮਨ)** ਫਗਵਾੜਾ ਦੇ ਨਜਦੀਕੀ ਪਿੰਡ ਲੱਖਪੁਰ ਵਿਖੇ ਲਿਟਲ ਕਿੰਗ ਕੈਫੇ ਦਾ ਉਦਘਾਟਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਤਾ ਗਿਆ। ਕੈਫੇ ਮਾਲਕ ਮੋਹਿਤ ਸਿੰਘ ਗਾਡੇ ਅਤੇ ਗੁਰਦੀਪ ਸਿੰਘ ਗਾਡੇ ਨੇ ਦੱਸਿਆ ਕਿ ਸ਼ਹਿਰਾਂ ਵਿੱਚ ਤਾਂ ਬਹੁਤ ਸਾਰੇ ਕੈਫੇ ਹਨ ਜਿੱਥੇ ਚਾਈਨਿਜ ਡਿਸ਼ ਅਸਾਨੀ ਨਾਲ ਆਰਡਰ ਕਰਕੇ ਮੰਗਵਾਈ ਜਾ ਸਕਦੀ ਹੈ ਪਰ ਪਿੰਡਾਂ ਵਿਚ ਇਹ ਸਹੂਲਤ ਨਾਮ ਮਾਤਰ ਹੀ ਮਿਲਦੀ ਹੈ। ਜਿਸ ਕਰਕੇ ਉਹਨਾਂ ਨੇ ਪਿੰਡ ਲੱਖਪੁਰ ਵਿਚ ਕੈਫੇ ਖੋਲ੍ਹਣ ਦਾ ਫੈਸਲਾ ਕੀਤਾ। ਉਹਨਾਂ ਦੱਸਿਆ ਕਿ ਇਸ ਕੈਫੇ ਵਿਚ ਬਿਹਤਰੀਨ ਕਿਸਮ ਦੇ ਚਾਈਨਿਜ ਫੂਡ ਜਿਵੇਂ ਬਰਗਰ, ਪਿੱਜਾ, ਸੈਂਡਵਿਚ ਅਤੇ ਹੋਰ ਆਇਟਮਾਂ ਮਿਲਣਗੀਆਂ ਅਤੇ ਹੋਮ ਡਿਲਵਰੀ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੁੱਝ ਕੋਂਬੋ ਆਈਟਮਾਂ ਵੀ ਹਨ ਜਿਹਨਾਂ ਵਿਚ ਵਿਸ਼ੇਸ਼ ਛੂਟ ਦਿੱਤੀ ਗਈ ਹੈ। ਇਸ ਮੌਕੇ ਭਾਈ ਕੁਲਦੀਪ ਸਿੰਘ ਲੱਖਪੁਰ, ਸੰਤੋਖ ਸਿੰਘ, ਇੰਦਰਜੀਤ ਮੋਡਲਾ, ਸੂਰਜ, ਵਿਸ਼ੂ, ਪਿਆਰਾ ਸਿੰਘ ਢੱਡਵਾਲ ਐਨ.ਆਰ.ਆਈ. ਜਸਵਿੰਦਰ ਸਿੰਘ ਬੰਗੜ ਰਿਟਾ. ਪ੍ਰਿੰਸੀਪਲ, ਸਰਬਜੀਤ ਸਿੰਘ ਢੱਡਵਾਲ, ਪਰਮਿੰਦਰ ਸਿੰਘ, ਰਾਮਨਾਥ ਮਾਹੀ, ਸ਼ੇਰਾ ਮਾਹੀ ਘੁੰਮਣਾ, ਸੋਨੀ ਆਦਿ ਹਾਜਰ ਸਨ।

# ਵਲਜੋਤ ਕਲੱਬ ਕਲਹੇੜੀ ਵੱਲੋਂ ਬਦਾਮਾਂ ਵਾਲੀ ਖੀਰ ਦਾ ਲੰਗਰ

**ਮੋਰਿੰਡਾ ( ਜੈਜੀ ਸਰਦਾਰ )** : ਵਲਜੋਤ ਕਲੱਬ ਪਿੰਡ ਕਲਹੇੜੀ ਵੱਲੋਂ ਬਦਾਮਾਂ ਵਾਲੀ ਖੀਰ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਲੰਗਰ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਪਾਲ ਸਿੰਘ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਤੇ ਨਵੇਂ ਸਾਲ ਦੀ ਖੁਸ਼ੀ ਵਿੱਚ ਹਰ ਸਾਲ ਦੀ ਤਰ੍ਹਾਂ ਬਦਾਮਾਂ ਵਾਲੀ ਖੀਰ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਆਸਾ ਰਾਮ, ਮੱਖਣ ਰਾਮ, ਮਿਲਖੀ ਰਾਮ, ਸ਼ਿੰਦਾ ਰਾਮ, ਦਰਸ਼ਨ ਰਾਮ, ਵੀਰੂ ਰਾਮ, ਅਮਰਜੀਤ ਸਿੰਘ ਜੀਤਾ, ਜੱਗੂ ਰਾਮ, ਭਜਨ ਰਾਮ, ਬਲਬੀਰ ਸਿੰਘ, ਕਾਲਾ ਸਿੰਘ, ਖਰੈਤੀ ਲਾਲ, ਪਿਆਰਾ ਰਾਮ, ਜੀਰਾ ਰਾਮ, ਗੋਲਡੀ, ਸਤਪਾਲ ਸਿੰਘ, ਕਾਂਤਾਂ ਰਾਮ, ਕੁਲਵਿੰਦਰ ਸਿੰਘ, ਗੁਰਦੇਵ ਸਿੰਘ, ਮੇਵਾ ਰਾਮ, ਗੁਰਮੇਲ ਸਿੰਘ, ਫਕੀਰ ਚੰਦ, ਸੁਖਦੇਵ ਸਿੰਘ ਅਤੇ ਸਮੂਹ ਨਗਰ ਨਿਵਾਸੀਆਂ ਨੇ ਮਿਲ ਕੇ ਸੇਵਾ ਨਿਭਾਈ।



# ਸੇਵਾ-ਮੁਕਤ ਹੋਏ ਸੰਘਰਸ਼ਸ਼ੀਲ ਯੋਧਿਆਂ ਨੂੰ ਦਿਲੀ ਮੁਬਾਰਕਬਾਦ : ਅਜਨੋਹਾ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ )**-ਵੱਖ-ਵੱਖ ਵਿਭਾਗਾਂ ਵਿੱਚ ਸੇਵਾ ਨਿਭਾ ਰਹੇ ਜੁਝਾਰੂ ਸਾਥੀਆਂ ਨੂੰ 31 ਦਸੰਬਰ ਵਾਲੇ ਦਿਨ ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਗੌਰਮਿੰਟ ਟੀਚਰ ਯੂਨੀਅਨ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਪੂਰੀ ਬਲਾਕ ਟੀਮ ਵਲੋਂ ਦਿਲੀ ਵਧਾਈ ਦਿੱਤੀ ਗਈ। ਸੇਵਾਮੁਕਤ ਹੋਣ ਵਾਲੇ ਸਾਥੀਆਂ ਵਿੱਚ ਅਗਲੀ ਕਤਾਰ ਵਿਚ ਸ਼ਾਮਿਲ ਆਗੂ ਜਿਨ੍ਹਾਂ ਨੇ ਮੁਲਾਜਮ ਹੋਣ ਤੋਂ ਪਹਿਲਾਂ ਵਿਦਿਆਰਥੀ ਜੀਵਨ ਵਿੱਚ ਅਗਾਂਹ ਵਧੂ ਰੋਲ ਅਦਾ ਕੀਤਾ। ਸਤੀਸ਼ ਰਾਣਾ ਸੂਬਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ, ਸ਼ਾਮ ਸੁੰਦਰ ਕਪੂਰ ਜ਼ਿਲ੍ਹਾ ਆਗੂ , ਮੱਖਣ ਸਿੰਘ ਲੰਗੇਰੀ ਜ਼ਿਲ੍ਹਾ ਕੈਸ਼ੀਅਰ ਅਤੇ ਹਰਬੰਸ ਲਾਲ ਸੈਂਟਰ ਹੈੱਡ ਟੀਚਰ ਉਹਨਾਂ ਆਗੂਆਂ ਵਿੱਚ ਆਉਂਦੇ ਹਨ ਜਿੰਨ੍ਹਾ ਨੇ ਸਰਵਿਸ ਦੌਰਾਨ ਕਿਸਾਨੀ ਸੰਘਰਸ਼ ਅਤੇ ਮੁਲਾਜਮ ਸੰਘਰਸ਼ ਸਮੇਂ ਆਪਣੀ ਪੂਰੀ ਵਾਹ ਲਗਾਈ। ਬਲਾਕ ਕੋਟ ਫਤੂਹੀ ਦੀ ਪੂਰੀ ਟੀਮ ਵਲੋਂ ਇਨਾਂ ਦੇ ਲਹੂ ਮੀਟਵੇਂ ਸੰਘਰਸ਼ ਵਿੱਚ ਯੋਗਦਾਨ ਲਈ ਦਿਲੋਂ ਮੁਬਾਰਕਬਾਦ ਦਿੰਦੀ ਹੈ ਅਤੇ ਆਸ ਕਰਦੀ ਹੈ ਕਿ ਸੇਵਾਮੁਕਤ ਹੋਣ ਉਪਰੰਤ ਵੀ ਇਹ ਸਾਥੀ ਕਿਸਾਨ, ਮਜ਼ਦੂਰ ਅਤੇ ਮੁਲਾਜਮ ਸੰਘਰਸ਼ ਵਿੱਚ ਯੋਗਦਾਨ ਪਾਉਂਦੇ ਰਹਿਣਗੇ।

# ਨਵੇਂ ਸਾਲ 'ਚ ਹਰ ਇੱਕ ਦੇ ਸੁਪਨੇ ਸਾਕਾਰ ਹੋਣ : ਸੀਟੂ ਬਾਈ

**ਫਗਵਾੜਾ (ਜਸਵਿੰਦਰ ਢੱਡਾ)** : ਪਹਿਲੀ ਸਵੇਰ ਆ, ਨਵੇਂ ਅਰੰਭ ਹੋਏ ਸਾਲ 2023 ਦੀ ਆਪ ਸਭ ਨੂੰ ਨਵੇਂ ਸਾਲ ਦੀਆਂ ਬਹੁਤ ਸਾਰੀਆਂ ਵਧਾਈਆਂ ਤੇ ਪ੍ਰਮਾਤਮਾ ਦੇ ਚਰਨਾਂ 'ਚ ਅਰਦਾਸ ਕਿ ਇਹ ਨਵਾਂ ਚੜ੍ਹਿਆ ਸਾਲ ਹਰ ਇੱਕ ਦੀ ਜ਼ਿੰਦਗੀ ਵਿੱਚ ਢੇਰ ਸਾਰੀਆਂ ਖੁਸ਼ੀਆਂ ਤੇ ਖੇੜੇ ਲੈ ਕੇ ਆਵੇ। ਇਨ੍ਹਾਂ ਦੁਆਵਾਂ ਨਾਲ ਅੱਗੇ ਗੱਲ ਕਰ ਰਹੇ ਨਿਰਮਾਤਾ ਅਤੇ ਨਿਰਦੇਸ਼ਕ ਤੇ ਸਮਾਜ ਸੇਵੀ ਸੀਟੂ ਬਾਈ ਨੇ ਕਿਹਾ ਕਿ ਚੰਗਾ ਅਤੇ ਵਧੀਆ ਜੀਵਨ ਜਿਊਣ ਲਈ ਹਰ ਇਨਸਾਨ ਲਈ ਮਿਹਨਤ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਚਾਹੇ ਉਹ ਕਿਸੇ ਵੀ ਖੇਤਰ 'ਚ ਕੰਮ ਕਰ ਰਿਹਾ ਹੋਵੇ। ਬੀਤੇ ਸਾਲ 'ਚ ਕੀ ਕੁਝ ਗਵਾਇਆਂ ਤੇ ਕੀ ਹਾਸਲ ਕੀਤਾ, ਜੋ ਇਨ੍ਹਾਂ ਗੱਲਾਂ 'ਤੇ ਮੁੜ ਵਿਚਾਰ ਕਰਦਾ ਹੈ ਤੇ ਕੁਝ ਹੋਰ ਚੰਗਾ ਕਰਨ ਲਈ ਮਜ਼ਬੂਤ ਇਰਾਦੇ ਨਾਲ ਮਿਹਨਤ ਕਰਦਾ ਹੈ, ਉਸ ਦੀ ਮਿਹਨਤ ਰੰਗ ਲਿਆਉਂਦੀ ਤੇ ਉਹ ਇਨਸਾਨ ਹਰ ਪਾਸੇ ਨਾਮਣਾ ਖੱਟਦਾ ਹੈ ਤੇ ਖੁਸ਼ਹਾਲ ਜੀਵਨ ਜਿਊਂਦਾ ਹੈ। ਹਰ ਇੱਕ ਵਿਅਕਤੀ ਤਰੱਕੀਆਂ ਕਰੇ, ਬੁਲੰਦੀਆਂ ਨੂੰ ਛੂਹੇ ਤੇ ਹਰ ਪੰਜਾਬੀ ਤੋਂ ਇਹੀ ਉਮੀਦ ਕਰਨੀ ਬਣਦੀ ਹੈ ਕਿ ਉਹ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜੇ ਰਹਿਣਗੇ ਤੇ ਦੂਜਿਆਂ ਨੂੰ ਜੋੜਨ ਲਈ ਹਰ ਸੰਭਵ ਯਤਨ ਕਰਦੇ ਰਹਿਣਗੇ। ਕਿਉਂਕਿ ਸਮੂਹ ਪੰਜਾਬੀਆਂ ਦੀ ਪਹਿਚਾਣ ਪੰਜਾਬੀ ਵਿਰਸੇ ਅਤੇ ਮਾਖਿਓਂ ਮਿੱਠੀ ਪੰਜਾਬੀ ਮਾਂ ਬੋਲੀ ਨਾਲ ਹੈ। ਹਰ ਇੱਕ ਪੰਜਾਬੀ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੇ, ਸਤਿਕਾਰ ਕਰੇ, ਆਪਣੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰੇ। ਅਜੋਕੇ ਸਮੇਂ 'ਚ ਪੰਜਾਬੀ ਵਿਰਸੇ ਨਾਲੋਂ ਟੁੱਟ ਕੇ ਸਮਾਜਕ ਬੁਰਾਈਆਂ ਦਾ ਸ਼ਿਕਾਰ ਹੋ ਰਹੇ ਹਨ। ਵੱਡੇ ਪੱਧਰ 'ਤੇ ਹੋ ਰਹੇ ਬੁਰਾਈਆਂ ਦੇ ਫੈਲਾਅ ਨੂੰ ਖਾਤਮੇ ਵੱਲ ਲੈ ਕੇ ਜਾਣ 'ਚ ਹਰ ਇੱਕ ਨੂੰ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ । ਸਮੇਂ ਮੁਤਾਬਕ ਇਹ ਵੱਡੀ ਲੋੜ ਹੈ ਤੇ ਹਰ ਇੱਕ ਸੂਝਵਾਨ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਪੰਜਾਬੀ ਸੱਭਿਆਚਾਰ ਦੇ ਘੇਰੇ ਅੰਦਰ ਰਹਿ ਕੇ ਕਾਨੂੰਨ ਦੀ ਪਾਲਣਾ ਕਰਦਾ ਹੋਇਆ ਆਪਣਾ ਚੰਗਾ ਰੋਲ ਅਦਾ ਕਰੇ ਤਾਂ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾ ਸਕੀਏ। ਆਓ ਸਾਰੇ ਨਵੇਂ ਸਾਲ ਦੀ ਨਵੀਂ ਸਵੇਰ ਮੌਕੇ ਪ੍ਰਮਾਤਮਾ ਨੂੰ ਯਾਦ ਕਰਦਿਆਂ ਹੋਇਆਂ ਸਮਾਜ ਦੀ ਬਿਹਤਰੀ ਵੱਲ ਜਾ ਰਹੀਆਂ ਲੀਹਾਂ ਉੱਪਰ ਚੱਲ ਕੇ ਇੱਕ ਨਰੋਏ ਸਮਾਜ ਦੀ ਸਿਰਜਣਾ ਕਰੀਏ ਤੇ ਹਰ ਇੱਕ ਦਾ ਦੁੱਖ-ਸੁੱਖ ਵਿੱਚ ਸਾਥ ਦੇਈਏ, ਸਾਡੀ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋਵੇ, ਇਨਸਾਨੀਅਤ ਕਦਰਾਂ-ਕੀਮਤਾਂ ਨੂੰ ਸਮਝਦਿਆਂ ਹੋਇਆਂ ਹਰ ਇੱਕ ਦਾ ਭਲਾ ਮੰਗੀਏ ਤੇ ਖੁਸ਼ੀਆਂ ਨਾਲ ਇਹ ਨਵਾਂ ਸਾਲ ਜਿਊਣ ਲਈ ਮਿਹਨਤ ਕਰੀਏ ਤੇ ਹਰ ਇੱਕ ਦੇ ਪਿਛਲੇ ਸਾਲਾਂ ਦੇ ਅਧੂਰੇ ਸੁਪਨੇ ਨਵੇਂ ਸਾਲ 'ਚ ਸਾਕਾਰ ਹੋਣ, ਇਹੀ ਦਿਲੀ ਇੱਛਾ ਹੈ। ਹੱਸਦੇ ਰਹੋ ਵੱਸਦੇ ਰਹੋ।

# ਮਾਨ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੋਧ ਮੁਹਿੰਮ ਦੇ ਸਾਰਥਕ ਨਤੀਜੇ ਆਏ ਸਾਹਮਣੇ : ਜਿੰਪਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਮਾਲ ਵਿਭਾਗ ਨੇ ਸਾਲ 2022 ਦੌਰਾਨ ਕਈ ਲੋਕ ਪੱਖੀਂ ਸੁਵਿਧਾਵਾਂ ਸ਼ੁਰੂ ਕੀਤੀਆਂ ਹਨ। ਹੁਣ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਮਿਲ ਰਹੀਆਂ ਹਨ। ਇਸ ਤੋਂ ਪਹਿਲਾਂ ਮਾਲ ਵਿਭਾਗ ਦੇ ਕੰਮ ਕਰਨ ਦੇ ਤਰੀਕਿਆਂ ਤੋਂ ਆਮ ਲੋਕ ਬਹੁਤ ਦੁਖੀ ਸਨ ਪਰ ਜਦੋਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੀ ਸੇਵਾ ਸੰਭਾਲੀ ਹੈ ਉਦੋਂ ਤੋਂ ਲੋਕਾਂ ਨੂੰ ਸੁਚਾਰੂ ਅਤੇ ਵਧੀਆ ਸੇਵਾਵਾਂ ਮਿਲ ਰਹੀਆਂ ਹਨ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਸਾਲ 2022 ਮਾਲ ਵਿਭਾਗ ਲਈ ਕ੍ਰਾਂਤੀਕਾਰੀ ਵਰ੍ਹੇ ਦੇ ਤੌਰ 'ਤੇ ਯਾਦ ਕੀਤਾ ਜਾਵੇਗਾ ਕਿਉਂ ਕਿ ਅਜਿਹੀਆਂ ਬਹੁਤ ਸਾਰੀਆਂ ਪਹਿਲਕਦਮੀਆਂ ਮਾਨ ਸਰਕਾਰ ਦੇ ਹਿੱਸੇ ਆਈਆਂ ਹਨ ਜਿਸ ਸਦਕਾ ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਸ ਸਾਲ ਪੰਜਾਬ ਸਰਕਾਰ ਨੇ ਖਾਨਗੀ ਤਕਸੀਮ ਕਰਨ ਦੀ ਪ੍ਰਕਿਰਿਆ ਨੂੰ ਅਸਰਦਾਰ ਅਤੇ ਪ੍ਰਭਾਵੀ ਬਣਾਉਣ ਲਈ ਇਕ ਵੈਬਸਾਈਟ ਸ਼ੁਰੂ ਕੀਤੀ। ਇਸ ਨਾਲ ਨਿਸ਼ਾਨਦੇਹੀ ਕਰਵਾਉਣੀ ਸੁਖਾਲੀ ਹੋ ਗਈ ਹੈ। ਇਸ ਨਾਲ ਜ਼ਮੀਨ ਦੀ ਖਰੀਦ-ਫਰੋਖਤ ਵਿੱਚ ਆਸਾਨੀ ਹੋਵੇਗੀ। ਵੱਖਰੇ ਖਾਤੇ ਹੋਣ ਨਾਲ ਆਪਸੀ ਝਗੜਿਆ ਵਿੱਚ ਕਮੀ ਆਵੇਗੀ। ਫਸਲਾਂ ਦੇ ਖਰਾਬੇ ਦਾ ਮੁਆਵਜ਼ਾ ਲੈਣਾ ਆਸਾਨ ਹੋਵੇਗਾ। ਇਸ ਤੋਂ ਇਲਾਵਾ ਜਮ੍ਹਾਂਬੰਦੀ ਦੀ ਨਕਲ ਸਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਹਿੱਸੇਦਾਰਾਂ ਦੇ ਨਾਮ ਦਰਜ ਰਹਿਣ ਨਾਲ ਅਦਾਲਤਾਂ ਦੇ ਹੁਕਮਾਂ ਤੋਂ ਨਿਜਾਤ ਮਿਲੇਗੀ। ਮਾਲ ਮੰਤਰੀ ਨੇ ਦੱਸਿਆ ਕਿ ਸਟੈਂਪ ਪੇਪਰਾਂ ਦੀ ਖਰੀਦ ਨੂੰ ਸਰਲ ਬਣਾਉਣ ਲਈ ਈ-ਸਟੈਂਪ ਪੇਪਰ ਦੀ ਸੁਵਿਧਾ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਹੁਣ ਹਰ ਕੀਮਤ ਦੇ ਸਟੈਂਪ ਪੇਪਰ ਜਾਰੀ ਕੀਤੇ ਜਾ ਰਹੇ ਹਨ। ਪੰਜਾਬ ਦੇ 7520 ਪਿੰਡਾਂ ਦੇ ਨਕਸ਼ਿਆਂ ਅਤੇ ਕੁੱਲ 46861 ਮੁਸਾਵੀ ਸ਼ੀਟਾਂ ਨੂੰ ਡਿਜੀਟਾਈਜ਼ਡ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੇ ਕੰਮ ਨੂੰ ਹੋਰ ਸੁਚਾਰੂ ਤੇ ਚੁਸਤ ਕਰਨ ਦੇ ਮਕਸਦ ਨਾਲ 1090 ਨਵੇਂ ਪਟਵਾਰੀਆਂ ਦੀ ਭਰਤੀ ਮੁਕੰਮਲ ਕੀਤੀ ਗਈ ਜਦਕਿ ਮੰਤਰੀ ਮੰਡਲ ਵੱਲੋਂ ਪਟਵਾਰੀਆਂ ਦੀਆਂ 710 ਹੋਰ ਨਵੀਆਂ ਅਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਇਕ ਹੋਰ ਵੱਡੀ ਪ੍ਰਾਪਤੀ ਦਰਜ ਕੀਤੀ ਹੈ। ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਅਪ੍ਰੈਲ ਤੋਂ ਨਵੰਬਰ ਮਹੀਨੇ ਤੱਕ ਪਿਛਲੇ ਸਾਲ ਦੇ ਮੁਕਾਬਲੇ 21 ਫੀਸਦੀ ਜ਼ਿਆਦਾ ਪੈਸਾ ਆਇਆ ਹੈ। ਉਨ੍ਹਾਂ ਦੱਸਿਆ ਕਿ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਇਕ ਅਪ੍ਰੈਲ ਤੋਂ 30 ਨਵੰਬਰ 2022 ਤੱਕ ਖਜ਼ਾਨੇ ਵਿਚ 2525.72 ਕਰੋੜ ਰੁਪਏ ਦੀ ਆਮਦਨ ਆਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਇਨ੍ਹਾਂ ਅੱਠ ਮਹੀਨਿਆਂ ਨਾਲੋਂ ਇਹ ਆਮਦਨ 21 ਫੀਸਦੀ ਜ਼ਿਆਦਾ ਬਣਦੀ ਹੈ। ਸਾਲ 2021 ਵਿਚ ਇਸ ਸਮੇਂ ਦੌਰਾਨ ਇਹ ਆਮਦਨ 2088.60 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਮਾਨ ਸਰਕਾਰ ਪਹਿਲੇ ਦਿਨ ਤੋਂ ਹੀ ਸਾਰਥਕ ਹੰਭਲੇ ਮਾਰ ਰਹੀ ਹੈ। ਆਪਣੀ ਹੀ ਸਰਕਾਰ ਦੇ ਇਕ ਮੰਤਰੀ ਤੋਂ ਲੈ ਕੇ ਪਿਛਲੀਆਂ ਸਰਕਾਰਾਂ ਵਿਚ ਭ੍ਰਿਸ਼ਟਾਚਾਰੀ ਤਰੀਕਿਆਂ ਰਾਹੀਂ ਪੰਜਾਬ ਨੂੰ ਲੁੱਟਣ ਵਾਲੇ ਸਿਆਸਤਦਾਨਾਂ ਤੇ ਅਫਸਰਾਂ ਦਾ ਪਰਦਾਫਾਸ਼ ਕਰਨ ਦਾ ਨਤੀਜਾ ਇਹ ਨਿਕਲਿਆ ਹੈ ਕਿ ਜਿਹੜੇ ਅਫਸਰ ਅਤੇ ਮੁਲਾਜ਼ਮ ਲੋਕਾਂ ਦੀ ਲੁੱਟ-ਖਸੁੱਟ ਕਰਦੇ ਸੀ ਉਹ ਹੁਣ ਲੋਕ ਸੇਵਾ ਨੂੰ ਪਹਿਲ ਦੇਣ ਲੱਗੇ ਹਨ। ਜਿੰਪਾ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਮਾਲ ਵਿਭਾਗ ਨਾਲ ਸਬੰਧਤ ਕਿਸੇ ਵੀ ਕੰਮ ਨੂੰ ਕਰਾਉਣ ਲਈ ਕਿਸੇ ਵੀ ਅਫਸਰ ਜਾਂ ਮੁਲਾਜ਼ਮ ਨੂੰ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਕੋਈ ਰਿਸ਼ਵਤ ਮੰਗਦਾ ਹੈ ਤਾਂ ਇਸ ਦੀ ਰਿਪੋਰਟ ਤੁਰੰਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਅਫਸਰਾਂ ਤੇ ਮੁਲਾਜ਼ਮਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆਂ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਸਾਲ 2023 ਵਿਚ ਪੰਜਾਬ ਨੂੰ ਤਰੱਕੀ ਦੀਆਂ ਹੋਰ ਬੁਲੰਦੀਆਂ 'ਤੇ ਲਿਜਾਣ ਲਈ ਮਾਨ ਸਰਕਾਰ ਪੂਰੀ ਤਰ੍ਹਾਂ ਪ੍ਰਤੀਬੱਧ ਤੇ ਵਚਨਬੱਧ ਹੈ।

# ਡੀ ਟੀ ਐੱਫ ਦਾ ਵਫ਼ਦ ਵਿਦਿਆਰਥੀ ਵਜ਼ੀਫ਼ੇ ਤੇ ਹੋਰ ਮੰਗਾਂ ਸੰਬੰਧੀ ਡੀ ਈ ਓ ਨੂੰ ਮਿਲਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਡੈਮੋਕਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ ਅਤੇ ਰੇਸ਼ਮ ਸਿੰਘ ਧੁੱਗਾ ਆਦਿ ਆਗੂਆਂ ਦੀ ਅਗਵਾਈ ਹੇਠ ਡਿਪਟੀ ਡੀ.ਈ.ਓ.(ਪ੍ਰਾਇਮਰੀ) ਸੁਖਵਿੰਦਰ ਸਿੰਘ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਿਆ।

ਵਫ਼ਦ ਨੇ ਉਨ੍ਹਾਂ ਤੋਂ ਮੰਗ ਕੀਤੀ ਕਿ ਸਰਕਾਰ ਵਲੋਂ ਗ਼ਰੀਬਾਂ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟਗਿਣਤੀ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਵਜ਼ੀਫ਼ਿਆਂ ਲਈ ਉਨ੍ਹਾਂ ਤੋਂ ਜਾਤੀ ਸਰਟੀਫ਼ਿਕੇਟ ਅਤੇ ਆਮਦਨ ਸਰਟੀਫ਼ਿਕੇਟ ਦੀ ਮੰਗ ਨਾ ਕੀਤੀ ਜਾਵੇ, ਕਿਉਂਕਿ ਵਜ਼ੀਫ਼ੇ ਦੀ ਬਹੁਤ ਘੱਟ ਰਾਸ਼ੀ ਲਈ ਜਾਤੀ ਸਰਟੀਫਿਕੇਟ ਅਤੇ ਆਮਦਨ ਸਰਟੀਫਿਕੇਟ ਬਣਾਉਣ ਲਈ ਬੱਚਿਆਂ ਦੇ ਗ਼ਰੀਬ ਦਿਹਾੜੀਦਾਰ ਮਾਪਿਆਂ ਨੂੰ ਆਪਣੀਆਂ ਦਿਹਾੜੀਆਂ ਭੰਨ ਕੇ ਕਈ-ਕਈ ਦਿਨ ਕਚਹਿਰੀਆਂ ਦੇ ਗੇੜੇ ਲਗਾਉਣੇ ਪੈਂਦੇ ਹਨ ਇਨ੍ਹਾਂ ਸਰਟੀਫ਼ਿਕੇਟਾਂ ਦੀ ਬਜਾਇ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਸਰਪੰਚਾਂ, ਨੰਬਰਦਾਰਾਂ ਅਤੇ ਮਿਉਂਸਪਲ ਕੌਂਸਲਰਾਂ ਵਲੋਂ ਤਸਦੀਕ ਕੀਤੇ ਸਵੈ ਘੋਸ਼ਣਾ ਪੱਤਰਾਂ ਨੂੰ ਵੀ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਵੇ ਤਾਂ ਜੋ ਜ਼ਿਲ੍ਹੇ ਦਾ ਕੋਈ ਵੀ ਗ਼ਰੀਬ ਵਿਦਿਆਰਥੀ, ਵਿਦਿਆਰਥਣ ਵਜ਼ੀਫ਼ੇ ਤੋਂ ਵਾਂਝਾ ਨਾ ਰਹੇ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿੱਚ ਅਧਿਆਪਕਾਂ ਨੂੰ ਸਮੇਂ ਸਿਰ ਤਨਖ਼ਾਹਾਂ ਜਾਰੀ ਕਰਨ ਅਤੇ ਐੱਸ.ਐੱਸ.ਏ./ਰਮਸਾ ਅਧੀਨ ਭਰਤੀ ਅਧਿਆਪਕਾਂ ਨੂੰ ਸਮੇਂ ਸਿਰ ਸਾਲਾਨਾ ਤਰੱਕੀਆਂ ਦੇਣ ਦੀ ਮੰਗ ਵੀ ਕੀਤੀ।

ਡੀ.ਟੀ.ਐਫ. ਦੇ ਵਫ਼ਦ ਨੇ ਪਿਛਲੇ ਮਹੀਨਿਆਂ ਵਿੱਚ ਸਦੀਵੀਂ ਵਿਛੋੜਾ ਦੇ ਗਏ ਅਧਿਆਪਕਾਂ ਦੇ ਆਸ਼ਰਿਤ ਪਰਿਵਾਰਾਂ ਨੂੰ ਬਣਦੇ ਸਾਰੇ ਵਿੱਤੀ ਲਾਭ ਅਤੇ ਤਰਸ ਦੇ ਆਧਾਰ ਉੱਤੇ ਨੌਕਰੀਆਂ ਦੇਣ ਦਾ ਕੰਮ ਪ੍ਰਮੁੱਖਤਾ ਨਾਲ ਕਰਨ ਦੀ ਮੰਗ ਵੀ ਕੀਤੀ। ਡਿਪਟੀ ਡੀ.ਈ.ਓ. ਸਾਹਿਬ ਨੇ ਵਫ਼ਦ ਦੀਆਂ ਸਾਰੀਆਂ ਮੰਗਾਂ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਨ ਵਫ਼ਦ ਨੂੰ ਭਰੋਸਾ ਦਿੱਤਾ। ਇਸ ਵਫ਼ਦ ਵਿੱਚ ਨੰਦ ਰਾਮ, ਮਨਜੀਤ ਸਿੰਘ ਬਾਬਾ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਸੋਹਣ ਸਿੰਘ, ਰਮੇਸ਼ ਬੱਗਾ, ਅਸ਼ਨੀ ਕੁਮਾਰ ਅਤੇ ਜਤਿੰਦਰ ਸੈਣੀ ਆਦਿ ਅਧਿਆਪਕ ਆਗੂ ਵੀ ਸ਼ਾਮਿਲ ਸਨ।

2-JAN-PAGE-10.qxd 1/1/2023 8:22 PM Page 1



# ਵੱਡੇ ਹਾਦਸੇ ਦੀ ਉਡੀਕ 'ਚ ਹੈ ਗੁਰਦੁਆਰਾ ਸਾਹਿਬ ਨਾਲ ਲੱਗਦੀ ਖੰਡਰ ਇਮਾਰਤ


ਰੋਸ ਮੁਜ਼ਾਹਰਾ ਕਰਦੇ ਹੋਏ ਮੁਹੱਲਾ ਵਾਸੀ ਅਤੇ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਖੂ ਗੇਟ ਸਥਿਤ ਗਲੀ ਗੁਜਰਾਂ 'ਚ ਬਣੇ ਗੁਰਦੁਆਰਾ ਭਾਈ ਹਾਕਮ ਸਿੰਘ, ਜਿਸ ਵਿਚ ਸ਼ਹੀਦ ਬਾਬਾ ਦੀਪ ਸਿੰਘ ਦੀ ਬਖਸ਼ਿਸ਼ ਸਦਕਾ ਸੰਗਤਾਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਦੇ ਬਿਲਕੁਲ ਨਾਲ ਇੱਕ ਪੁਰਾਤਨ ਖੰਡਰ ਇਮਾਰਤ, ਜਿਸ ਵਿੱਚ ਜੰਗਲ ਰੂਪੀ ਘਾਹ ਪੌਦੇ ਤੇ ਦਰੱਖਤ ਉੱਗੇ ਹੋਏ ਹਨ, ਜੋ ਇਸ ਵਕਤ ਸੱਪਾਂ, ਚੂਹਿਆਂ ਤੇ ਹੋਰ ਕਈ ਤਰ੍ਹਾਂ ਦੇ ਕੀੜੇ ਮਕੌੜਿਆਂ ਦਾ ਘਰ ਬਣ ਚੁੱਕੀ ਹੈ, ਤੋਂ ਮੁਹੱਲਾ ਵਾਸੀ ਤੇ ਗੁਰੂ ਘਰ ਦੀਆਂ ਸੰਗਤਾਂ ਬਹੁਤ ਪ੍ਰੇਸ਼ਾਨ ਹਨ ਅਤੇ ਕਈ ਵਾਰ ਰਾਜਨੀਤਕ ਨੇਤਾਵਾਂ ਅਤੇ ਪ੍ਰਸ਼ਾਸਨ ਨੂੰ ਇਸ ਦੇ ਹੱਲ ਲਈ ਅਤੇ ਸਫ਼ਾਈ ਲਈ ਅਪੀਲ ਵੀ ਕਰ ਚੁੱਕੇ ਹਨ, ਪਰ ਪ੍ਰਸ਼ਾਸਨ ਦੇ ਕੰਨ ਜੂੰ ਨਹੀਂ ਸਰਕੀ। ਇਸ ਖਸਤਾ ਹਾਲਤ ਇਮਾਰਤ ਦੇ ਕਿਸੇ ਵੇਲੇ ਵੀ ਡਿੱਗਣ ਨਾਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹੋਰ ਤਾਂ ਹੋਰ ਚੂਹੇ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋ ਕੇ ਕਈ ਵਾਰ ਗੁਰਬਾਣੀ ਦੇ ਗੁਟਕਿਆਂ ਨੂੰ ਵੀ ਨੁਕਸਾਨ ਪੁਚਾ ਚੁੱਕੇ ਹਨ ਤੇ ਇਸ ਗੁਰਬਾਣੀ ਦੀ ਨਿਰਾਦਰੀ ਲਈ ਸੰਗਤਾਂ ਵਿੱਚ ਭਾਰੀ ਰੋਸ ਹੈ।

ਇਸ ਰੋਸ ਵਜੋਂ ਸੰਗਤਾਂ ਅਤੇ ਮੁਹੱਲਾ ਵਾਸੀਆਂ ਨੇ ਪ੍ਰਸ਼ਾਸਨ ਤੇ ਇਸ ਖੰਡਰ ਇਮਾਰਤ ਦੇ ਮਾਲਕਾਂ ਵਿਰੁੱਧ ਪੰਜਾਬ ਤੋਂ ਬਾਹਰ ਰਹਿੰਦੇ ਹਨ। ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਇਸ ਮਸਲੇ ਦਾ ਫੌਰੀ ਹੱਲ ਨਾ ਕੀਤਾ ਤਾਂ ਮੁਹੱਲਾ ਵਾਸੀ ਅਤੇ ਸੰਗਤਾਂ ਆਪਣੇ ਤੌਰ 'ਤੇ ਇਸ ਇਮਾਰਤ ਦਾ ਕੋਈ ਢੁਕਵਾਂ ਹੱਲ ਕੱਢਣਗੀਆਂ ਅਤੇ ਇਹ ਗੁਰਬਾਣੀ ਦੀ ਨਿਰਾਦਰੀ ਹੋਰ ਬਰਦਾਸ਼ਤ ਨਹੀਂ ਕਰਨਗੀਆਂ।

ਇਨ੍ਹਾਂ ਮੁਜ਼ਾਹਰਾਕਾਰੀਆਂ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਕਮੇਟੀ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਭਾਈ ਜਸਪਾਲ ਸਿੰਘ, ਪ੍ਰਗਟ ਸਿੰਘ, ਸੁਖਬੀਰ ਸਿੰਘ ਸੰਧੂ, ਤੇਜਿੰਦਰ ਸਿੰਘ ਸੋਨੂੰ, ਦਲਜੀਤ ਸਿੰਘ, ਨਿਰਮਲ ਸਿੰਘ, ਸ਼੍ਰੀ ਰਾਮ ਲੁਭਾਇਆ, ਸੁਰਿੰਦਰ ਕੁਮਾਰ ਸ਼ਿੰਦਾ, ਅਜਮੇਰ ਸਿੰਘ, ਬਲਵਿੰਦਰ ਸਿੰਘ ਸੰਧੂ, ਜਗਦੀਸ਼ ਲਾਲ ਬਜਾਜ, ਰਾਜੇਸ਼ ਧਵਨ, ਸੁਰਜੀਤ ਸਿੰਘ, ਅਨੂਪ ਸਿੰਘ, ਸੁਖਦੇਵ ਸਿੰਘ, ਗੁਰਨਾਮ ਸਿੰਘ ਸਮੇਤ ਹੋਰ ਵੀ ਕਈ ਆਗੂ ਤੇ ਬੀਬੀਆਂ ਹਾਜ਼ਰ ਸਨ।

# ਪੁਰਾਣੇ ਝਗੜੇ ਦੇ ਚਲਦਿਆਂ ਕੁੱਟਮਾਰ ਕਰਨ 'ਤੇ 23 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਫਿਰੋਜ਼ਪੁਰ ਵਿਚ ਵੱਖ-ਵੱਖ ਥਾਵਾਂ ਤੇ ਪੁਰਾਣੇ ਝਗੜੇ ਦੇ ਚਲਦਿਆਂ ਤਿੰਨ ਲੋਕਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ 23 ਲੋਕਾਂ ਖਿਲਾਫ ਆਈ ਪੀ ਸੀ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਪੱਲਾ ਮੇਘਾ ਦੇ ਰਹਿਣ ਵਾਲੇ ਜੱਜ ਪੁੱਤਰ ਰਾਜੂ ਵਾਸੀ ਨੇ ਦੱਸਿਆ ਕਿ ਉਸ ਦਾ ਕੁਝ ਲੋਕਾਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਉਸ ਨੇ ਦੱਸਿਆ ਕਿ ਇਸੇ ਝਗੜੇ ਦੇ ਚਲਦਿਆਂ ਦੋਸ਼ੀਅਨ ਮਨੀ, ਦੀਪੂ ਪੁੱਤਰਾਨ ਹਰਜਿੰਦਰ, ਹਰਜਿੰਦਰ ਪੁੱਤਰ ਸਸਤਾ, ਮਹਾਂਵੀਰ ਪੁੱਤਰ ਮੰਗਲ, ਮੰਗਲ, ਕਰਨੈਲਾ ਉਰਫ ਕੈਲਾ, ਜੈਲਾ, ਅਮਰੀਕ ਸਿੰਘ ਪੁੱਤਰਾਨ ਫਰਜੰਦ ਵਾਸੀਅਨ ਪੱਲਾ ਮੇਘਾ ਨੇ ਹਮਮਸ਼ਵਰਾ ਹੋ ਕੇ ਉਸ ਦੇ ਘਰ ਜਾ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਥਾਣਾ ਸਦਰ ਫਿਰੋਜ਼ਪੁਰ ਦੇ ਏ ਐੱਸ ਆਈ ਦਰਸ਼ਨ ਸਿੰਘ ਕਰ ਰਹੇ ਹਨ। ਥਾਣਾ ਗੁਰੂਹਰਸਹਾਏ ਪੁਲਸ ਦੇ ਏ ਐੱਸ ਆਈ ਦਰਸ਼ਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੀਮਾ ਰਾਣੀ ਪਤਨੀ ਗੁਰਪ੍ਰੀਤ ਸਿੰਘ ਵਾਸੀ ਮੋਹਨ ਕੇ ਉਤਾੜ ਨੇ ਦੱਸਿਆ ਕਿ ਉਸ ਦਾ ਕੁਝ ਲੋਕਾਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਸੀਮਾ ਨੇ ਦੱਸਿਆ ਕਿ ਇਸੇ ਝਗੜੇ ਦੇ ਚਲਦਿਆਂ ਦੋਸ਼ੀਅਨ ਨਿਰਮਲਾ ਰਾਣੀ ਪਤਨੀ ਅਜੈ, ਧਰਮਵੀਰ ਸਿੰਘ ਵਾਸੀਅਨ ਗੁਰੂਹਰਸਹਾਏ, ਸੋਨੀਆ ਪਤਨੀ ਗੁਰਮੀਤ ਸਿੰਘ, ਸੁਰਜੀਤ ਸਿੰਘ ਪੁੱਤਰ ਲਾਲ ਸਿੰਘ ਵਾਸੀਅਨ ਮੋਹਨ ਕੇ ਉਤਾੜ, ਅਤੇ 4 ਹੋਰ ਨਾਮਜ਼ਦ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ ਅਤੇ ਇੱਟਾਂ ਰੋੜੇ ਮਾਰੇ, ਜਿਸ ਨਾਲ ਉਸ ਦੀ ਕਾਰ ਸਵਿਫਟ ਦਾ ਸ਼ੀਸ਼ਾ ਟੁੱਟ ਗਿਆ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਏ ਐੱਸ ਆਈ ਜੰਗ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੋਨੂੰ ਪੁੱਤਰ ਮਲੂਕ ਵਾਸੀ ਬਸਤੀ ਸ਼ੇਖਾਂ ਵਾਲੀ ਸਿਟੀ ਫਿਰੋਜ਼ਪੁਰ ਹਾਲ ਆਬਾਦ ਬਸਤੀ ਬਾਗ ਵਾਲੀ ਨੇ ਦੱਸਿਆ ਕਿ ਉਸ ਦਾ ਪੁਰਾਣਾ ਝਗੜਾ ਦੋ ਵਿਅਕਤੀਆਂ ਨਾਲ ਚੱਲ ਰਿਹਾ ਹੈ। ਸੋਨੂੰ ਨੇ ਦੱਸਿਆ ਕਿ ਦੋਸ਼ੀਅਨ ਦਲੇਰੀ ਪੁੱਤਰ ਮਹਿੰਦਰ ਹਲਵਾਈ ਅਤੇ ਮਹਿੰਦਰ ਵਾਸੀਅਨ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਨੇ ਹਮਮਸ਼ਵਰਾ ਹੋ ਕੇ ਉਸ ਦੀ ਬੇਸਬਾਲ ਨਾਲ ਕੁੱਟਮਾਰ ਕੀਤੀ ਤੇ ਕਾਪੇ ਨਾਲ ਸੱਟਾਂ ਮਾਰੀਆਂ। ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸ਼ਹੀਦੀ ਸਭਾ ਦੌਰਾਨ ਠੇਕਾ ਖੁੱਲ੍ਹਾ ਰੱਖਣ ਵਾਲੇ ਸ਼ਰਾਬ ਠੇਕੇਦਾਰ ਵਿਰੁੱਧ ਤੁਰੰਤ ਮੁਕੱਦਮਾ ਦਰਜ ਕੀਤਾ ਜਾਵੇ : ਪੰਜੋਲੀ, ਚੀਮਾ, ਰੰਧਾਵਾ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਸ਼ਹੀਦੀ ਸਭਾ ਦੌਰਾਨ ਫ਼ਤਹਿਗੜ੍ਹ ਸਾਹਿਬ ਵਿਖੇ ਠੇਕਾ ਖੁੱਲ੍ਹਾ ਰੱਖ ਕੇ ਸ਼ਰਾਬ ਵੇਚਣ ਵਾਲੇ ਠੇਕੇਦਾਰ ਦਾ ਮਾਮਲਾ ਉਦੋਂ ਭਖਦਾ ਨਜ਼ਰ ਆਇਆ ਜਦੋਂ ਵੱਖ-ਵੱਖ ਪੰਥਕ ਆਗੂਆਂ ਅਤੇ ਸੰਗਤਾਂ ਵੱਲੋਂ ਪ੍ਰਸ਼ਾਸਨ ਤੋਂ ਠੇਕੇਦਾਰ ਵਿਰੁੱਧ ਸਖਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਗਈ। ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਅਤੇ ਜ਼ਿਲਾ ਪੁਲਸ ਮੁਖੀ ਫ਼ਤਹਿਗੜ੍ਹ ਸਾਹਿਬ ਨੂੰ ਭੇਜੀ ਗਈ ਸ਼ਿਕਾਇਤ ਦੀ ਕਾਪੀ ਪੱਤਰਕਾਰਾਂ ਨੂੰ ਦਿਖਾਉਂਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ,ਸਾਬਕਾ ਅਕਾਲੀ ਮੰਤਰੀ ਰਣਧੀਰ ਸਿੰਘ ਚੀਮਾ,ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਚੀਮਾ,ਸ਼੍ਰੋਮਣੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਰਜਕਾਰਨੀ ਭਾਈ ਗੁਰਪ੍ਰੀਤ ਸਿੰਘ ਰੰਧਾਵਾ,ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ ਅਤੇ ਗੁ.ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਬੀਤੀ 28 ਦਸੰਬਰ ਨੂੰ ਸ਼ਹੀਦੀ ਸਭਾ ਦੌਰਾਨ ਨਤਮਸਤਕ ਹੋਣ ਆਈਆਂ ਸਿੱਖ ਸੰਗਤਾਂ ਦੇ ਮਨਾਂ ਨੂੰ ਉਦੋਂ ਭਾਰੀ ਠੇਸ ਪਹੁੰਚੀ ਜਦੋਂ ਪਾਬੰਦੀ ਦੇ ਬਾਵਜੂਦ ਪਵਿੱਤਰ ਸ਼ਹੀਦੀ ਅਸਥਾਨ ਤੋਂ ਕੁਝ ਕੁ ਦੂਰੀ 'ਤੇ ਸਥਿਤ ਜੋਤੀ ਸਰੂਪ ਮੋੜ ਨਜ਼ਦੀਕ ਸਥਿਤ ਠੇਕਾ ਖੋਲ੍ਹ ਕੇ ਸ਼ਰਾਬ ਵੇਚ ਰਹੇ ਠੇਕੇਦਾਰ ਦਾ ਠੇਕਾ ਸੰਗਤ ਨੂੰ ਖੁਦ ਬੰਦ ਕਰਵਾਉਣਾ ਪਿਆ ਜਦੋਂ ਕਿ ਉਸ ਸਮੇਂ ਉਸ ਇਲਾਕੇ 'ਚ ਭਾਰੀ ਗਿਣਤੀ 'ਚ ਪੁਲਸ ਬਲ ਤਾਇਨਾਤ ਸਨ, ਜਿਸ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ। ਉਪਰੋਕਤ ਆਗੂਆਂ ਨੇ ਦੱਸਿਆ ਕਿ ਹਾਲਾਂਕਿ ਸ਼ਹੀਦੀ ਸਭਾ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਸ਼ਹੀਦੀ ਸਭਾ ਦੌਰਾਨ ਉਕਤ ਇਲਾਕੇ 'ਚ ਸ਼ਰਾਬ ਅਤੇ ਮੀਟ ਦੀਆਂ ਦੁਕਾਨਾਂ ਮੁਕੰਮਲ ਤੌਰ 'ਤੇ ਬੰਦ ਰਹਿਣਗੀਆਂ। ਉਪਰੋਕਤ ਆਗੂਆਂ ਨੇ ਕਿਹਾ ਕਿ ਇਸ ਘਟਨਾ ਨੂੰ ਲੈ ਕੇ ਸੰਗਤਾਂ ਦੇ ਮਨਾਂ 'ਚ ਭਾਰੀ ਰੋਸ ਹੈ ਤੇ ਉਹ ਪ੍ਰਸ਼ਾਸਨ ਤੋਂ ਮੰਗ ਕਰਦੇ ਹਨ ਕਿ ਪ੍ਰਸ਼ਾਸਨ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਠੇਕੇਦਾਰ ਵਿਰੁੱਧ ਤੁਰੰਤ ਮੁਕੱਦਮਾ ਦਰਜ ਕਰਦੇ ਹੋਏ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇ।

## ਕਾਤਰਾਂ

### ਲੋੜਵੰਦ ਵਿਦਿਆਥੀਆਂ ਲਈ ਜਰਸੀਆਂ ਦਾਨ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਸਿੱਖ ਗੁਰਦਵਾਰਾ ਕਮੇਟੀ ਦੇ ਗਠਨ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਸਾਬਕਾ ਜ਼ਿਲ੍ਹਾ ਜਨਰਲ ਸਕੱਤਰ ਤੇ ਸਿੱਖ ਬੁੱਧੀਜੀਵੀ ਡਾ. ਗੁਰਚਰਨ ਸਿੰਘ ਸਿਰਸਾ ਨੇ ਸਰਕਾਰੀ ਗਰਲਜ਼ ਪ੍ਰਾਇਮਰੀ ਸਕੂਲ ਬਡੇਚਾ ਵਿਖੇ ਸਕੂਲੀ ਵਿਦਿਆਰਥੀਆਂ ਨੂੰ ਗਰਮ ਕੋਟੀਆਂ ਤੇ ਲੱਡੂ ਵੰਡੇ। ਸਰਕਾਰੀ ਗਰਲਜ਼ ਪ੍ਰਾਇਮਰੀ ਸਕੂਲ ਵਿਡੇਚਾ ਵਿਖੇ ਵਿਦਿਆਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੜਕਦੀ ਠੰਡ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਵਿੱਚ ਠੰਡ ਕਾਰਨ ਗਰੀਬ ਲੋਕ ਸਭ ਤੋਂ ਵੱਧ ਮਾਰ ਝੱਲਦੇ ਹਨ, ਇਸ ਲਈ ਸਮਾਜ ਸੇਵੀ ਡਾ. ਗੁਰਚਰਨ ਸਿੰਘ ਨੇ ਨਿਵੇਕਲੀ ਪਹਿਲ ਕਰਦਿਆਂ ਲੋੜਵੰਦ ਸਕੂਲੀ ਬੱਚਿਆਂ ਨੂੰ ਜਰਸੀਆਂ ਵੰਡੀਆਂ।ਉਨ੍ਹਾਂ ਕਿਹਾ ਕਿ ਅੱਜ ਦੇ ਬੱਚੇ ਕੱਲ੍ਹ ਦਾ ਭਵਿਖ ਹਨ। ਉਨ੍ਹਾਂ ਕਿਹਾ ਕਿ ਉਹ ਵਿਦਿਆਥੀਆਂ ਦੀ ਪੜ੍ਹਾਈ-ਲਿਖਾਈ ਲਈ ਹੋਰ ਵੀ ਮਦਦ ਕਰਦੇ ਰਹਿਣਗੇ। ਇਸ ਮੌਕੇ ਸਰਕਾਰੀ ਗਰਲਜ਼ ਪ੍ਰਾਇਮਰੀ ਸਕੂਲ ਵਿਡੇਚਾ ਦੇ ਵਿਦਿਆਥੀਆਂ ਅਤੇ ਸਮੂਹ ਸਟਾਫ਼ ਵੱਲੋਂ ਡਾ. ਗੁਰਚਰਨ ਸਿੰਘ ਨੂੰ ਜੀ ਆਇਆਂ ਕਹਿੰਦੇ ਹੋਏ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

### ਦੀਸ਼ਿਤਾ, ਜੈਸਮਿਨ ਤੇ ਸੁਜਲ ਕੁਮਾਰ ਨੇ ਜਿੱਤੇ ਤਮਗੇ



ਲੌਂਗੋਵਾਲ (ਕੁਲਦੀਪ ਔਤਰੀ, ਪ੍ਰਦੀਪ ਸੱਪਲ)-ਵਾਰ ਹੀਰੋਜ਼ ਸਟੇਡੀਅਮ ਵਿਖੇ 66 ਵੀਆਂ ਰਾਜ ਪੱਧਰੀ ਸਕੂਲ ਖੇਡਾਂ ਕਰਾਈਆਂ ਗਈਆਂ, ਜਿਸ ਵਿੱਚ ਸੁਨਾਮ ਦੀ ਵਰਲਡ ਕਿੱਕ ਬਾਕਸਿੰਗ ਚੈਂਪੀਅਨ ਦੀਸ਼ਿਤਾ ਗੁਪਤਾ ਨੇ ਗੋਲਡ ਮੈਡਲ ਤੇ ਨੈਸਨਲ ਖਿਡਾਰਨ ਜੈਸਮਿਨ ਤੇ ਸੁਜਲ ਕੁਮਾਰ ਨੇ ਸਿਲਵਰ ਮੈਡਲ ਹਾਸਲ ਕਰਕੇ ਆਪਣੇ ਮਾਂ-ਬਾਪ ਅਤੇ ਅਪਣੇ ਕੋਚ ਵਿਸਾਲ ਮਲਹੋਤਰਾ ਦਾ ਨਾਂਅ ਰੌਸ਼ਨ ਕੀਤਾ। ਮੈਚ ਦੌਰਾਨ ਜ਼ਿਲ੍ਹਾ ਕੋਚ ਅਰਸ ਮਰਵਾਹਾ, ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਬਲਰਾਜ ਸਿੰਘ, ਹੈਰੀ ਆਦਿ ਨੇ ਵੀ ਬੱਚਿਆਂ ਨੂੰ ਆਪਣਾ ਅਸ਼ੀਰਵਾਦ ਦਿੱਤਾ। ਇਸ ਮੌਕੇ ਉੱਘੇ ਸਮਾਜ ਸੇਵੀ ਹਰਵਿੰਦਰ ਰਿਸੀ ਸਤੌਜ ਤੇ ਗੁਰਸੇਵਕ ਬਿਗਰਵਾਲ ਨੇ ਵੀ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਕੇ ਬਹੁਤ ਮਿਹਨਤ ਕਰਨ ਲਈ ਪ੍ਰੇਰਤ ਕੀਤਾ।

### ਮੀਤ ਹੇਅਰ ਨੇ ਨਵੇਂ ਸਾਲ ਦੀ ਦਿੱਤੀ ਮੁਬਾਰਕਬਾਦ

**ਬਰਨਾਲਾ (ਰਵਿੰਦਰ ਸ਼ਰਮਾ)**-ਪੰਜਾਬ ਦੇ ਉਚੇਰੀ ਸਿੱਖਿਆ, ਖੇਡ ਤੇ ਭਾਸ਼ਾਵਾਂ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸੂਬਾ ਵਾਸੀਆਂ ਖਾਸ ਕਰਕੇ ਜ਼ਿਲ੍ਹਾ ਬਰਨਾਲਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਉਮੀਦ ਪ੍ਰਗਟਾਈ ਕਿ ਨਵਾਂ ਸਾਲ ਸਾਰਿਆਂ ਲਈ ਖੁਸ਼ਹਾਲੀ ਅਤੇ ਸਿਹਤਯਾਬੀ ਲੈ ਕੇ ਆਵੇਗਾ। ਨਵੇਂ ਸਾਲ ਦੇ ਵਧਾਈ ਸੰਦੇਸ਼ ਵਿੱਚ ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸਾਲ ਪੂਰੇ ਸੂਬੇ ਤੇ ਦੇਸ ਲਈ ਸਾਂਤੀ, ਵਿਕਾਸ ਅਤੇ ਤਰੱਕੀ ਵਾਲਾ ਹੋਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸੂਬੇ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਨਵੇਂ ਸਾਲ 'ਚ ਨਵੀਂ ਊਰਜਾ ਤੇ ਦੁੱਗਣੀ ਮਿਹਨਤ ਨਾਲ ਲੋਕ ਭਲਾਈ ਲਈ ਕਦਮ ਚੁੱਕੇ ਜਾਣਗੇ।

### ਸਰਦੀ ਦੇ ਮੱਦੇਨਜ਼ਰ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਖੁੱਲ੍ਹਣਗੇ ਸੇਵਾ ਕੇਂਦਰ : ਡੀ ਸੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸੇਵਾ ਕੇਂਦਰਾਂ ਦੇ ਕੰਮਕਾਜ ਦੇ ਸਮੇਂ 'ਚ ਕੁਝ ਤਬਦੀਲੀ ਲਿਆਂਦੀ ਗਈ ਹੈ। ਉਨ੍ਹਾ ਦੱਸਿਆ ਕਿ ਸਰਦੀ ਦੇ ਮੌਸਮ ਨੂੰ ਮੱਦੇਨਜ਼ਰ ਰੱਖਦਿਆਂ ਸੇਵਾ ਕੇਂਦਰਾਂ ਦੇ ਕੰਮਕਾਜ ਦਾ ਸਮਾਂ ਤਬਦੀਲ ਕਰਕੇ ਸਵੇਰੇ 10 ਤੋਂ ਸ਼ਾਮ 5 ਵਜੇ ਦਾ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਹਦੂਦ ਅੰਦਰ ਆਉਣ ਵਾਲੇ ਸਾਰੇ ਸੇਵਾ ਕੇਂਦਰਾਂ ਦਾ ਸਮਾਂ ਤਬਦੀਲ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ 31 ਜਨਵਰੀ 2023 ਤੱਕ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸੇਵਾ ਕੇਂਦਰਾਂ ਵਿੱਚ 100 ਪ੍ਰਤੀਸ਼ਤ ਸਟਾਫ ਨਾਲ ਕੰਮ ਕੀਤਾ ਜਾਵੇਗਾ ਅਤੇ ਸ਼ਨੀਵਾਰ ਤੇ ਐਤਵਾਰ ਨੂੰ 50 ਪ੍ਰਤੀਸ਼ਤ ਸਟਾਫ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਜ਼ਿਲ੍ਹਾ ਵਾਸੀ ਸੋਮਵਾਰ ਤੋਂ ਐਤਵਾਰ ਤੱਕ ਜ਼ਿਲ੍ਹੇ ਦੇ ਸੇਵਾ ਕੇਂਦਰਾਂ 'ਚ ਪਹੁੰਚ ਕੇ ਸਰਕਾਰੀ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

# 2000 ਨਸ਼ੀਲੀਆਂ ਗੋਲੀਆਂ ਤੇ ਮੋਟਰਸਾਈਕਲ ਸਮੇਤ ਕਾਬੂ




**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

ਵਰੁਣ ਸ਼ਰਮਾ ਐਸ ਐਸ ਪੀ ਪਟਿਆਲਾ ਨੇ ਦੱਸਿਆ ਕਿ ਹਰਬੀਰ ਸਿੰਘ ਅਟਵਾਲ ਐਸ.ਪੀ ਇਨਵੈਸਟੀਗੇਸ਼ਨ ਪਟਿਆਲਾ, ਸੁਖਅੰਮ੍ਰਿਤ ਸਿੰਘ ਡੀਐਸਪੀ ਇਨਵੈਸਟੀਗੇਸ਼ਨ ਪਟਿਆਲਾ, ਸੌਰਵ ਜਿੰਦਲ ਡੀਐਸਪੀ ਸਮਾਣਾ ਦੀ ਯੋਗ ਅਗਵਾਈ ਵਿੱਚ ਇੰਸਪੈਕਟਰ ਵਿਜੇ ਕੁਮਾਰ ਇੰਚਾਰਜ ਸੀ ਆਈ ਏ ਸਟਾਫ ਅਤੇ ਪੁਲਸ ਪਾਰਟੀ ਵੱਲੋਂ ਦਲਬੀਰ ਸਿੰਘ ਘਾਕੀ ਪੁੱਤਰ ਪੱਪੀ ਸਿੰਘ ਵਾਸੀ ਪਿੰਡ ਕਕਰਾਲਾ ਭਾਈਕਾ ਥਾਣਾ ਸਦਰ ਨੂੰ ਟੀ ਪੁਆਇੰਟ ਬੱਸ ਸਟੈਂਡ ਤੋਂ 2000 ਨਸ਼ੀਲੀਆਂ ਗੋਲੀਆਂ ਸਮੇਤ ਮੋਟਰਸਾਈਕਲ ਦੇ ਕਾਬੂ ਕੀਤਾ ਤੇ ਮੁਕੱਦਮਾ ਨੰਬਰ 223 ਮਿਤੀ 30/12/22 ਅ/ਧ 22/61/85 ਐਨ ਡੀ ਪੀ ਐਸ ਐਕਟ ਥਾਣਾ ਸਿਟੀ ਸਮਾਣਾ ਦਰਜ ਕੀਤਾ।

ਹੋਰ ਕਾਮਯਾਬੀ ਹਾਸਲ ਕਰਦੇ ਹੋਏ ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਲੇਟ ਲਾਲ ਸਿੰਘ ਵਾਸੀ ਪਿੰਡ ਤਲਵੰਡੀ ਮਲਿਕ ਥਾਣਾ ਸਦਰ ਸਮਾਣਾ ਨੂੰ 580 ਨਸ਼ੀਲੀਆਂ ਗੋਲੀਆਂ ਸਮੇਤ ਹਿਰਾਸਤ ਵਿੱਚ ਲੈ ਲਿਆ ਤੇ ਮੁਕੱਦਮਾ ਨੰਬਰ 288 ਮਿਤੀ 30/12/22 ਅ/ਧ 22/61/85 ਐੱਨ ਡੀ ਪੀ ਐਸ ਐਕਟ ਥਾਣਾ ਸਦਰ ਦਰਜ ਕੀਤਾ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਸਮਾਜ ਸੇਵਾ ਸਭ ਤੋਂ ਵੱਡਾ ਸਕੂਨ ਤੇ ਜਜ਼ਬਾ : ਬਹਿਣੀਵਾਲ

**ਮਾਨਸਾ (ਰੀਤਵਾਲ)**



ਲੰਮਾ ਸਮਾਂ ਸਿਆਸਤ ਵਿੱਚ ਸਰਗਰਮ ਰਹਿ ਕੇ ਵਿੱਦਿਅਕ ਅਦਾਰਿਆਂ, ਸਰਕਾਰੀ ਹਸਪਤਾਲਾਂ, ਵਾਤਾਵਰਣ ਦੀ ਸੰਭਾਲ ਲਈ ਰੁੱਖ ਲਗਾਉਣ, ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਾਸਾਰ ਕਰਨ, ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਅਤੇ ਲਿਖਾਰੀ ਅਤੇ ਸਾਹਿਤਕਾਰਾਂ ਨਾਲ ਮਿਲਣੀਆਂ ਕਰਨ ਦੇ ਨਾਲ-ਨਾਲ ਬਾਲੀਵੁੱਡ ਦੇ ਵੱਡੇ ਪਰਦੇ 'ਤੇ ਪੰਜਾਬੀ ਫਿਲਮ ਦਾ ਹਿੱਸਾ ਬਣੇ, ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਚਰਚਾ ਵਿੱਚ ਰਹੇ। ਉਨ੍ਹਾਂ ਨੇ ਬਾਲੀਵੁੱਡ, ਪਾਲੀਵੁੱਡ ਤੋਂ ਇਲਾਵਾ ਵੱਡੀਆਂ ਹਸਤੀਆਂ ਨੂੰ ਮਿਲ ਕੇ ਉਨ੍ਹਾਂ ਨੂੰ ਮਾਨਸਾ ਦੀ ਭੂਗੋਲਿਕ ਸਥਿਤੀ ਤੋਂ ਜਾਣੂ ਕਰਵਾਉਂਦਿਆਂ ਪ੍ਰਤਿਭਾ ਦੇ ਜਿਗਰ ਤੇ ਰਹੇ ਜ਼ਿਲ੍ਹਾ ਮਾਨਸਾ, ਬਠਿੰਡਾ ਵਿੱਚੋਂ ਹੁਨਰਮੰਦ ਕਲਾਕਾਰ ਲੱਭ ਕੇ ਉਨ੍ਹਾਂ ਨੂੰ ਢੁਕਦਾ ਮੌਕਾ ਦੇਣ ਦੀ ਗੱਲ ਕੀਤੀ। ਬਹਿਣੀਵਾਲ ਨੇ ਪਿਛਲੇ ਲੰਬੇ ਸਮੇਂ ਤੋਂ ਸਿਆਸਤ ਤੋਂ ਪਾਸਾ ਵੱਟ ਕੇ ਸਮਾਜ ਸੇਵਾ ਨੂੰ ਹੀ ਆਪਣੇ ਅਤੇ ਆਪਣੇ ਪਰਵਾਰ ਲਈ ਆਤਮਿਕ ਸਕੂਨ ਦਾ ਹਿੱਸਾ ਬਣਾਇਆ ਹੈ। ਲੰਘ ਰਹੇ ਸਾਲ 2022 'ਚ ਹਰਪ੍ਰੀਤ ਸਿੰਘ ਬਹਿਣੀਵਾਲ ਨੇ ਸਰਕਾਰੀ ਹਸਪਤਾਲ ਬਹਿਣੀਵਾਲ ਜਿਥੋਂ ਮਾਨਸਾ ਜ਼ਿਲ੍ਹੇ ਦੇ 13 ਪਿੰਡ ਅਤੇ ਨਾਲ ਲੱਗਦੇ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਦੇ 5 -7 ਪਿੰਡ ਸਿਹਤ ਸੇਵਾਵਾਂ ਲੈਂਦੇ ਹਨ, ਦੀਆਂ ਸਿਹਤ ਸੇਵਾਵਾਂ ਅਤੇ ਮੁਸ਼ਕਲਾਂ ਵਿੱਚ ਮੋਹਰੀ ਰੋਲ ਨਿਭਾਇਆ। ਬਿਲਡਿੰਗਾਂ ਦੀ ਖਸਤਾ ਹਾਲਤ ਤੋਂ ਇਲਾਵਾ ਦਵਾਈਆਂ ਅਤੇ ਇਲਾਜ ਯਕੀਨੀ ਬਣਾਉਣ ਲਈ ਸਰਕਾਰ ਅਤੇ ਹੋਰ ਸਮਾਜਕ ਸੰਸਥਾਵਾਂ ਕੋਲ ਅਵਾਜ਼ ਵੀ ਚੱਕੀ ਅਤੇ ਹਸਪਤਾਲ ਵਿੱਚ ਲੋਕਾਂ ਨੂੰ ਆ ਰਹੀ ਪੀਣ ਵਾਲੇ ਪਾਣੀ ਦੀ ਸੱਮਸਿਆ ਦਾ ਹੱਲ ਵੀ ਕਰ ਕਰ ਦਿੱਤਾ। ਵਾਤਾਵਰਣ ਨਾਲ ਡਾਢਾ ਪਿਆਰ ਰੱਖਣ ਵਾਲੇ ਬਹਿਣੀਵਾਲ ਨੇ ਪੰਜਾਬ ਸਰਕਾਰ ਵੱਲੋਂ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਰਾਹੀਂ ਚਲਾਈ ਸ਼ਹੀਦ ਏ ਆਜ਼ਮ ਭਗਤ ਸਿੰਘ ਹਰਿਆਵਲ ਲਹਿਰ ਤਹਿਤ ਪਿੰਡਾਂ ਵਿੱਚ ਤ੍ਰਿਵੈਣ ਰੁੱਖ ਲਗਾ ਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਤੋਂ ਸੁਨੇਹਾ ਦਿੱਤਾ। ਹਰਪ੍ਰੀਤ ਦਾ ਸਾਹਿਤਕਾਰਾਂ ਅਤੇ ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨ ਦਾ ਜਜ਼ਬਾ ਉਸ ਵੇਲੇ ਵੇਖਣ ਨੂੰ ਮਿਲਿਆ ਜਦ ਅਗਸਤ ਮਹੀਨੇ ਮੁੰਬਈ (ਬੰਬੇ) ਫੇਰੀ ਤੋਂ ਆਏ ਹਰਪ੍ਰੀਤ ਬਹਿਣੀਵਾਲ ਦੀ ਮੀਡੀਆ ਨਾਲ ਗੱਲ ਹੋਈ ਤਾਂ ਉਨ੍ਹਾ ਨੇ ਮਾਨਸਾ ਬਠਿੰਡੇ ਜ਼ਿਲ੍ਹੇ ਦੇ ਲੇਖਕਾਂ, ਸਾਹਿਤਕਾਰਾਂ ਅਤੇ ਕਲਾਕਾਰਾਂ ਵਿੱਚੋਂ ਨਵਾਂ ਟੇਲੈਂਟ ਤਲਾਸ਼ਣ ਦੀ ਗੱਲ ਕੀਤੀ ਅਤੇ ਪਹਿਲਾਂ ਅਤੇ ਉਸ ਤੋਂ ਬਾਅਦ ਵੀ ਦੇਖਣ ਨੂੰ ਮਿਲਿਆ ਕੇ ਉਨ੍ਹਾ ਨੇ ਲਗਾਤਾਰ ਲਿਖਾਰੀਆਂ ਅਤੇ ਸਾਹਿਤਕਾਰਾਂ ਨਾਲ ਸੰਪਰਕ ਬਣਾ ਕੇ ਟੈਲੰਟ ਤਲਾਸ਼ਣ ਦੇ ਯਤਨ ਕੀਤੇ ਅਤੇ ਮਾਨਸਾ ਜ਼ਿਲ੍ਹੇ ਦੇ ਸਕੂਲਾਂ, ਕਾਲਜਾਂ ਦੇ ਕਲਾ ਨਾਲ ਸੰਬੰਧਤ ਬੱਚਿਆਂ ਵਿੱਚੋਂ ਵੀ ਬੱਚਿਆਂ ਨੂੰ ਲਗਾਤਾਰ ਹੌਂਸਲਾ ਦਿੱਤਾ। ਹਰਪ੍ਰੀਤ ਸਿੰਘ ਬਹਿਣੀਵਾਲ ਦਾ ਕਹਿਣਾ ਹੈ ਕਿ ਸਮਾਜ ਸੇਵਾ ਸਭ ਤੋਂ ਵੱਡਾ ਸਕੂਨ ਅਤੇ ਜਜ਼ਬਾ ਹੈ। ਇਸ ਲਈ ਖੁਦ ਨੂੰ ਇਸ ਦਾ ਹਿੱਸਾ ਬਣਾਉਣਾ ਉਹ ਆਪਣੀ ਖੁਸ਼ੀ ਸਮਝਦੇ ਹਨ। ਨਵੇਂ ਵਰ੍ਹੇ ਦੀ ਵਧਾਈ ਦਿੰਦਿਆਂ ਉਨ੍ਹਾ ਕਿਹਾ ਕਿ ਇਹ ਯਤਨ ਅਤੇ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ।

# ਨਵੇਂ ਸਾਲ ਦੇ ਮੌਕੇ ਕਰਾਏ ਗਏ ਸਤਿਸੰਗ 'ਚ ਪੱਤਰਕਾਰ ਸਨਮਾਨਤ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਪਟਿਆਲਾ ਜ਼ੋਨ ਦੇ ਜ਼ੋਨਲ ਇੰਚਾਰਜ ਰਾਧੇ ਸ਼ਾਮ ਜੀ ਦੀ ਅਗਵਾਈ ਵਿੱਚ ਨਿਰੰਕਾਰੀ ਮਿਸ਼ਨ ਦੀ ਪ੍ਰਚਾਰਕ ਭੈਣ ਲਾਜ ਜੀ ਰਾਜਪੁਰਾ ਦੀ ਪ੍ਰਧਾਨਗੀ ਹੇਠ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਨਵੇਂ ਸਾਲ ਦਾ ਸਵਾਗਤ ਕਰਨ ਲਈ ਵਿਸ਼ੇਸ਼ ਸਤਿਸੰਗ ਕਰਾਇਆ ਗਿਆ।



ਭੈਣ ਲਾਜ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਫਰਮਾਇਆ ਕਿ ਪੱਤਰਕਾਰ ਸਮਾਜ ਦਾ ਚੌਥਾ ਥੰਮ ਹਨ, ਇਨ੍ਹਾਂ ਨੂੰ ਸਮਾਜ ਦੀ ਰੀੜ੍ਹ ਦੀ ਹੱਡੀ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਪੱਤਰਕਾਰ ਦਿਨ ਰਾਤ ਇੱਕ ਕਰ ਕੇ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਸਮਾਜ ਵਿੱਚ ਵਾਪਰ ਰਹੀਆਂ ਚੰਗੀਆਂ-ਮਾੜੀਆਂ ਘਟਨਾਵਾਂ ਨੂੰ, ਸਰਕਾਰ ਦੀਆਂ ਕਮੀਆਂ ਨੂੰ, ਲੋਕਾਂ ਦੀ ਆਵਾਜ਼ ਨੂੰ ਤੇ ਸੰਤਾਂ-ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਆਪਣੀਆਂ ਆਪਣੀਆਂ ਅਖਬਾਰਾਂ, ਰਸਾਲਿਆ, ਟੀਵੀ ਚੈਨਲਾਂ, ਵੈੱਬ ਚੈਨਲ ਅਤੇ ਸੋਸਲ ਮੀਡੀਆ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਤੱਕ ਪੁਚਾਉਂਦੇ ਹਨ।

ਭੈਣ ਲਾਜ ਜੀ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਨਵਾਂ ਸਾਲ 2023 ਸਭ ਲਈ ਖੁਸ਼ੀਆਂ ਲੈ ਲੈ ਕੇ ਆਵੇ, ਕਿਸੇ ਦੇ ਘਰ ਵੀ ਦੁੱਖ ਦਲਿੱਦਰ, ਤੰਗੀ-ਤੁਰਸ਼ੀ ਨਾ ਆਵੇ ਹਰ ਪਾਸੇ ਆਪਸੀ ਭਾਈਚਾਰਾ ਅਤੇ ਅਮਨ-ਸਾਂਤੀ ਬਣੀ ਰਹੇ।

ਇਸ ਮੌਕੇ ਸੇਵਾ ਦਲ ਖੇਤਰ ਪਟਿਆਲਾ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਨੇ ਭੈਣ ਲਾਜ ਜੀ ਦਾ ਸਮਾਣਾ ਪਹੁੰਚਣ 'ਤੇ ਸਵਾਗਤ ਕੀਤਾ ਅਤੇ ਸਮੂਹ ਪੱਤਰਕਾਰਾਂ ਨੂੰ ਜੀ ਆਇਆਂ ਆਖਿਆ ਅਤੇ ਸਾਰੇ ਸੇਵਾ ਦਲ ਦਾ ਵਧੀਆ ਸੇਵਾਵਾਂ ਦੇਣ ਲਈ ਧੰਨਵਾਦ ਕੀਤਾ।

# 8 ਰੋਜ਼ਾ ਧਾਰਮਿਕ ਸਮਾਗਮ ਦੇ ਸ਼ਰਧਾਪੂਰਵਕ ਭੋਗ ਪਾਏ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਸ੍ਰੀ ਮਦ ਭਾਗਵਤ ਸਪਤਾਹ ਸੰਮਤੀ ਵੱਲੋਂ ਗੀਤਾ ਭਵਨ 'ਚ ਕਰਾਏ ਗਏ 8 ਰੋਜ਼ਾ ਧਾਰਮਿਕ ਸਮਾਗਮ ਸ੍ਰੀ ਮਦ ਭਾਗਵਤ ਸਪਤਾਹ ਗਿਆਨ ਯੱਗ ਦੇ ਭੋਗ ਸਰਧਾਪੂਰਵਕ ਪਾਏ ਗਏ, ਜਿਸ ਵਿੱਚ ਸਾਰੇ ਜਜਮਾਨਾਂ ਨੇ ਪਵਨ ਯੱਗ 'ਚ ਪੂਰਨ ਆਹੂਤੀ ਪਾਕੇ ਇਲਾਕੇ ਦੀ ਸੁੱਖ-ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ ਗਈ। ਇਸ ਮੌਕੇ ਕਥਾਵਾਚਕ ਆਚਾਰਿਆ ਅਸ਼ਵਨੀ ਭਾਸ਼ਕਰ ਸ਼ਾਸ਼ਤਰੀ ਜੀ ਨੇ ਪਹਿਲਾਂ ਇਲਾਕੇ ਦੀ ਸਾਰੀ ਸੰਗਤ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਤੇ ਪ੍ਰਵਚਨ ਕਰਦਿਆਂ ਕਿਹਾ ਕਿ ਯੱਗ ਨਰਾਇਣ ਦਾ ਸਰੂਪ ਹੁੰਦਾ ਹੈ ਤੇ ਕਿਸੀ ਵੀ ਧਾਰਮਿਕ ਅਨੁਸ਼ਠਾਨ ਦੀ ਪੂਰਤੀ ਯੱਗ ਦੁਆਰਾ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਦੇ ਵੀ ਅਪਣੇ ਜੀਵਨ ਵਿੱਚ ਰੂਪ, ਜਵਾਨੀ, ਸੰਪਤੀ ਤੇ ਰਾਜਗੱਦੀ ਦਾ ਘੁਮੰਡ ਨਹੀਂ ਕਰਨਾ ਚਾਹੀਦਾ। ਹਾਜ਼ਰ ਸੰਗਤਾਂ ਲਈ ਭੰਡਾਰਾ ਵਰਤਾਇਆ ਗਿਆ। ਇਸ ਮੌਕੇ ਸੰਤ ਰਾਜਗਿਰ ਜੀ ਮਹਾਰਾਜ, ਸੰਤ ਬਾਬਾ ਭਗਵਾਨ ਦਾਸ ਜੀ ਮਹਾਰਾਜ ਤੋਂ ਇਲਾਵਾ ਵਿਵੇਕ ਮਿੱਤਲ, ਕੇਵਲ ਕ੍ਰਿਸ਼ਨ ਮਿੱਤਲ, ਸੰਜੀਵ ਉਗੋ, ਅਨਿਲ ਭੈਣੀ,



ਸੂਰਜ ਭਾਨ ਆਲੀਕੇ, ਵਿਜੈ ਕੁਮਾਰ ਜਿੰਦਲ, ਰਮੇਸ਼ ਭੈਣੀ, ਵਿਜੈ ਧੂਰਕੋਟੀਆ, ਭੂਸ਼ਨ ਕੁਮਾਰ ਮੋੜ, ਯੋਗੇਸ਼ ਬਾਂਸਲ, ਡਾ. ਬਾਲ ਚੰਦ ਬਾਂਸਲ, ਡਾ. ਗੁਰਦੇਵ ਬਾਂਸਲ, ਸੁਰਿੰਦਰ ਗਾਗੜ, ਪ੍ਰਦੀਪ ਦੀਪਾ, ਧਰਮਪਾਲ ਬਾਂਸਲ, ਅਸ਼ੋਕ ਕੁਮਾਰ ਗੁਪਤਾ, ਰੋਬਿਵਨ ਕੁਮਾਰ, ਅਸ਼ੋਕ ਕੁਮਾਰ ਪੱਖੋ, ਮਾਸਟਰ ਪਵਨ ਕੁਮਾਰ, ਤਰਸੇਮ ਸੁਨਾਮੀਆਂ, ਓਮ ਪ੍ਰਕਾਸ਼ ਮਿੱਤਲ, ਦੀਪਕ ਕੁਮਾਰ, ਬਲਵਿੰਦਰ ਸਿੰਘ, ਭੂਸ਼ਨ ਗਰਗ ਰਾਜੂ ਭੂਚੋ ਵਾਲਾ, ਭਾਰਤ ਭੂਸ਼ਨ ਗਰਗ, ਪਵਨ ਕੁਮਾਰ ਢਿੱਲਵਾਂ, ਸ਼ੰਟੀ ਮੋੜ, ਉਗਰ ਸੈਨ ਮੋੜ, ਸੰਦੀਪ ਵਿੱਕੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ।

# ਨਰਸਿੰਗ ਦੇ ਸਾਬਕਾ ਵਿਦਿਆਰਥੀਆਂ ਦੀ ਅਲੂਮਨੀ ਮੀਟਿੰਗ




**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, ਪੰਜਾਬ ਵਿਖੇ ਫੈਕਲਟੀ ਆਫ਼ ਨਰਸਿੰਗ ਨੇ 30 ਦਸੰਬਰ, 2022 ਨੂੰ ਫੈਕਲਟੀ ਆਫ਼ ਨਰਸਿੰਗ ਦੀ ਇੰਚਾਰਜ ਅਤੇ ਕਾਰਜਕਾਰੀ ਨਿਰਦੇਸ਼ਕ ਪ੍ਰੋ. ਪੁਰਨਜੋਤ ਕੌਰ ਤੇ ਕਮਿਊਨਿਟੀ ਹੈਲਥ ਨਰਸਿੰਗ ਵਿਭਾਗ ਦੇ ਮੁਖੀ ਪ੍ਰੋ. ਪ੍ਰਭਜੋਤ ਸਿੰਘ ਦੀ ਅਗਵਾਈ ਹੇਠ ਸਾਰੇ ਗ੍ਰੈਜੂਏਟ ਨਰਸਿੰਗ ਦੇ ਸਾਬਕਾ ਵਿਦਿਆਰਥੀਆਂ ਲਈ ਇੱਕ ਅਲੂਮਨੀ ਮੀਟਿੰਗ ਦਾ ਆਯੋਜਨ ਕੀਤਾ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਦੇਸ ਭਗਤ ਯੂਨੀਵਰਸਿਟੀ ਦੀ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਅਭਿਲਾਸ਼ੀ ਕਾਲਜ ਆਫ ਨਰਸਿੰਗ, ਸੁੰਦਰ ਨਗਰ, ਹਿਮਾਚਲ ਪ੍ਰਦੇਸ ਦੇ ਪ੍ਰਿੰਸੀਪਲ ਦੀਪਕ ਸਾਂਡੀਲੀ ਨੂੰ ਵਿਸੇਸ ਤੌਰ 'ਤੇ ਸੱਦਾ ਦਿੱਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਅਤੇ ਨਰਸਿੰਗ ਵਿਭਾਗ ਦੇ ਸਮੂਹ ਪਤਵੰਤਿਆਂ ਅਤੇ ਫੈਕਲਟੀ ਮੈਂਬਰਾਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਬੀਐਸਸੀ ਨਰਸਿੰਗ ਤੇ ਜੀਐਨਐਮ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਡਾ. ਜ਼ੋਰਾ ਸਿੰਘ ਨੇ ਸਾਬਕਾ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਪ੍ਰਾਪਤੀਆਂ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਲਵਸਮਪੁਰਨਜੋਤ ਕੌਰ ਨੇ ਸ਼ੁਰੂਆਤੀ ਭਾਸ਼ਣ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀ ਭਲਾਈ ਦੇ ਡੀਨ ਅਰਸ਼ਦੀਪ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸੂਬਾ ਪੱਧਰੀ ਹੋਏ ਗੋਗਨਾ ਕਲਾਸੀਕਲ ਬੈਂਚ ਪ੍ਰੈੱਸ ਚੈਂਪੀਅਨਸ਼ਿਪ 'ਚ ਅਕਸ਼ੈ ਹੈੱਲਥ ਕਲੱਬ ਦਾ ਦਬਦਬਾ ਕਾਇਮ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਜ਼ਿਲ੍ਹਾ ਕਪੂਰਥਲਾ ਦੇ ਕਸਬਾ ਭੁਲੱਥ ਵਿੱਚ ਕਰਾਏ ਗਏ ਸੂਬਾ ਪੱਧਰੀ ਪਹਿਲਾ ਗੋਗਨਾ ਕਲਾਸਿਕ ਬੈਂਚ ਪ੍ਰੈਸ ਕਰਾਈ ਗਈ, ਜਿਸ ਵਿੱਚ ਸਬ ਜੂਨੀਅਰ, ਜੂਨੀਅਰ, ਸੀਨੀਅਰ, ਅਤੇ ਮਾਸਟਰਜ (ਮੈਨ ਅਤੇ ਵਿਮਨ) ਐਕਿਉਪਡ ਅਤੇ ਅਨ-ਐਕਿਉਪਡ ਮੁਕਾਬਲਿਆਂ ਵਿੱਚ ਵੱਖ-ਵੱਖ ਭਾਰ ਵਰਗ ਦੇ ਮੁਕਾਬਲੇ ਕਰਾਏ ਗਏ। ਇਸ ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਪਿਆ, ਜਿਸ ਵਿੱਚ ਪੰਜਾਬ ਪਾਵਰ ਲਿਫਟਿੰਗ ਐਸੋਸ਼ੀਏਸ਼ਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਜਨਰਲ ਸਕੱਤਰ ਸ੍ਰੀ ਹਰਵਿਨੈ ਭਾਰਦਵਾਜ ਵੱਲੋਂ ਚਲਾਏ ਜਾ ਰਹੇ ਖੰਨਾ ਦੇ ਨਾਮੀ ਅਕਸ਼ੈ ਹੈਲਥ ਕਲੱਬ ਅਧੀਨ ਕੋਚਿੰਗ ਲੈ ਰਹੇ ਕਰੀਬ 10 ਖਿਡਾਰੀਆਂ ਨੇ ਵੀ ਭਾਗ ਲਿਆ ਅਤੇ ਸੋਨੇ ਤੇ ਚਾਂਦੀ ਦੇ ਮੈਡਲ ਜਿੱਤ ਕੇ ਆਪਣਾ ਦਬਦਬਾ ਕਾਇਮ ਰੱਖਦੇ ਹੋਏ ਆਪਣਾ ਹੀ ਨਹੀਂ, ਸਗੋਂ ਕਲੱਬ ਤੇ ਇਲਾਕੇ ਦਾ ਨਾਂਅ ਵੀ ਰੌਸ਼ਨ ਕੀਤਾ ਹੈ, ਜਿਨ੍ਹਾਂ ਦਾ ਅਕਸ਼ੈ ਹੈਲਥ ਕਲੱਬ ਖੰਨਾ ਵਿਖੇ ਪਹੁੰਚਣ 'ਤੇ ਜ਼ੋਰਦਾਰ ਸਵਾਗਤ ਕਰਦੇ ਹੋਏ ਵਿਸ਼ੇਸ਼ ਸਨਮਾਨ ਕੀਤਾ। ਉਕਤ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਵਿਸ਼ੇਸ਼ ਤੌਰ ਤੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਦੀ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੀ ਇਕਾਈ ਦੇ ਜਨਰਲ ਸਕੱਤਰ ਅਤੇ ਕੋਚ ਸ੍ਰੀ ਹਰਵਿਨੈ ਭਾਰਦਵਾਜ ਭਾਜਪਾ ਆਗੂ ਬੀਰ ਪ੍ਰਕਾਸ਼ ਕਪੂਰ, ਸੀਨੀਅਰ ਐਡਵੋਕੇਟ ਕੁਲਵਿੰਦਰ ਸਿੰਘ, ਪੰਜਾਬ ਪਾਵਰ ਲਿਫਟਿੰਗ ਐਸੋਸ਼ੀਏਸ਼ਨ ਫਤਿਹਗੜ੍ਹ ਸਾਹਿਬ ਦੇ ਮੀਤ ਪ੍ਰਧਾਨ ਰਾਕੇਸ਼ ਕੁਮਾਰ ਸੋਫਤ, ਅੰਤਰਰਾਸ਼ਟਰੀ ਪਾਵਰ ਲਿਫਟਿਰ ਅਵਤਾਰ ਭੰਮਰਾ, ਅੰਤਰਾਸ਼ਟਰੀ ਪਾਵਰ ਲਿਫਟਰ ਰਵੀ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ।



ਕੋਚ ਸ੍ਰੀ ਹਰਵਿਨੈ ਭਾਰਦਵਾਜ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਅਕਸ਼ੈ ਹੈਲਥ ਕਲੱਬ ਦੇ 10 ਖਿਡਾਰੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ 93 ਕਿਲੋ ਭਾਰ ਵਰਗ ਦੇ (ਸਬ-ਜੂਨੀਅਰ) ਦੇ ਐਕਿਉਪਡ ਤੇ ਅਨ-ਐਕਿਉਪਡ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਸਾਹਿਲ ਸੋਫਤ ਰਿਕਾਰਡ ਕਾਇਮ ਕਰਦੇ ਹੋਏ ਦੋ ਗੋਲਡ ਮੈਡਲ ਜਿੱਤੇ। ਇਸੇ ਤਰ੍ਹਾਂ ਹੀ 75 ਕਿਲੋ ਭਾਰ ਵਰਗ ਦੇ (ਮਾਸਟਰ-1) ਵਿੱਚ ਅਨਿਲ ਕੁਮਾਰ ਨੇ ਗੋਲਡ ਮੈਡਲ, 83 ਕਿਲੋ ਭਾਰ ਵਰਗ ਦੇ (ਮਾਸਟਰ-1) ਵਿੱਚ ਵਰਿੰਦਰ ਕੁਮਾਰ ਨੇ ਸਿਲਵਰ ਅਤੇ 105 ਕਿਲੋ ਭਾਰ ਵਰਗ ਦੇ (ਮਾਸਟਰ-1) ਵਿੱਚ ਗੁਰਮੀਤ ਸਿੰਘ ਨੇ ਗੋਲਡ ਮੈਡਲ, 53 ਕਿਲੋ ਭਾਰ ਵਰਗ ਦੇ (ਸਬ-ਜੂਨੀਅਰ) ਵਿੱਚ ਸੁਜਾਲ ਮਹਿਤਾ ਨੇ ਸਿਲਵਰ, 59 ਕਿਲੋ ਭਾਰ ਵਰਗ (ਸੀਨੀਅਰ) ਵਿੱਚ ਹਰਵਿੰਦਰ ਸਿੰਘ ਨੇ ਸਿਲਵਰ, 66 ਕਿਲੋ ਭਾਰ ਵਰਗ ਵਿੱਚ (ਸਬ-ਜੂਨੀਅਰ) 'ਚ ਪ੍ਰਥਮ ਭੰਮਰਾ ਨੇ ਸਿਲਵਰ ਜਿੱਤ ਕੇ ਆਪਣਾ ਹੀ ਨਹੀਂ, ਕਲੱਬ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਇਸ ਤੋਂ ਇਲਾਵਾ ਇਸ ਕਲੱਬ ਦੇ ਪੰਚਮ ਸਿੰਘ ਤੇ ਹਰਮਨਜੀਤ ਸਿੰਘ ਨੇ ਵੀ ਇਸ ਚੈਪੀਅਨਸ਼ਿਪ ਵਿੱਚ ਚੰਗਾ ਪ੍ਰਦਰਸ਼ਨ ਕੀਤਾ।

# ਸਮਾਜ ਸੇਵਾ ਵਿੱਚ ਚਮਕਦਾ ਚੰਨ : ਮਯੰਕ ਫਾਊਂਡੇਸ਼ਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਿੱਖਿਆ, ਖੇਡਾਂ, ਸੜਕ ਸੁਰੱਖਿਆ ਸਮੇਤ ਸਮਾਜ ਸੇਵਾ ਦੇ ਖੇਤਰ 'ਚ ਬਿਹਤਰ ਕੰਮ ਕਰਕੇ ਪੰਜਾਬ ਦੀ ਬਿਹਤਰੀ ਲਈ ਐੱਨ ਜੀ ਓ ਵਿੱਚ ਸ਼ਾਮਲ ਮਯੰਕ ਫਾਊਂਡੇਸ਼ਨ ਨਿਰਾਸ਼ਾ ਦੇ ਸਮੇਂ ਵਿੱਚ ਵੀ ਉਮੀਦ ਦੀ ਕਿਰਨ ਨਜ਼ਰ ਆ ਰਹੀ ਹੈ, ਜਿਸ ਨੇ ਸਮਾਜ ਸੇਵਾ ਨੂੰ ਇੱਕ ਨਵਾਂ ਮੋੜ ਦਿੱਤਾ ਹੈ।ਸਮਾਜ ਦੇ ਸਾਰੇ ਵਰਗਾਂ ਲਈ ਉਮੀਦ ਅਤੇ ਮਿਹਨਤ ਨਾਲ ਕੰਮ ਕਰਨ ਵਾਲੀ ਸੰਸਥਾ ਵਜੋਂ ਜਾਣਿਆ ਜਾਂਦਾ ਹੈ, ਜੋ ਕਿ ਪਿਛਲੇ ਲਗਭਗ 5 ਸਾਲਾਂ ਤੋਂ ਆਪਣੀ ਅਣਥੱਕ ਮਿਹਨਤ ਨਾਲ ਹਰ ਖੇਤਰ ਵਿੱਚ ਅਹਿਮ ਰੋਲ ਅਦਾ ਕਰ ਰਹੀ ਹੈ।ਮਯੰਕ ਸ਼ਰਮਾ ਪੇਂਟਿੰਗ ਮੁਕਾਬਲਾ, ਮਯੰਕ ਸ਼ਰਮਾ ਸਪੋਰਟਸ ਐਕਸੀਲੈਂਸ ਐਵਾਰਡ, ਮਯੰਕ ਸ਼ਰਮਾ ਐਜੂਕੇਸ਼ਨਲ ਐਕਸੀਲੈਂਸ ਐਵਾਰਡ, 10000 ਪ੍ਰਤੀ ਲੜਕੀ ਪ੍ਰਤੀ ਸਾਲ ਦੌਰਾਨ ਉਨ੍ਹਾਂ ਦੀ ਗ੍ਰੈਜੂਏਸ਼ਨ ਪੱਧਰ ਦੀ ਸਿੱਖਿਆ ਲਈ ਫਾਊਂਡੇਸ਼ਨ ਦੁਆਰਾ ਪ੍ਰਤਿਭਾ ਕੰਨਿਆ ਸਕਾਲਰਸ਼ਿਪ ਦੇ ਤਹਿਤ, ਸੜਕ ਸੁਰੱਖਿਆ ਮਹੀਨਾ, ਖੂਨਦਾਨ ਕੈਂਪ, ਕੰਨਿਆ ਲੋਹੜੀ, ਉਭਰਦੇ ਖਿਡਾਰੀਆਂ ਨੂੰ ਹਾਕੀ ਅਤੇ ਖੇਡਾਂ ਦੇ ਜੁੱਤੇ ਵੰਡੇ, ਨੇਤਰਹੀਣ ਸਕੂਲ ਵਿੱਚ ਝੰਡਾ ਲਹਿਰਾਇਆ, ਮੁਫਤ ਮੈਡੀਕਲ ਕੈਂਪ ਦਾ ਆਯੋਜਨ, ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਨੂੰ ਸਮਰਪਤ ਸਾਈਕਲ ਰੈਲੀ, ਯੇ ਦੀਵਾਲੀ ਹੈਲਮੇਟ ਮੁਹਿਮ, ਈਚ ਵਨ ਪਲਾਂਟ ਵਨ ਦੇ ਤਹਿਤ ਪੌਦੇ ਲਗਾਉਣ ਦਾ ਪ੍ਰੋਗਰਾਮ, ਰਾਸ਼ਟਰੀ ਗਣਿਤ ਦਿਵਸ, ਵੋਟਰਾਂ ਨੂੰ ਜਾਗਰੂਕ ਕਰਨ ਲਈ ਰਾਸ਼ਟਰੀ ਵੋਟਰ ਦਿਵਸ ਮਨਾਉਣਾ ਮਹੱਤਵਪੂਰਨ ਉੱਦਮ ਹਨ। ਮਯੰਕ ਫਾਊਂਡੇਸ਼ਨ ਸਮਾਜ ਦੀਆਂ ਹੋਰ ਸੰਸਥਾਵਾਂ ਦੇ ਨਾਲ ਆਪਸੀ ਸਹਿਯੋਗ ਨਾਲ ਸਮਾਜ ਦਾ ਭਲਾ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਇਸੇ ਕੜੀ ਵਿੱਚ ਇਸ ਸਾਲ ਇਨਰ ਵ੍ਹੀਲ ਡਿਸਟ੍ਰਿਕਟ-309 ਨਾਲ ਇੱਕ ਐਮ ਓ ਯੂ ਸਾਈਨ ਕੀਤਾ ਗਿਆ, ਜਿਸ ਵਿੱਚ ਦੋਵਾਂ ਸੰਸਥਾਵਾਂ ਨੇ ਮਿਲ ਕੇ ਸੜਕ ਸੁਰੱਖਿਆ ਲਈ ਕੰਮ ਕਰਨ ਦਾ ਸਮਝੌਤਾ ਕੀਤਾ।ਇਸ ਤਹਿਤ ਉਨ੍ਹਾਂ ਨੂੰ 5000 ਰਿਫਲੈਕਟਰ ਭੇਟ ਕੀਤੇ ਗਏ ਅਤੇ ਮੈਂਬਰਾਂ ਨੂੰ ਸੜਕ ਸੁਰੱਖਿਆ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਵੱਖ-ਵੱਖ ਸਮਾਜਕ ਗਤੀਵਿਧੀਆਂ ਵਿੱਚ ਸਹਿਯੋਗ ਲਈ ਦੇਵ ਸਮਾਜ ਕਾਲਜ ਆਫ਼ ਐਜੂਕੇਸ਼ਨ ਨਾਲ ਸਮਝੌਤਾ ਵੀ ਕੀਤਾ ਗਿਆ, ਜਿਸ ਵਿੱਚ ਦੋਵਾਂ ਸੰਸਥਾਵਾਂ ਵੱਲੋਂ ਸਵੱਛ ਭਾਰਤ ਅਭਿਆਨ, ਬੇਟੀ ਬਚਾਓ ਬੇਟੀ ਪੜ੍ਹਾਓ, ਨਸ਼ਾ ਮੁਕਤੀ।ਜਿਵੇਂ ਸਮਾਜਕ ਮੁੱਦਿਆਂ 'ਤੇ ਮਿਲ ਕੇ ਕੰਮ ਕਰਨ ਦਾ ਪ੍ਰਣ ਲਿਆ। ਫਿਰੋਜ਼ਪੁਰ ਮੈਡੀਸਿਟੀ ਹਸਪਤਾਲ ਵੱਲੋਂ ਮਯੰਕ ਫਾਊਂਡੇਸ਼ਨ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਮਯੰਕ ਫਾਊਂਡੇਸ਼ਨ ਵੱਲੋਂ ਰਾਧੇ-ਰਾਧੇ ਲੈਬ ਦੇ ਸਹਿਯੋਗ ਨਾਲ ਸੰਤੋਸ਼ ਸੇਵਾ ਕੁੰਜ ਵਿਖੇ ਮੁਫਤ ਲਿਪਿਡ ਪ੍ਰੋਫਾਈਲ ਅਤੇ ਬਲੱਡ ਸ਼ੂਗਰ ਚੈੱਕਅਪ ਕੈਂਪ ਲਗਾਇਆ ਗਿਆ।ਮਯੰਕ ਫਾਊਂਡੇਸ਼ਨ ਨੇ ਮਿਲਟਰੀ ਸੈਕਟਰ ਵਿੱਚ ਵਾਤਾਵਰਣ ਜਾਗਰੂਕਤਾ ਦੀ ਸ਼ੁਰੂਆਤ ਕਰਦੇ ਹੋਏ ਬੂਟੇ ਲਗਾ ਕੇ ਵਿਸ਼ਵ ਧਰਤੀ ਦਿਵਸ ਮਨਾਇਆ।ਜ਼ਿਕਰਯੋਗ ਹੈ ਕਿ ਮਯੰਕ ਫਾਊਂਡੇਸ਼ਨ ਹਰ ਸਾਲ ਵਾਤਾਵਰਨ ਨੂੰ ਸ਼ੁੱਧ ਅਤੇ ਸੁਰੱਖਿਅਤ ਰੱਖਣ ਲਈ ਉਪਰਾਲੇ ਕਰਦੀ ਹੈ।ਇਸੇ ਲੜੀ ਵਿੱਚ ਫਾਊਂਡੇਸ਼ਨ ਵੱਲੋਂ ਹਰ ਸਾਲ 'ਹਰ ਇੱਕ ਪੌਦਾ ਇੱਕ' ਬੂਟੇ ਲਗਾਉਣ ਦੀ ਮੁਹਿੰਮ ਵੀ ਚਲਾਈ ਜਾਂਦੀ ਹੈ।ਇਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਵਿੱਚ ਜੰਗਲਾਤ ਵਿਭਾਗ ਅਤੇ ਮਯੰਕ ਫਾਊਂਡੇਸ਼ਨ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।ਨੇਤਰਹੀਣ ਦੋਸਤਾਂ ਦੀ ਸਹੂਲਤ ਲਈ ਅੰਧਵਿਦਿਆਲਿਆ ਪ੍ਰਬੰਧਕ ਕਮੇਟੀ ਨੂੰ ਈ-ਰਿਕਸ਼ਾ ਭੇਟ ਕੀਤਾ।ਇਹ ਈ-ਰਿਕਸ਼ਾ ਉਨ੍ਹਾਂ ਦੇ ਆਉਣ-ਜਾਣ ਵਿਚ ਮਦਦਗਾਰ ਸਾਬਤ ਹੋਵੇਗਾ।ਮਯੰਕ ਫਾਊਂਡੇਸ਼ਨ ਵੱਲੋਂ ਲੋੜਵੰਦ ਵਿਅਕਤੀਆਂ ਨੂੰ ਰੋਜ਼ਾਨਾ ਵਰਤੋਂ ਲਈ ਤਿੰਨ ਸਾਈਕਲ ਦਾਨ ਕਰਕੇ ਵਿਸ਼ਵ ਸਾਈਕਲ ਦਿਵਸ ਮਨਾਇਆ ਗਿਆ। ਨੇਤਰਹੀਣ ਸਕੂਲ ਨੂੰ ਈ-ਰਿਕਸ਼ਾ ਸੌਂਪਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ।



# ਨਵੀਂ ਪਾਈਪ ਲਾਈਨ ਨਾਲ ਲੋਕਾਂ ਨੂੰ ਮਿਲੇਗੀ ਸੀਵਰੇਜ ਮਿਕਸਿੰਗ ਪਾਣੀ ਤੋਂ ਰਾਹਤ : ਕਾਕਾ ਬਰਾੜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**

ਸਥਾਨਕ ਗੋਨਿਆਣਾ ਰੋਡ ਸਥਿਤ ਸ਼ਮਸ਼ਾਨਘਾਟ ਦੇ ਸਾਹਮਣੇ ਵਾਲੀ ਗਲੀ ਨੰ: 15 'ਚ ਪਿਛਲੇ ਲੰਬੇ ਸਮੇਂ ਤੋਂ ਪੇਸ਼ ਆ ਰਹੀ ਵਾਟਰ ਵਰਕਸ ਦੇ ਪਾਣੀ 'ਚ ਸੀਵਰੇਜ਼ ਪਾਣੀ ਦੀ ਮਿਕਸਿੰਗ ਨੂੰ ਦੂਰ ਕਰਦਿਆਂ ਨਵੀਂ ਪਾਈਪ ਲਾਈਨ ਪਾਉਣ ਦਾ ਉਦਘਾਟਨ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵੱਲੋਂ ਕੀਤਾ ਗਿਆ। ਇਸ ਮੌਕੇ ਮੁਹੱਲਾ ਨਿਵਾਸੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇਕੋ ਮਕਸਦ ਹੈ ਘਰ-ਘਰ ਸਾਫ ਤੇ ਸ਼ੁੱਧ ਪਾਣੀ ਪਹੁੰਚਾਉਣਾ। ਉਸੇ ਤਹਿਤ ਸ਼ਹਿਰ ਦੀਆਂ ਗਲੀਆਂ 'ਚ ਨਵੀਆਂ ਪਾਈਪ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਮਿਕਸਿੰਗ ਪਾਣੀ ਤੋਂ ਰਾਹਤ ਮਿਲੇਗੀ। ਉਨ੍ਹਾ ਕਿਹਾ ਕਿ ਗਲੀ ਨੰਬਰ 15 ਦੇ ਨਿਵਾਸੀਆਂ ਵੱਲੋਂ ਕਾਫੀ ਸ਼ਿਕਾਇਤ ਆ ਰਹੀ ਸੀ ਕਿ ਉਨ੍ਹਾਂ ਦੇ ਘਰਾਂ ਵਿੱਚ ਸੀਵਰੇਜ ਮਿਕਸ ਪੀਣ ਵਾਲਾ ਪਾਣੀ ਸਪਲਾਈ ਹੋ ਰਿਹਾ ਹੈ। ਜਿਸ ਦੀ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਦਿਆਂ ਨਵੀਂ ਪਾਈਪ ਲਾਈਨ ਵਿਛਾਈ ਜਾ ਰਹੀ ਹੈ।


ਪਾਈਪ ਲਾਈਨ ਦਾ ਉਦਘਾਟਨ ਕਰਦੇ ਹੋਏ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ'।

ਵਿਧਾਇਕ 'ਕਾਕਾ ਬਰਾੜ' ਨੇ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦੁਆਇਆ ਕਿ ਲਗਾਤਾਰ ਇਹ ਕੰਮ ਜਾਰੀ ਰਹੇਗਾ ਅਤੇ ਜਲਦ ਹੀ ਸ਼ਹਿਰ ਵਾਸੀਆਂ ਨੂੰ ਸੀਵਰੇਜ ਮਿਕਸ ਪਾਣੀ ਤੋਂ ਛੁਟਕਾਰਾ ਦੁਆਇਆ ਜਾਵੇਗਾ। ਇਸ ਮੌਕੇ ਵਾਰਡ ਦੇ ਇੰਚਾਰਜ ਬਲਵਿੰਦਰ ਗਰੇਵਰ, ਪਵਨ ਕੁਮਾਰ, ਮਨਜੀਤ ਨਾਹਰ, ਸੋਨੂੰ ਛਾਬੜਾ, ਮਲਕੀਤ ਸਿੰਘ, ਬੱਬਲੂ ਕਾਠਪਾਲ, ਚਾਂਦੀ ਰਾਮ, ਰਾਜ ਕੁਮਾਰ, ਜਗਮੀਤ ਸਿੰਘ ਜੱਗਾ ਐਮ ਸੀ, ਸੰਦੀਪ ਸ਼ਰਮਾ, ਹਰਦੇਵ ਸਿੰਘ, ਅਰਸ਼ ਬਰਾੜ ਜੱਸੇਆਣਾ, ਰਿੰਕੂ ਭੱਲਾ, ਸੋਮਨਾਥ, ਹਰਦੇਵ ਸਿੰਘ, ਤਿਲਕ ਰਾਜ, ਕ੍ਰਿਸ਼ਨ ਲਾਲ ਤੋਂ ਇਲਾਵਾ ਸੰਬੰਧਤ ਵਿਭਾਗ ਦੇ ਜੇ ਈ ਜਤਿਨ ਕੁਮਾਰ ਆਦਿ ਹੋਰ ਹਾਜ਼ਰ ਸਨ।

CMYK

2-Jan-2023-page-11-Majha.qxd 1/1/2023 8:26 PM Page 1



# ਹੱਕੀ ਮੰਗਾਂ ਲਈ ਏਟਕ ਦਾ ਵਫਦ ਵਿਧਾਇਕ ਗੋਲਡੀ ਕੰਬੋਜ ਨੂੰ ਮਿਲਿਆ

ਜਲਾਲਾਬਾਦ (ਜੀਤ ਕੁਮਾਰ)-ਆਲ ਇੰਡੀਆ ਆਸ਼ਾ ਵਰਕਰਜ਼ ਅਤੇ ਆਸ਼ਾ ਫੈਸਿਲੀਟੇਟਰਜ਼ ਯੂਨੀਅਨ (ਏਟਕ) ਬਲਾਕ ਜਲਾਲਾਬਾਦ ਦਾ ਵਫਦ ਅੱਜ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਮਿਲਿਆ ਅਤੇ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ, ਬਲਾਕ ਪ੍ਰਧਾਨ ਸਵਰਨ ਕੌਰ, ਜ਼ਿਲ੍ਹਾ ਸਕੱਤਰ ਨੀਲਮ ਰਾਣੀ, ਜ਼ਿਲ੍ਹਾ ਕੈਸ਼ੀਆਰ ਗੁਰਦੇਵ ਕੌਰ, ਬਲਾਕ ਕੈਸ਼ੀਅਰ ਸ਼ਿਮਲਾ ਰਾਣੀ, ਬਲਾਕ ਸਕੱਤਰ ਅਵਨਾਸ਼ ਰਾਣੀ, ਡੱਬ ਵਾਲਾ ਕਲਾਂ ਬਲਾਕ ਪ੍ਰਧਾਨ ਪ੍ਰੋਮਿਲਾ ਦੇਵੀ, ਡੱਬਵਾਲਾ ਕਲਾਂ ਬਲਾਕ ਸਕੱਤਰ ਰਾਜ ਰਾਣੀ ਆਦਿ ਮੌਜੂਦ ਸਨ।



ਇਸ ਮੌਕੇ ਆਗੂਆਂ ਨੇ ਕਿਹਾ ਕਿ ਆਸ਼ਾ ਵਰਕਰਾਂ ਅਤੇ ਆਸ਼ਾ ਫੈਸਿਲੀਟੇਟਰਜ਼ ਬੜੀ ਇਮਾਨਦਾਰੀ ਨਾਲ ਆਪਣੀਆਂ ਸਿਹਤ ਸੇਵਾਵਾਂ ਨਿਭਾਅ ਰਹੀਆਂ ਹਨ ਅਤੇ ਪਿਛਲੇ 14 ਸਾਲਾਂ ਦੇ ਤਜਰਬੇ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ 'ਤੇ ਘੱਟੋ-ਘੱਟ ਉਜਰਤਾਂ ਲਾਗੂ ਕਰਕੇ 26000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ। ਆਸ਼ਾ ਵਰਕਰਾਂ ਅਤੇ ਆਸ਼ਾ ਫੈਸਿਲੀਟੇਟਰਜ਼ ਦੇ ਨਾਲ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਜਾਣ। ਆਸ਼ਾ ਵਰਕਰ ਤੇ ਆਸ਼ਾ ਫੈਸਿਲੀਟੇਟਰਜ਼ ਦੀਆਂ ਮੰਨੀਆਂ ਮੰਗਾਂ ਅਨੁਸਾਰ 5 ਲੱਖ ਰੁਪਏ ਦਾ ਸਿਹਤ ਬੀਮਾ ਲਾਗੂ ਕੀਤਾ ਜਾਵੇ। 6 ਮਹੀਨੇ ਦੀ ਪ੍ਰਸੂਤੀ ਛੁੱਟੀ ਲਾਗੂ ਕੀਤੀ ਜਾਵੇ। ਆਸ਼ਾ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ। ਟੂਰ ਅਤੇ ਮਨੀ ਭੱਤਾ ਦੁੱਗਣਾ ਕੀਤਾ ਜਾਵੇ ਅਤੇ ਕੇਂਦਰ ਵਲੋਂ ਮਿਲਣ ਵਾਲੇ 1 ਹਜ਼ਾਰ ਰੁਪਏ ਪ੍ਰਤੀ ਮਹੀਨਾ ਵਾਧਾ ਕੀਤਾ ਜਾਵੇ। ਆਸ਼ਾ ਵਰਕਰਾਂ ਨੂੰ 1500 ਰੁਪਏ ਗਰਮੀ ਅਤੇ ਸਰਦੀ ਦੀ ਵਰਦੀਆਂ ਦਾ ਭੱਤਾ ਦਿੱਤਾ ਜਾਵੇ। ਗਰਭਵਤੀ ਹਾਈ ਰਿਸਕ ਔਰਤਾਂ ਦੇ ਤਿੰਨ ਚੈੱਕਅਪ ਅਤੇ ਡਾਕਟਰ ਕੋਲ ਲੈ ਕੇ ਜਾਣ ਸਮੇਂ ਟ੍ਰਾਂਸਫਰ ਮਨੀ ਤਿੰਨ ਵਿਜ਼ਟ 600 ਰੁਪਏ ਦੇਣਾ ਯਕੀਨੀ ਬਣਾਇਆ ਜਾਵੇ। ਆਸ਼ਾ ਵਰਕਰ ਅਤੇ ਫੈਸਿਲੀਟੇਟਰਜ਼ ਨੂੰ ਏ. ਐੱਨ. ਐੱਮ. ਅਤੇ ਵਾਰਡ ਅਟੈਂਡੈਂਟ ਦੀ ਭਰਤੀ ਸਮੇਂ ਪੰਜਾਬ ਸਰਕਾਰ ਦੀ ਗਾਈਡ ਲਾਈਨ ਦੇ ਦਿੱਤੇ ਹੋਏ ਕੋਟੇ ਅਨੁਸਾਰ ਭਰਤੀ ਕੀਤਾ ਜਾਵੇ। ਆਸ਼ਾ ਵਰਕਰ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਸੇਵਾ ਦੌਰਾਨ ਪਹਿਲਾਂ ਮਿਲਣ ਵਾਲੀ ਤਨਖਾਹ ਤੋਂ ਅੱਧੀ ਪੈਨਸ਼ਨ ਲਾਗੂ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਵਲੋਂ ਉਪਰੋਕਤ ਮੰਗਾਂ ਦਾ ਹੱਲ ਕਰਨ ਲਈ ਜਥੇਬੰਦੀ ਨਾਲ ਮੀਟਿੰਗ ਦਾ ਸਮਾਂ ਤੈਅ ਕੀਤਾ ਜਾਵੇ। ਇਸੇ ਤਰ੍ਹਾਂ ਹੀ ਲੋਕਲ ਪੱਧਰ ਦੀਆਂ ਮੰਗਾਂ ਜਿਵੇਂ ਕਿ ਜੰਡਵਾਲਾ ਭੀਮੇਸ਼ਾਹ ਪੀਐੱਚਸੀ ਅਧੀਨ ਕੰਮ ਕਰਦੀਆਂ ਆਸ਼ਾ ਵਰਕਰਾਂ ਦੇ ਕੁਝ ਬਕਾਏ ਪੈਂਡਿੰਗ ਹਨ, ਤੁਰੰਤ ਖਾਤਿਆਂ 'ਚ ਭੇਜੇ ਜਾਣ। ਪੀਐੱਚਸੀ ਜੰਡਵਾਲਾ 'ਚ ਪੱਕੇ ਤੌਰ 'ਤੇ ਐੱਸਐੱਮਓ ਦੀ ਨਿਯੁਕਤੀ ਕੀਤੀ ਜਾਵੇ। ਸੀਐੱਚਓ ਦੇ 2021 ਤੋਂ ਲੈ ਕੇ 2022 ਤੱਕ ਦੇ ਕੁਝ ਕੁ ਬਕਾਏ ਪੈਂਡਿੰਗ ਹਨ, ਤੁਰੰਤ ਕਲੀਅਰ ਕੀਤੇ ਜਾਣ। ਪੀਐੱਚਸੀ ਅਤੇ ਸੀਐੱਚਸੀ ਪੱਧਰ 'ਤੇ ਆਸ਼ਾ ਕਾਰਨਰ ਲਾਗੂ ਕੀਤੇ ਜਾਣ। ਪੀਐੱਚਸੀ ਪੱਧਰ 'ਤੇ ਸਮੂਹ ਆਸ਼ਾ ਵਰਕਰਾਂ ਦੀ ਐੱਸਐੱਮਓ ਨਾਲ ਮਹੀਨਾਵਾਰ ਮੀਟਿੰਗ ਯਕੀਨੀ ਬਣਾਈ ਜਾਵੇ। 2500 ਰੁਪਏ ਪ੍ਰਤੀ ਮਹੀਨਾ ਬੱਝਵਾਂ ਅਗਸਤ ਤੋਂ ਬਾਅਦ ਦਾ ਤੁਰੰਤ ਬਕਾਇਆ ਖਾਤਿਆ ਵਿਚ ਪਾਇਆ ਜਾਵੇ।

ਉਨ੍ਹਾਂ ਕਿਹਾ ਕਿ ਵਿਧਾਇਕ ਵਲੋਂ ਜਥੇਬੰਦੀ ਦੇ ਆਗੂਆਂ ਨਾਲ ਗੱਲਬਾਤ ਕਰਦਿਆਂ ਵਿਸ਼ਵਾਸ ਦਿਵਾਇਆ ਗਿਆ ਕਿ ਆਸ਼ਾ ਵਰਕਰਾਂ ਦੀਆਂ ਮੁਸ਼ਕਲਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾਵੇਗਾ।

# 'ਹਾਕਮ ਜਮਾਤ ਵੱਲੋਂ ਘੜੀਆਂ ਨਿੱਜੀਕਰਨ ਦੀਆਂ ਨੀਤੀਆਂ ਖ਼ਿਲਾਫ਼ ਤਿੱਖੇ ਸੰਘਰਸ਼ ਦੀ ਲੋੜ'

ਸਰਹਾਲੀ ਕਲਾਂ (ਮਨਜੀਤ ਸੰਧੂ, ਹਰਪ੍ਰੀਤ ਸਿੰਘ ਚੰਬਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਡੀਸੀ ਦਫਤਰ ਤਰਨਤਾਰਨ ਅਤੇ ਟੋਲ ਪਲਾਜ਼ਿਆਂ 'ਤੇ ਚੱਲ ਰਹੇ ਮੋਰਚੇ ਅੱਤ ਦੀ ਠੰਡ ਵਿੱਚ ਨਿਰੰਤਰ ਜਾਰੀ ਹਨ। ਇਨ੍ਹਾਂ ਧਰਨਿਆਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਂਵਿੰਡ, ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਦੇਸ਼ ਦੇ ਹਾਕਮਾਂ ਵੱਲੋਂ ਸਾਰੇ ਜਨਤਕ ਅਦਾਰੇ ਵੱਡੇ ਸਰਮਾਏਦਾਰ ਘਰਾਣਿਆਂ ਹਵਾਲੇ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਸਾਰੀਆਂ ਸੜਕਾਂ ਨਿੱਜੀ ਖੇਤਰ ਹਵਾਲੇ ਜਾਣ ਕਾਰਨ ਲੋਕਾਂ ਦੀ ਵੱਡੀ ਲੁੱਟ ਹੋ ਰਹੀ ਹੈ। ਅੱਜ ਪੰਜਾਬ ਭਰ ਵਿਚ 33 ਟੋਲ ਪਲਾਜ਼ੇ ਕੇਂਦਰ ਸਰਕਾਰ ਦੇ ਅਧੀਨ ਚੱਲ ਰਹੇ ਹਨ ਤੇ 12 ਟੋਲ ਪਲਾਜ਼ੇ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੇ ਹਨ। ਇਨ੍ਹਾਂ ਟੋਲ ਪਲਾਜ਼ਿਆਂ ਰਾਹੀਂ ਪੰਜਾਬ ਭਰ ਦੇ ਲੋਕਾਂ ਨੂੰ ਇਸ ਸਰਕਾਰੀ ਗੁੰਡਾ ਟੈਕਸ ਰਾਹੀਂ ਲੁੱਟਿਆ ਜਾ ਰਿਹਾ ਹੈ, ਕਰੋੜਾਂ ਰੁਪਏ ਰੋਜ਼ ਲੋਕਾਂ ਦੀਆਂ ਜੇਬਾਂ ਵਿਚੋਂ ਲੁੱਟ ਕੇ ਪੂੰਜੀਪਤੀਆਂ ਦੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ, ਲੋਕਾਂ ਕੋਲੋਂ ਰੋਡ ਟੈਕਸ ਤੇ ਟੋਲ ਟੈਕਸ ਦੀ ਦੋਹਰੀ ਲੁੱਟ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਮਾਨ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਮੁੱਦਿਆਂ ਨੂੰ ਅਣਗੌਲਿਆਂ ਕਰ ਰਹੀ ਹੈ। ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਰਤੀ ਲੋਕਾਂ ਦੀਆਂ ਹੱਕੀ ਮੰਗਾਂ ਤੁਰੰਤ ਹੱਲ ਕੀਤੀਆਂ ਜਾਣ। ਸਾਰੇ ਟੋਲ ਪਲਾਜ਼ੇ ਬਿਲਕੁਲ ਬੰਦ ਕੀਤੇ ਜਾਣ ਜਾਂ ਸਰਕਾਰ ਇਨ੍ਹਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ 75 ਫੀਸਦੀ ਰੇਟ ਘੱਟ ਕੀਤੇ ਜਾਣ। ਜ਼ੀਰਾ ਸਰਾਬ ਫੈਕਟਰੀ ਤੁਰੰਤ ਬੰਦ ਕਰਵਾਈ ਜਾਵੇ। ਇਸ ਮੌਕੇ ਬਲਵਿੰਦਰ ਸਿੰਘ ਚੋਹਲਾ ਸਾਹਿਬ, ਨਿਰਵੈਰ ਸਿੰਘ ਧੁੰਨ, ਕੁਲਵਿੰਦਰ ਸਿੰਘ ਦਦੇਹਰ, ਬਲਕਾਰ ਸਿੰਘ, ਪ੍ਰਧਾਨ ਅਜੀਤ ਸਿੰਘ ਚੰਬਾ ਆਦਿ ਹਾਜ਼ਰ ਸਨ।



# ਸ਼੍ਰੋਮਣੀ ਕਮੇਟੀ ਤੋਂ ਸੇਵਾ ਮੁਕਤ ਹੋਏ ਕਰਮਚਾਰੀਆਂ ਨੂੰ ਕੀਤਾ ਸਨਮਾਨਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅੱਜ ਸੇਵਾ ਮੁਕਤ ਹੋਏ ਕਰਮਚਾਰੀਆਂ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਸਨਮਾਨਿਤ ਕੀਤਾ ਗਿਆ। ਸੇਵਾ ਮੁਕਤ ਹੋਏ ਕਰਮਚਾਰੀਆਂ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਪਰਮਜੀਤ ਸਿੰਘ ਹਰਿਆਣਾ, ਸ਼੍ਰੋਮਣੀ ਕਮੇਟੀ ਦੇ ਸੁਪਰਵਾਈਜ਼ਰ ਬਲਜੀਤ ਸਿੰਘ ਬੁੱਟਰ, ਸਤਨਾਮ ਸਿੰਘ ਰਿਕਾਰਡ ਕੀਪਰ ਤੇ ਸੇਵਾਦਾਰ ਮੋਹਨ ਸਿੰਘ ਸ਼ਾਮਲ ਹਨ। ਇਨ੍ਹਾਂ ਸੇਵਾ ਮੁਕਤ ਹੋਏ ਕਰਮਚਾਰੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਭਜਨ ਸਿੰਘ ਮਸਾਣਾਂ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਭਜਨ ਸਿੰਘ ਮਸਾਣਾਂ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸੇਵਾ ਮੁਕਤ ਹੋਏ ਮੁਲਾਜ਼ਮਾਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਦੀਆਂ ਗਤੀਵਿਧੀਆਂ ਨੂੰ ਸੰਗਤਾਂ ਤੱਕ ਪਹੁੰਚਾਉਣ ਦੀ ਜ਼ੁੰਮੇਵਾਰੀ ਨਿਭਾਉਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਹਰਜੀਤ ਸਿੰਘ ਲਾਲੂਘੁੰਮਣ, ਮੀਤ ਸਕੱਤਰ ਨਿਰਵੈਲ ਸਿੰਘ, ਗੁਰਚਰਨ ਸਿੰਘ ਕੋਹਾਲਾ, ਲਖਬੀਰ ਸਿੰਘ, ਕੁਲਦੀਪ ਸਿੰਘ ਰੋਡੇ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ ਤੇ ਰਾਜਿੰਦਰ ਸਿੰਘ ਰੂਬੀ, ਸਾਬਕਾ ਮੀਤ ਸਕੱਤਰ ਬਲਵੰਤ ਸਿੰਘ ਪੱਟੀ ਅਤੇ ਸੇਵਾ ਮੁਕਤ ਕਰਮਚਾਰੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਮਨਜੀਤ ਸਿੰਘ ਰੰਧਾਵਾ ਪ੍ਰਧਾਨ ਤੇ ਬਖਤਾਵਰ ਸਿੰਘ ਸਰਪ੍ਰਸਤ ਬਣੇ

ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਮਾਝੇ ਦੇ ਪ੍ਰਸਿੱਧ ਇਤਿਹਾਸਕ ਪਵਿੱਤਰ ਅਸਥਾਨ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਪੱਟੀ ਦੀ ਅਗਵਾਈ ਹੇਠ ਝਬਾਲ, ਤਰਨਤਾਰਨ, ਅੰਮ੍ਰਿਤਸਰ ਅਤੇ ਭਿੱਖੀਵਿੰਡ ਦੇ ਪੱਤਰਕਾਰ ਭਾਈਚਾਰੇ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜਸਬੀਰ ਸਿੰਘ ਪੱਟੀ ਨੇ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਪੱਤਰਕਾਰ ਭਾਈਚਾਰੇ ਨੂੰ ਆਪਸੀ ਪਿਆਰ ਨਾਲ ਮਿਲ ਬੈਠ ਕੇ ਹੰਭਲਾ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੰਜਾਬ ਪ੍ਰਧਾਨ ਜਸਬੀਰ ਸਿੰਘ ਪੱਟੀ, ਜ਼ਿਲ੍ਹਾ ਪ੍ਰਧਾਨ ਹਰਪਿੰਦਰ ਸਿੰਘ ਸਨਸੋਹਾ ਤੇ ਸਮੂਹ ਅਹੁਦੇਦਾਰਾਂ ਨੇ ਝਬਾਲ ਦੇ ਪੱਤਰਕਾਰ ਭਾਈਚਾਰੇ ਦੀ ਆਪਸੀ ਸਰਬਸੰਮਤੀ ਨਾਲ ਸੀਨੀਅਰ ਪੱਤਰਕਾਰ ਮਨਜੀਤ ਸਿੰਘ ਰੰਧਾਵਾ ਨੂੰ ਸਰਕਲ ਝਬਾਲ ਦਾ ਪ੍ਰਧਾਨ ਅਤੇ ਬਖਤਾਵਰ ਸਿੰਘ ਰੰਧਾਵਾ ਨੂੰ ਸਰਪ੍ਰਸਤ ਨਿਯੁਕਤ ਕਰ ਦਿੱਤਾ ਗਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਮਨਜੀਤ ਸਿੰਘ ਰੰਧਾਵਾ ਨੇ ਸ਼੍ਰੋਮਣੀ ਕਮੇਟੀ ਤੇ ਮੈਨੇਜਰ ਹਰਜਿੰਦਰ ਸਿੰਘ ਪੱਟੀ ਦਾ ਧੰਨਵਾਦ ਕਰਦਿਆਂ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਅਤੇ ਆਜ਼ਾਦ ਪ੍ਰੈੱਸ ਕਲੱਬ ਭਿੱਖੀਵਿੰਡ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਪੱਤਰਕਾਰ ਭਾਈਚਾਰੇ ਦੀ ਭਲਾਈ ਲਈ ਕੰਮ ਕਰਨਗੇ। ਸੂਬਾ ਪ੍ਰਧਾਨ ਜਸਬੀਰ ਸਿੰਘ ਪੱਟੀ ਵੱਲੋਂ ਤਰਨਤਾਰਨ ਤੋਂ ਹਰਪਿੰਦਰ ਸਿੰਘ ਸਨਸੋਹਾ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ। ਰੰਧਾਵਾ ਵੱਲੋਂ ਤਰਨਤਾਰਨ ਅੰਮ੍ਰਿਤਸਰ ਅਤੇ ਭਿੱਖੀਵਿੰਡ ਤੋਂ ਆਏ ਸਾਰੇ ਪੱਤਰਕਾਰਾਂ ਤੇ ਸੂਬਾ ਪ੍ਰਧਾਨ ਦਾ ਧੰਨਵਾਦ ਕੀਤਾ।



ਇਸ ਮੌਕੇ ਭਿੱਖੀਵਿੰਡ ਤੋਂ ਪ੍ਰਧਾਨ ਸੁਰਜੀਤ ਕੁਮਾਰ ਬੌਬੀ, ਸਰਪ੍ਰਸਤ ਸਵਿੰਦਰ ਸਿੰਘ ਬਲੇਹਰ, ਤਰਨਤਾਰਨ ਤੋਂ ਪ੍ਰਧਾਨ ਹਰਪਿੰਦਰ ਸਿੰਘ ਸਨਸੋਹਾ, ਚੰਨਣ ਸਿੰਘ ਸੰਧੂ, ਬਖਤਾਵਰ ਸਿੰਘ ਰੰਧਾਵਾ, ਗੁਰਬੀਰ ਸਿੰਘ ਗੰਡੀਵਿੰਡ, ਗੁਰਪਾਲ ਸਿੰਘ ਹੈਪੀ ਦਿੱਲੀ, ਬੌਬਨਦੀਪ ਸਿੰਘ ਰੰਧਾਵਾ, ਰਾਜਨ ਚੋਪੜਾ, ਜਗਜੀਤ ਸਿੰਘ ਡੱਲ, ਲਖਬੀਰ ਸਿੰਘ ਦਿਆਲਪੁਰਾ, ਗੁਰਪ੍ਰੀਤ ਸਿੰਘ ਗੋਲਾ, ਮਨਜੀਤ ਸਿੰਘ ਭਿੱਖੀਵਿੰਡ, ਅਮਨ ਖਾਲੜਾ, ਵਿੱਕੀ ਮਹਿਤਾ, ਸੰਦੀਪ ਉਪਲ, ਨਰਿੰਦਰ ਸਿੰਘ ਪੀਟੀਸੀ ਨਿਊਜ਼, ਸਰਬਜੀਤ ਸਿੰਘ ਬਿੱਟੂ ਤਰਨਤਾਰਨ, ਜਗਦੇਵ ਸਮਰਾ, ਜਸਬੀਰ ਸਿੰਘ ਛੀਨਾ, ਗੁਰਪ੍ਰੀਤ ਸਿੰਘ ਸੈਂਡੀ ਖਾਲੜਾ, ਦਾਰਾ ਸਿੰਘ ਡੱਲ, ਮਨਪ੍ਰੀਤ ਸਿੰਘ ਖਾਲੜਾ, ਸਾਜਨ ਖਾਲੜਾ, ਸਰਬਜੀਤ ਸਿੰਘ ਖਾਲੜਾ, ਹਰਮੀਤ ਸਿੰਘ ਭਿੱਖੀਵਿੰਡ, ਰਣਯੋਧ ਸਿੰਘ ਚੇਲਾ, ਸੰਨੀ ਕੁਮਾਰ ਅੰਮ੍ਰਿਤਸਰ, ਮਲਕੀਤ ਸਿੰਘ ਅੰਮ੍ਰਿਤਸਰ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰ ਵੀਰ ਵੀ ਮੌਜੂਦ ਸਨ।

# ਬੈਸਟ ਕੋਚਿੰਗ ਇੰਸਟੀਚਿਊਟ ਜੋ ਲੋੜਵੰਦਾਂ ਨੂੰ ਦਿੰਦੈ ਮੁਫਤ ਸਿੱਖਿਆ

ਨੌਸ਼ਹਿਰਾ ਮੱਝਾ ਸਿੰਘ (ਮਲਕੀਤ ਸਿੰਘ)-ਬੈਸਟ ਕੋਚਿੰਗ ਇੰਸਟੀਚਿਊਟ ਨੌਸ਼ਹਿਰਾ ਮੱਝਾ ਸਿੰਘ ਵਿਖੇ ਡਾਇਰੈਕਟਰ ਮਲਕੀਤ ਸਿੰਘ ਦੇ ਪ੍ਰਬੰਧਾਂ ਹੇਠ ਨਵੇਂ ਸਾਲ ਦੀ ਸ਼ੁਰੂਆਤ ਕੇਕ ਕੱਟ ਕੇ ਕੀਤੀ। ਉਪਰੰਤ ਸੱਰਬਤ ਦੇ ਭਲੇ ਦੀ ਕਾਮਨਾ ਕੀਤੀ। ਇਸ ਮੌਕੇ ਡਾਇਰੈਕਟਰ ਮਲਕੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਅਨੰਤਜੀਤ ਕੌਰ ਨੇ ਦੱਸਿਆ ਕਿ ਬੈਸਟ ਕੋਚਿੰਗ ਇੰਸਟੀਚਿਊਟ ਵੱਲੋਂ ਗਰੀਬ ਲੋੜਵੰਦ ਅਤੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਮੁਫਤ ਕੰਪਿਊਟਰ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੇਂਡੂ ਖੇਤਰ ਦਾ ਇਹ ਕੰਪਿਊਟਰ ਇੰਸਟੀਚਿਊਟ ਪਿਛਲੇ 6 ਸਾਲਾਂ ਤੋਂ ਸਿੱਖਿਆ ਪ੍ਰਦਾਨ ਕਰ ਰਿਹਾ ਹੈ ਅਤੇ ਕਈ ਵਿਦਿਆਰਥੀ ਇਥੋਂ ਸਿੱਖਿਆ ਪ੍ਰਾਪਤ ਕਰਕੇ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ 'ਚ ਸੈਟਲ ਹੋ ਚੁੱਕੇ ਹਨ ਅਤੇ ਬੁਹਤ ਸਾਰੇ ਵਿਦਿਆਰਥੀ ਵਿਦੇਸ਼ਾਂ 'ਚ ਵੀ ਰੋਜ਼ਗਾਰ ਪ੍ਰਾਪਤ ਕਰ ਚੁੱਕੇ ਹਨ। ਇਸ ਮੌਕੇ ਟਾਈਪਿੰਗ ਟੈਸਟ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਸ਼ੁਭਦੀਪ ਕੌਰ ਨੇ ਪਹਿਲਾ, ਰਾਜਕਰਨ ਸਿੰਘ ਨੇ ਦੂਸਰਾ ਅਤੇ ਸੁਨੀਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ 2021-2022 ਦੌਰਾਨ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਮਾਸਟਰ ਬਲਦੇਵ ਸਿੰਘ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਅਮਨਦੀਪ, ਹਰਮਨਜੋਤ ਸਿੰਘ, ਲਖਵਿੰਦਰ ਕੌਰ, ਮਹਿਨੂਰ, ਪਵਨਦੀਪ ਕੌਰ, ਗੁਰਲੀਨ ਕੌਰ, ਅਕਾਸ਼, ਪ੍ਰੀਆ, ਨੇਹਾ, ਰਜਨੀ, ਸਰਬਜੀਤ ਕੌਰ ਆਦਿ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਡੀ ਈ ਓ ਸੈਕੰਡਰੀ ਹਰਪਾਲ ਸਿੰਘ ਸੰਧਾਵਾਲੀਆ ਹੋਏ ਸੇਵਾ ਮੁਕਤ

**ਡੇਰਾ ਬਾਬਾ ਨਾਨਕ/ਧਾਰੀਵਾਲ (ਰਮੇਸ਼ ਸ਼ਰਮਾ/ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹਰਪਾਲ ਸਿੰਘ ਸੰਧਾਵਾਲੀਆ ਸਟੇਟ ਐਵਾਰਡੀ ਬੀਤੇ ਦਿਨੀਂ ਸੇਵਾਮੁਕਤ ਹੋ ਗਏ। ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਅਮਰਜੀਤ ਸਿੰਘ ਭਾਟੀਆ ਦੀ ਅਗਵਾਈ ਵਿੱਚ ਡਿਪਟੀ ਡੀ. ਈ. ਓ. ਸੈਕੰਡਰੀ ਲਖਵਿੰਦਰ ਸਿੰਘ ਅਤੇ ਡਿਪਟੀ ਡੀ. ਈ. ਓ. ਬਲਬੀਰ ਸਿੰਘ ਦੇ ਸਹਿਯੋਗ ਨਾਲ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸਟੇਟ ਐਵਾਰਡੀ ਡੀ. ਈ. ਓ. ਸੰਧਾਵਾਲੀਆ ਨੂੰ ਭਵਿੱਖ ਲਈ ਸ਼ੁਭਇੱਛਾਵਾਂ ਦਿੱਤੀਆਂ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਡੀ. ਈ. ਓ. ਹਰਪਾਲ ਸਿੰਘ ਸੰਧਾਵਾਲੀਆਂ ਨੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਲਗਭਗ 2 ਸਾਲ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ ਸੇਵਾਵਾਂ ਨਿਭਾਈਆਂ ਹਨ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਹਿਮ ਉਪਰਾਲੇ ਕਰਦੇ ਹੋਏ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਡੀ. ਈ. ਓ. ਸੰਧਾਵਾਲੀਆ ਨੂੰ ਸੇਵਾਮੁਕਤ ਹੋਣ 'ਤੇ ਭਵਿੱਖ ਲਈ ਸ਼ੁਭਇੱਛਾਵਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਅਮਰਜੀਤ ਸਿੰਘ ਭਾਟੀਆ ਵੱਲੋਂ ਵੀ ਆਪਣੇ ਸੰਬੋਧਨ ਵਿੱਚ ਸੰਧਾਵਾਲੀਆ ਨਾਲ ਬਿਤਾਏ ਪਲ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਸੰਧਾਵਾਲੀਆ ਅਧਿਆਪਕਾਂ ਨਾਲ ਬਹੁਤ ਹੀ ਚੰਗੇ ਢੰਗ ਨਾਲ ਵਿਚਰਦੇ ਹੋਏ ਬੇਝਿਜਕ ਉਨ੍ਹਾਂ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਯਤਨ ਕਰਦੇ ਸਨ। ਇਸ ਮੌਕੇ ਮੋਹਿਤ ਮਹਾਜਨ ਚੇਅਰਮੈਨ ਗੋਲਡਨ ਗਰੁੱਪ ਆਫ ਇੰਸਟੀਚਿਊਸ਼ਨਜ਼ ਵਲੋਂ ਡੀ. ਈ. ਓ. ਸੰਧਾਵਾਲੀਆ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਸੰਦੀਪ ਸਿੰਘ ਕੰਪਿਊਟਰ ਟੀਚਰ ਵੱਲੋਂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਸਹਿਯੋਗ ਨਾਲ ਡੀ. ਈ. ਓ. ਸੰਧਾਵਲੀਆ ਦੇ ਜੀਵਨ ਨਾਲ ਸੰਬੰਧਤ ਤਿਆਰ ਕੀਤੀ ਡਾਕੂਮੈਂਟਰੀ ਫਿਲਮ ਵੀ ਦਿਖਾਈ। ਵੰਦਨਾ ਗੁਪਤਾ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਵਧੀਆ ਨਿਭਾਈ ਗਈ। ਇਸ ਮੌਕੇ ਡੀ. ਈ. ਓ. ਸੰਧਾਵਾਲੀਆ ਦੇ ਪਰਿਵਾਰਕ ਮੈਂਬਰ, ਡਿਪਟੀ ਡੀ. ਈ. ਓ. ਬਲਬੀਰ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ ਸੰਧੂ, ਪ੍ਰਿੰਸੀਪਲ ਪਰਮਜੀਤ ਕੌਰ, ਪ੍ਰਿੰਸੀਪਲ ਅਨੀਤਾ ਅਰੋੜਾ, ਪ੍ਰਿੰਸੀਪਲ ਅਨਿਲ ਭੱਲਾ, ਪ੍ਰਿੰਸੀਪਲ ਰਾਮ ਲਾਲ, ਪ੍ਰਿੰਸੀਪਲ ਕੁਲਦੀਪ ਸਿੰਘ ਬਾਜਵਾ, ਪ੍ਰਿੰਸੀਪਲ ਪ੍ਰਕਾਸ਼ ਜੋਸ਼ੀ, ਹੈੱਡਮਾਸਟਰ ਜਸਵਿੰਦਰ ਸਿੰਘ, ਹੈੱਡਮਾਸਟਰ ਵਿਜੈ ਕੁਮਾਰ, ਹੈੱਡਮਾਸਟਰ ਗਗਨਦੀਪ ਸਿੰਘ, ਹੈੱਡਮਾਸਟਰ ਹਰਭਜਨ ਲਾਲ, ਡੀ. ਐੱਮ. ਗੁਰਨਾਮ ਸਿੰਘ, ਡੀ. ਐੱਮ. ਗੁਰਵਿੰਦਰ ਸਿੰਘ, ਡੀ. ਐੱਮ. ਨਰਿੰਦਰ ਸਿੰਘ, ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ, ਨਵਦੀਪ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਲਖਵਿੰਦਰ ਸਿੰਘ ਸੇਖੋਂ, ਸਹਾਇਕ ਕੋਆਰਡੀਨੇਟਰ ਵਿਕਾਸ ਸ਼ਰਮਾ ਅਤੇ ਸਮੁੱਚੀ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ਆਦਿ ਹਾਜ਼ਰ ਸਨ।



# ਮਨੀਪਾਲ ਗਲੋਬਲ ਸਕਿੱਲਜ਼ ਅਕਾਦਮੀ ਨੇ ਰੋਜ਼ਗਾਰ ਦੇ ਇੱਕ ਲੱਖ ਮੌਕੇ ਪੈਦਾ ਕੀਤੇ

ਅੰਮ੍ਰਿਤਸਰ : ਮਨੀਪਾਲ ਗਲੋਬਲ ਸਕਿਲਜ਼ ਅਕਾਦਮੀ, ਭਾਰਤ ਦਾ ਪ੍ਰਮੁੱਖ ਕੌਸ਼ਲ ਸਿੱਖਿਆ ਉਦਯੋਗ, ਭਾਰਤ ਦੇ ਵਿੱਚ ਤਕਰੀਬਨ ਇੱਕ ਲੱਖ ਨੌਕਰੀ ਦੇ ਮੌਕੇ ਸ਼ੁਰੂ ਕਰਦਾ ਹੈ ਜਿਸ ਨਾਲ ਰਾਸ਼ਟਰੀ ਸੇਲਜ਼ ਅਕਾਦਮੀ ਦੇ ਉਸਦੇ ਪ੍ਰੋਗਰਾਮਾਂ ਦੇ ਨਵੇਂ ਪੋਰਟਫੋਲੀਓ ਦੇ ਅਧੀਨ ਰੋਜ਼ਗਾਰ ਸੰਬੰਧੀ ਕੁਸ਼ਲ ਪੇਸ਼ੇਵਰ ਤਿਆਰ ਹੁੰਦੇ ਹਨ। ਪ੍ਰੋਗਰਾਮ ਦੇ ਦੁਆਰਾ ਮਨੀਪਾਲ ਗਲੋਬਲ ਸਕਿਲਜ਼ ਅਕਾਦਮੀ ਬੀਐੱਫਐੱਸਆਈ, ਫਾਰਮਾਸਿਊਟੀਕਲ ਅਤੇ ਕੰਜ਼ਿਊਮਰ ਪੈਕੇਜਡ ਗੁੱਡਜ਼ ਕੰਪਨੀਆਂ ਦੇ ਨਾਲ ਭਾਈਵਾਲੀ ਕਰਨ ਦੇ ਲਈ ਪ੍ਰਮਾਣਿਤ ਪੇਸ਼ੇਵਰਾਂ ਨੂੰ ਨਿਯੁਕਤ ਕਰੇਗੀ ਜੋ ਉਨ੍ਹਾਂ ਦੀ ਵਿੱਕਰੀ ਅਤੇ ਗਾਹਕ ਪ੍ਰਬੰਧ ਸਮੂਹਾਂ ਨੂੰ ਮਜ਼ਬੂਤ ਕਰੇਗਾ। ਰਾਸ਼ਟਰੀ ਸੇਲਜ਼ ਅਕਾਦਮੀ (ਐੱਨਐੱਸਏ) ਦੇ ਦੋ ਪੇਸ਼ੇਵਰ ਪ੍ਰਮਾਨੀਕਰਨ ਭਾਗ ਹਨ-ਐੱਨਐੱਸਏ ਉੱਤਮਤਾ ਅਤੇ ਐੱਨਐੱਸਏ ਉੱਨਤ। ਐੱਨਐੱਸਏ ਉੱਤਮਤਾ ਇੱਕ ਛੋਟੀ ਮਿਆਦ ਦਾ ਕੋਰਸ (15-ਦਿਨ) ਦਾ ਹੈ ਅਤੇ ਐੱਨਐੱਸਏ ਉੱਨਤ ਦੋ ਮਹੀਨੇ ਦਾ ਆਨਲਾਈਨ ਪ੍ਰੋਗਰਾਮ ਹੈ। ਕੋਰਸ ਦੀ ਸਮਾਪਤੀ 'ਤੇ ਸਿੱਖਿਆਰਥੀ ਮਨੀਪਾਲ ਗਲੋਬਲ ਸਕਿਲਜ਼ ਅਕਾਦਮੀ ਪ੍ਰਮਾਣ ਪੱਤਰ ਦੇ ਨਾਲ ਪ੍ਰਮਾਣਿਤ ਹੋਵੇਗਾ। ਸੀਨੀਅਰ ਰਿਲੇਸ਼ਨਸ਼ਿਪ ਮੈਨੇਜਰ, ਰੀਜਨਲ ਸੇਲਜ਼ ਲੀਡ, ਸੇਲਜ਼ ਲੀਡਰ, ਸੀਨੀਅਰ ਬਿਜ਼ਨੈਸ ਮੈਨੇਜਰ ਅਤੇ ਹੋਰ ਬਹੁਤ ਕੁਝ ਵਰਗੀਆਂ ਸੀਨੀਅਰ ਭੂਮਿਕਾਵਾਂ ਲਈ ਵਿਕਾਸ ਦੇ ਮਾਰਗ ਦੀ ਤਲਾਸ਼ ਕਰ ਰਹੇ ਮੌਜੂਦਾ ਸੇਲਜ਼ ਪੇਸ਼ੇਵਰਾਂ ਨੂੰ ਉੱਨਤ ਪ੍ਰਮਾਣੀਕਰਨ ਮਾਰਗ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਭਾਗੀਦਾਰੀ 'ਤੇ ਟਿੱਪਣੀ ਕਰਦੇ ਹੋਏ ਰੋਬਿਨ ਭੌਮਿਕ, ਚੀਫ ਬਿਜ਼ਨੈਸ ਅਫਸਰ, ਮਨੀਪਾਲ ਗਲੋਬਲ ਐਜੂਕੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਿਟਡ ਨੇ ਕਿਹਾ ਕਿ ਨੈਸ਼ਨਲ ਸੇਲਜ਼ ਅਕੈਡਮੀ ਦੇ ਜ਼ਰੀਏ ਅਸੀਂ ਪੂੰਜੀ ਬਾਜ਼ਾਰਾਂ, ਵਪਾਰ, ਪ੍ਰਤੀਭੂਤੀਆਂ ਅਤੇ ਭਾਰਤੀ ਜਨਤਕ ਬਾਜ਼ਾਰ ਵਿੱਚ ਦੌਲਤ ਸਿਰਜਣ ਵਿੱਚ ਹੁਨਰਮੰਦ ਮਨੁੱਖੀ ਪ੍ਰਾਪਤੀ ਦੇ ਨਾਲ ਸਕੇਲੇਬਲ ਵਿਕਾਸ ਨੂੰ ਸਮਰਥਨ ਦੇਣ ਦੀ ਕੋਸ਼ਿਸ਼ ਕਰਦੇ ਹਾਂ।

# ਠੇਠਰਕੇ ਤੋਂ ਸਜਾਇਆ ਦਸਮ ਪਿਤਾ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਠੇਠਰਕੇ ਗੁਰਦੁਆਰਾ ਸ੍ਰੀ ਸਿੱਧੂ ਸੌਂਹ ਸਾਹਿਬ ਤੋਂ ਹਰ ਸਾਲ ਦੀ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਠੇਠਰਕੇ ਤੋਂ ਚੱਲ ਕੇ ਵੈਰੋਕੇ, ਪੱਲੇ ਨੰਗਲ, ਖਾਸਾਂਵਾਲੀ, ਡੇਰਾ ਬਾਬਾ ਨਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਪੱਖੋਕੇ ਟਾਹਲੀ ਸਾਹਿਬ, ਸਾਧਾਂ ਵਾਲੀ, ਹੁਰਵਾਲ, ਮਾਨ, ਚੌਕ ਕਾਹਲਾਂਵਾਲੀ, ਜੌੜੀਆਂ, ਮੂਲੋਵਾਲੀ, ਟਾਹਲੀ ਸਾਹਿਬ, ਖੋਦੇ ਬੇਟ, ਧਰਮਕੋਟ ਰੰਧਾਵਾ, ਗੋਲਾ ਢੋਲਾ ਰਾਹੀਂ ਹੁੰਦਾ ਹੋਇਆ ਪਿੰਡ ਠੇਠਰਕੇ ਦੇ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ। ਡੇਰਾ ਬਾਬਾ ਨਾਨਕ ਦੇ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਸ਼ਮਸ਼ੀਰ ਖਾਲਸਾ ਅੰਮ੍ਰਿਤਸਰ ਗਤਕਾ ਪਾਰਟੀ ਦੇ ਸਿੰਘਾਂ ਵੱਲੋਂ ਆਪਣੀ ਕਲਾ ਦੇ ਜੌਹਰ ਦਿਖਾਏ ਗਏ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਘੋੜੀਆਂ ਨੇ ਵੀ ਨੱਚ ਕੇ ਆਪਣੀ ਹਾਜ਼ਰੀ ਲਗਵਾਈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪਹੁੰਚਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੇ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ ਅਤੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤਾ ਗਿਆ। ਇਸ ਨਗਰ ਕੀਰਤਨ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸਿੰਘ, ਸਤਨਾਮ ਸਿੰਘ ਠੇਠਰਕੇ, ਜੇਈ ਜਗਜੀਤ ਸਿੰਘ ਨੇ ਨਵੇਂ ਸਾਲ ਤੇ ਗੁਰਪੁਰਬ ਦੀ ਵਧਾਈ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਅੱਜ ਪਿੰਡ ਠੇਠਰਕੇ ਦੇ ਗੁਰਦੁਆਰਾ ਸ੍ਰੀ ਸਿੱਧ ਸੌਂਹ ਸਾਹਿਬ ਦੇ ਪ੍ਰਬੰਧਕਾਂ ਅਤੇ ਪਿੰਡ ਠੇਠਰਕੇ ਦੀ ਸਮੂਹ ਸੰਗਤ ਵੱਲੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਸਜਾਇਆ ਗਿਆ।



ਇਸ ਨਗਰ ਕੀਰਤਨ ਦਾ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਵੱਲੋਂ ਜਗ੍ਹਾ ਜਗ੍ਹਾ 'ਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਸ਼ੁਭਕਰਨ ਸਿੰਘ, ਜਥੇਦਾਰ ਅਮਰੀਕ ਸਿੰਘ, ਹਰਜੀਤ ਸਿੰਘ ਠੇਠਰਕੇ, ਬਾਬਾ ਕੁਲਵੰਤ ਸਿੰਘ, ਨਿਰਮਲ ਸਿੰਘ, ਜੱਗਬੀਰ ਸਿੰਘ, ਗੁਰਭੇਜ ਸਿੰਘ, ਭਗਵਾਨ ਸਿੰਘ, ਸੰਤੋਖ ਸਿੰਘ, ਸੁਰਜੀਤ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਆਤਮਾ ਸਿੰਘ, ਬਾਬਾ ਸੁੱਚਾ ਸਿੰਘ, ਬਲਜੀਤ ਸਿੰਘ, ਲਖਵਿੰਦਰ ਸਿੰਘ ਮੈਂਬਰ ਪੰਚਾਇਤ, ਕੁਲਵੰਤ ਸਿੰਘ ਸਾਬਕਾ ਸਰਪੰਚ, ਇੰਸਪੈਕਟਰ ਬਖਸ਼ੀਸ਼ ਸਿੰਘ, ਗੁਰਮੁੱਖ ਸਿੰਘ ਰੰਧਾਵਾ, ਮਨਜੀਤ ਸਿੰਘ ਨੰਬਰਦਾਰ, ਸੁਖਦੇਵ ਸਿੰਘ, ਦਲਜੀਤ ਸਿੰਘ, ਰਾਜਵਿੰਦਰ ਸਿੰਘ ਰਾਜੂ, ਗੁਰਨਾਮ ਸਿੰਘ, ਗੁਰਪ੍ਰਤਾਪ ਸਿੰਘ, ਪ੍ਰਿਤਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਕੈਪਟਨ ਨਰਿੰਦਰ ਸਿੰਘ, ਆਤਮਜੀਤ ਸਿੰਘ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਿਜਨੌਰ 'ਚ ਸਿੱਖ ਨੌਜੁਆਨ ਦੇ ਕੇਸਾਂ ਤੇ ਕਕਾਰਾਂ ਦੀ ਬੇਅਦਬੀ ਨਿੰਦਣਯੋਗ ਘਟਨਾ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਦੇ ਪਿੰਡ ਚੰਪਤਪੁਰ 'ਚ ਇਕ ਸਿੱਖ ਨੌਜੁਆਨ ਦੇ ਕੇਸਾਂ ਅਤੇ ਕਕਾਰਾਂ ਦੀ ਬੇਅਦਬੀ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਘੱਟ-ਗਿਣਤੀ ਸਿੱਖਾਂ ਨਾਲ ਦੇਸ਼ ਅੰਦਰ ਵਧੀਕੀਆਂ ਹੋ ਰਹੀਆਂ ਹਨ। ਬਿਜਨੌਰ ਦੇ ਪਿੰਡ ਚੰਪਤਪੁਰ 'ਚ ਵਾਪਰੀ ਘਟਨਾ ਨਾਲ ਸਿੱਖ ਮਾਨਸਿਕਤਾ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਇਸ ਦੇ ਦੋਸ਼ੀਆਂ ਖਿਲਾਫ ਕਰੜੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਮਾਮਲੇ ਵਿਚ ਦਖ਼ਲ ਦੇਣ ਅਤੇ ਸਥਾਨਕ ਪੁਲਸ ਪ੍ਰਸ਼ਾਸਨ ਨੂੰ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਲਈ ਕਹਿਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਰਤ ਦੇ ਘੱਟ-ਗਿਣਤੀ ਕਮਿਸ਼ਨ ਨੂੰ ਵੀ ਕਿਹਾ ਕਿ ਉਹ ਅਜਿਹੇ ਮਾਮਲਿਆਂ 'ਤੇ ਕਾਰਵਾਈ ਕਰਵਾਉਣ ਲਈ ਸੰਜੀਦਾ ਯਤਨ ਕਰਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪਰੰਤੂ ਅੱਜ ਦੇ ਹਾਲਾਤ ਇਹ ਹਨ ਕਿ ਸਿੱਖਾਂ ਦੇ ਧਾਰਮਿਕ ਅਕੀਦਿਆਂ ਨੂੰ ਵੀ ਸੱਟ ਮਾਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਫਿਰਕੂ ਸੋਚ ਤਹਿਤ ਭਾਈਚਾਰਿਆਂ ਵਿਚ ਵੰਡੀਆਂ ਪਾਉਣ ਦਾ ਯਤਨ ਕਰ ਰਹੇ ਹਨ। ਇਸ ਤੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਧਰਮ ਤਬਦੀਲੀ ਦੇ ਨਾਂ 'ਤੇ ਅਜਿਹੇ ਵਰਤਾਰੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸੋਚ ਅਤੇ ਚਲਣ ਦੇਸ਼ ਦੇ ਹਿੱਤ ਵਿਚ ਨਹੀਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਸਬੰਧੀ ਉਨ੍ਹਾਂ ਸਿੱਖ ਮਿਸ਼ਨ ਉੱਤਰਾਖੰਡ ਦੇ ਇੰਚਾਰਜ ਦੀ ਡਿਊਟੀ ਲਗਾ ਦਿੱਤੀ ਹੈ, ਜੋ ਸਾਰੇ ਮਾਮਲੇ ਬਾਰੇ ਰਿਪੋਰਟ ਦੇਣਗੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਪੀੜਤ ਪਰਿਵਾਰ ਨਾਲ ਹਰ ਪੱਧਰ 'ਤੇ ਖੜ੍ਹੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

# ਨੇਤਰਹੀਣ ਲੜਕੀਆਂ ਦੀ ਮਦਦ ਕਰਕੇ ਮਨਾਇਆ ਨਵਾਂ ਵਰ੍ਹਾ

ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਅੰਮ੍ਰਿਤਸਰ ਨੌਰਥ ਵੱਲੋਂ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਦਾ ਸ਼ੁੱਭ ਆਰੰਭ ਕਲੱਬ ਦੇ ਪ੍ਰਧਾਨ ਵਿਜੇ ਭਸੀਨ ਅਤੇ ਪ੍ਰੋਜੈਕਟ ਚੇਅਰਮੈਨ ਸਮਾਜ ਸੇਵਕ ਅਮਨ ਅਨੇਜਾ ਦੀ ਦੇਖ-ਰੇਖ ਵਿੱਚ ਬੀਬੀ ਭਾਨੀ ਨੇਤਰਹੀਣ ਵਿਦਿਆਲਾ ਸੰਨ੍ਹ ਸਾਹਿਬ ਰੋਡ ਛੇਹਰਟਾ ਵਿਖੇ ਕੀਤਾ ਗਿਆ। ਇਸ ਮੌਕੇ ਰੋਟਰੀ ਕਲੱਬ ਵੱਲੋਂ ਨੇਤਰਹੀਣ ਲੜਕੀਆਂ ਨੂੰ ਦੋ ਪੱਖੇ ਅਤੇ ਦੋ ਦੀਵਾਰ ਉੱਤੇ ਲਗਾਉਣ ਵਾਲੇ ਅਲਾਰਮ ਕਲਾਕ ਭੇਟ ਕੀਤੇ ਗਏ। ਰੋਟਰੀ ਦੇ ਮੇਜਰ ਡੋਨਰ ਡਾ. ਜੀ. ਐੱਸ. ਮਦਾਨ ਅਤੇ ਡਾ. ਮਨਜੀਤਪਾਲ ਕੌਰ ਨੇ ਕਿਹਾ ਕਿ ਨੇਤਰਹੀਣ ਵਿਦਿਆਲਾ ਦੀ ਮਦਦ ਲਈ ਕਲੱਬ ਵੱਲੋਂ ਪ੍ਰੋਜੈਕਟ ਕੀਤੇ ਜਾ ਚੁੱਕੇ ਹਨ ਅਤੇ ਭਵਿੱਖ ਵਿੱਚ ਵੀ ਇਹ ਪ੍ਰਥਾ ਜਾਰੀ ਰਹੇਗੀ। ਕਲੱਬ ਦੇ ਐੱਮ. ਓ. ਸੀ. ਸਾਬਕਾ ਸਹਾਇਕ ਗਵਰਨਰ ਆਰ. ਐੱਸ. ਚੱਠਾ ਨੇ ਨੇਤਰਹੀਣ ਵਿਦਿਆਲਾ ਦੀਆਂ ਗਤੀਵਿਧੀਆਂ ਦੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।



ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਅਤੇ ਪ੍ਰਧਾਨ ਵਿਜੇ ਭਸੀਨ ਨੇ ਵਿਦਿਆਲਾ ਦੇ ਸੰਚਾਲਕਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਰੋਟਰੀ ਦੇ ਸਾਬਕਾ ਪ੍ਰਧਾਨ ਰਮੇਸ਼ ਕੱਕੜ, ਸਾਲ 2023-24 ਦੇ ਸਕੱਤਰ ਵਰੁਣ ਕੱਕੜ, ਕਲੱਬ ਦੇ ਮੌਜੂਦਾ ਸਕੱਤਰ ਗੁਰਮੀਤ ਸਿੰਘ, ਸਾਬਕਾ ਸਕੱਤਰ ਸੁਨੀਤਾ ਭਸੀਨ, ਅਵਿੰਦਰ ਕੌਰ, ਡਾ. ਕੁਲਦੀਪ ਸਿੰਘ ਅਰੋੜਾ, ਹਰਜਿੰਦਰ ਕੌਰ ਚੱਠਾ, ਰੋਟੇਰੀਅਨ ਜਗਦੀਸ਼ ਕੱਕੜ, ਅਮਨਦੀਪ ਕੌਰ, ਦਲਜੀਤ ਕੌਰ, ਐਡਵੋਕੇਟ ਆਰ. ਕੇ. ਉੱਪਲ, ਐਡਵੋਕੇਟ ਅਨੀਤਾ ਸ਼ਰਮਾ, ਮਨਿੰਦਰ ਕੌਰ, ਡਾ. ਸੁਖਮਨਪ੍ਰੀਤ ਕੌਰ ਅਤੇ ਨਾਲ ਰੋਟਰੀ ਕਲੱਬ ਨੌਰਥ ਦੇ ਸਾਰੇ ਮੈਂਬਰ ਮੌਜੂਦ ਸਨ।

# ਵੱਖਰੇ ਹੀ ਅੰਦਾਜ਼ 'ਚ ਹੋਇਆ ਰਈਆ ਵਿਖੇ ਨਵੇਂ ਸਾਲ ਦਾ ਆਗਾਜ਼ !

ਰਈਆ (ਡੀ. ਕੇ. ਰੈੱਡੀ)—ਬਹੁਤ ਹੈਰਾਨੀ ਹੋਵੇਗੀ ਜਦੋਂ ਤੁਸੀਂ ਇਹ ਸੁਣੋਗੇ ਕਿ ਰਈਆ ਇਕ ਅਜਿਹਾ ਸ਼ਹਿਰ ਹੈ ਜਿਥੋਂ ਦੀ ਇਕ ਸੰਸਥਾ ਆਪਣੇ ਵੱਖਰੇ ਕਾਰਨਾਮਿਆਂ ਲਈ ਹਮੇਸ਼ਾ ਚਰਚਾ 'ਚ ਰਹਿੰਦੀ ਹੈ ਅਤੇ ਉਸਦੇ ਪ੍ਰਧਾਨ ਵੀ ਆਪਣੀ ਚਿਰ-ਪਰਿਚਤ ਸ਼ੈਲੀ ਲਈ ਅਕਸਰ ਹੀ ਚਰਚਾ ਦਾ ਵਿਸ਼ਾ ਬਣੇ ਰਹਿੰਦੇ ਹਨ। ਜੀ ਹਾਂ, ਅੰਮ੍ਰਿਤਸਰ ਜ਼ਿਲ੍ਹੇ ਦੇ ਸ਼ਹਿਰ ਰਈਆ ਮੰਡੀ ਦੇ ਵਸਨੀਕ ਅਤੇ ਈਡੀਅਟ ਕਲੱਬ ਪੰਜਾਬ ਦੇ ਪ੍ਰਧਾਨ ਡਾ. ਰਾਜਿੰਦਰ ਰਿਖੀ ਬੀਤੇ ਕਰੀਬ ਤੀਹ ਸਾਲ ਤੋਂ ਆਪਣੀਆਂ ਪੁੱਠੀਆਂ-ਸਿੱਧੀਆਂ ਪਰ ਸਮਾਜ-ਸੁਧਾਰਕ ਗਤੀਵਿਧੀਆਂ ਕਰਕੇ ਅਕਸਰ ਹੀ ਚਰਚਾ 'ਚ ਬਣੇ ਰਹਿੰਦੇ ਹਨ। ਬੀਤੀ ਸ਼ਾਮ ਉਨ੍ਹਾਂ ਦੇ ਕਾਰਨਾਮੇ ਨੇ ਇਕ ਵਾਰ ਫਿਰ ਈਡੀਅਟ ਕਲੱਬ ਅਤੇ ਡਾ. ਰਾਜਿੰਦਰ ਰਿਖੀ ਨੂੰ ਪੂਰੀ ਤਰ੍ਹਾਂ ਜਨਤਾ ਦੇ ਸਾਹਮਣੇ ਇਕ ਵਧੀਆ ਸਮਾਜ-ਸੁਧਾਰਕ ਅਤੇ ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਪੁੱਟ ਕੇ ਸੁੱਟਣ ਵਾਲੇ ਇਨਸਾਨ ਅਤੇ ਸੰਸਥਾ ਦੇ ਰੂਪ ਵਿਚ ਮਾਨਤਾ ਦੇ ਦਿੱਤੀ ਹੈ। ਮੌਕਾ ਸੀ 2022 ਦੀ ਆਖਰੀ ਸ਼ਾਮ ਅਤੇ 2023 ਦੀ ਨਵੀਂ ਅਤੇ ਪਹਿਲੀ ਸਵੇਰ ਨੂੰ ਖੁਸ਼ਆਮਦੀਦ ਕਹਿਣ ਦਾ, ਜਿਸਨੂੰ ਆਪਣੇ ਵੱਖਰੇ ਅੰਦਾਜ਼ ਨਾਲ ਜੀ ਆਇਆਂ ਆਖਣ ਦਾ ਮੌਕਾ ਫਿਲਮੀ ਅਦਾਕਾਰ ਅਤੇ ਈਡੀਅਟ ਕਲੱਬ ਪੰਜਾਬ ਦੇ ਪ੍ਰਧਾਨ ਡਾ. ਰਾਜਿੰਦਰ ਰਿਖੀ ਨੇ ਨਹੀਂ ਛੱਡਿਆ। ਉਨ੍ਹਾਂ ਨੇ ਆਪਣੇ ਸਾਰੇ ਸਾਥੀਆਂ ਅਤੇ ਕਲੱਬ ਦੇ ਪੈਟਰਨ ਵਿਸ਼ਵ ਪ੍ਰਸਿੱਧ ਹਾਸ ਕਲਾਕਾਰ ਸੁਰਿੰਦਰ ਫਰਿਸ਼ਤਾ ਉਰਫ ਘੁੱਲੇਸ਼ਾਹ ਨਾਲ ਮਿਲ ਕੇ ਅੰਗਰੇਜ਼ੀ ਨਵੇਂ ਸਾਲ ਨੂੰ ਜੀ ਆਇਆਂ ਆਖਣ ਲਈ ਰਈਆ ਦੇ ਸ਼ਮਸ਼ਾਨ ਘਾਟ ਵਿਚ ਰਾਤ ਸਮੇਂ ਕੇਕ ਕੱਟ ਕੇ ਅਤੇ ਡੀ. ਜੇ. ਦੀਆਂ ਧੁਨਾਂ ਉਪਰ ਡਾਂਸ ਅਤੇ ਭੰਗੜੇ ਪਾਉਣ ਦਾ ਸਫ਼ਲ ਪ੍ਰੋਗਰਾਮ ਕਰ ਛੱਡਿਆ। ਇਸ ਵਾਰ ਉਨ੍ਹਾਂ ਦਾ ਮਕਸਦ ਕੁਝ ਵੱਖਰਾ ਦਿਖਾਈ ਦਿੱਤਾ। ਆਪਣੇ ਵੱਖਰੇ ਅੰਦਾਜ਼ ਨੂੰ ਕਾਇਮ ਰੱਖਦਿਆਂ ਰਿਖੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੂੰਹਾਂ ਉਪਰ ਲਗਾਏ ਜਾਣ ਵਾਲੇ ਮੁਖੌਟਿਆਂ ਉਪਰ ਭ੍ਰਿਸ਼ਟਾਚਾਰ, ਰਿਸ਼ਵਤ, ਅੱਤਵਾਦ, ਨਸ਼ਾ ਅਤੇ ਨੇਤਾ ਵਰਗੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਮਸ਼ਾਨਘਾਟ ਸਾਡੀ ਜ਼ਿੰਦਗੀ ਦਾ ਅੰਤਿਮ ਪੜਾਅ ਹੁੰਦਾ ਹੈ ਜਿਥੇ ਸਾਡਾ ਪੰਜ ਭੂਤਕ ਸਰੀਰ ਖਾਕ ਹੋ ਜਾਂਦਾ ਹੈ ਅਤੇ ਅੱਜ ਅਸੀਂ ਪਰਮਾਤਮਾ ਅੱਗੇ ਇਹ ਅਰਦਾਸ ਕਰਦੇ ਹਾਂ ਕਿ ਜਿਵੇਂ ਸਾਡਾ ਸਰੀਰ ਇਸ ਜਗ੍ਹਾ ਖਾਕ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਸਾਡੇ ਸਮਾਜ ਵਿਚਲੀਆਂ ਬੁਰਾਈਆਂ ਭ੍ਰਿਸ਼ਟਾਚਾਰ, ਰਿਸ਼ਵਤ, ਨਸ਼ਾ, ਅੱਤਵਾਦ ਅਤੇ ਭ੍ਰਿਸ਼ਟ ਨੇਤਾਵਾਂ ਦਾ ਅੱਜ 2022 ਦੀ ਆਖਰੀ ਸ਼ਾਮ ਇਸ ਸ਼ਮਸ਼ਾਨਘਾਟ ਵਿਚ ਹੀ ਅੰਤ ਹੋ ਜਾਵੇ ਅਤੇ 2023 ਦੀ ਨਵੀਂ ਸਵੇਰ ਸਭ ਲਈ ਖੁਸੀਆਂ-ਖੇੜੇ ਅਤੇ ਜ਼ਿੰਦਗੀ ਜਿਊਣ ਦੇ ਨਵੇਂ ਮੌਕੇ ਲੈ ਕੇ ਆਵੇ। ਕਲੱਬ ਦੇ ਪੈਟਰਨ ਘੁੱਲੇ ਸ਼ਾਹ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਖੁਸ਼ੀ ਹੈ ਕਿ ਜਿਸ ਕਲੱਬ ਦੇ 25 ਸਾਲ ਪਹਿਲਾਂ ਨਵੇਂ ਸਾਲ ਦੇ ਪ੍ਰੋਗਰਾਮ ਨੂੰ ਉਨ੍ਹਾਂ ਸ਼ਮਸ਼ਾਨਘਾਟ ਵਿਚ ਹਰੀ ਝੰਡੀ ਦੇ ਕੇ ਚਾਲੂ ਕੀਤਾ ਸੀ, ਉਹ ਪ੍ਰੋਗਰਾਮ ਲਗਾਤਾਰ ਆਪਣੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਦਾ ਜਾ ਰਿਹਾ ਹੈ। ਸ਼ਿਵਰਾਜ ਸਿੰਘ ਨੇ ਇਸ ਮੌਕੇ ਕਿਹਾ ਕਿ ਈਡੀਅਟ ਕਲੱਬ ਦੇ ਪ੍ਰਧਾਨ ਰਾਜਿੰਦਰ ਰਿਖੀ ਵੱਲੋਂ ਸਮਾਜ ਸੁਧਾਰ ਦੇ ਜੋ ਕੰਮ ਬੀਤੇ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਬੂਰ ਪੈਣਾ ਸ਼ੁਰੂ ਹੋ ਚੁੱਕਾ ਸੀ ਅਤੇ ਹੁਣ ਫਲ ਲੱਗ ਰਹੇ ਹਨ, ਭਾਵ ਕਿ ਉਨ੍ਹਾਂ ਦੇ ਸ਼ੁਰੂ ਕੀਤੇ ਕੰਮ ਪੂਰੇ ਹੋ ਰਹੇ ਹਨ ਅਤੇ ਲੋਕ ਉਨ੍ਹਾਂ ਦੇ ਵੱਖਰੇ ਅੰਦਾਜ਼ ਦੇ ਕਾਇਲ ਹਨ। ਕੁਲਵੰਤ ਰਾਏ ਕਾਕਾ ਨੇ ਆਪਣੀ ਰਚਨਾ 'ਆਗੂ ਮੇਰੇ ਦੇਸ਼ ਦੇ' ਗਾ ਕੇ ਵਾਹ-ਵਾਹ ਖੱਟੀ।



ਇਸ ਮੌਕੇ ਕੁਲਵਿੰਦਰ ਸਿੰਘ ਬੁੱਟਰ, ਦਵਿੰਦਰ ਸਿੰਘ ਭੰਗੂ, ਸੁਮੀਤ ਕਾਲੀਆ, ਡੀ. ਕੇ. ਰੈਡੀ, ਗੁਰਮੀਤ ਗੀਤਾ, ਕਾਰਤਿਕ ਰਿਖੀ, ਪੁਨੀਤ ਕੁਮਾਰ, ਯੁਵਰਾਜ ਰਾਣਾ, ਠੇਕੇਦਾਰ ਜਗਤਾਰ ਸਿੰਘ ਬਿੱਲਾ, ਸੁਖਦੇਵ ਸੇਠੀ, ਅਰੁਣ ਪਸਾਹਨ ਅਤੇ ਹੋਰ ਸਾਥੀ ਵੀ ਹਾਜ਼ਰ ਸਨ।

29-Dec-PAGE-12.qxd 1/1/2023 8:51 PM Page 1






# ਪੂਰੀ ਦੁਨੀਆ ਨੇ ਨਵਾਂ ਸਾਲ 2023 ਦਾ ਕੀਤਾ ਸਵਾਗਤ

ਪੂਰੀ ਦੁਨੀਆ ਨੇ ਨਵੇਂ ਸਾਲ ਦਾ ਜਸ਼ਨ ਧੂਮਧਾਮ ਨਾਲ ਮਨਾਇਆ। ਪੂਰਬ ਤੋਂ ਲੈ ਕੇ ਪੱਛਮ ਤੱਕ ਹਰ ਦੇਸ਼ ਨੇ ਇੱਕ ਨਵੀਂ ਉਮੀਦ ਨਾਲ 2023 ਦਾ ਸਵਾਗਤ ਕੀਤਾ। ਚੀਨ ਅਤੇ ਅਮਰੀਕਾ 'ਚ ਕੋਰੋਨਾ ਦੇ ਨਵੇਂ ਕੇਸ ਦੁਨੀਆ ਨੂੰ ਡਰਾ ਰਹੇ ਹਨ। ਯੂਰਪ 'ਚ ਦੋ ਦੇਸ਼, ਰੂਸ ਅਤੇ ਯੂਕਰੇਨ ਪਿਛਲੇ 10 ਮਹੀਨਿਆਂ ਤੋਂ ਜੰਗ ਲੜ ਰਹੇ ਹਨ। ਪਾਕਿਸਤਾਨ ਤੇ ਸ੍ਰੀਲੰਕਾ ਆਰਥਕ ਚੁਣੌਤੀਆਂ ਨਾਲ ਦੋ-ਚਾਰ ਹੋ ਰਹੇ ਹਨ। ਜੇਕਰ ਕੈਨੇਡਾ ਅਤੇ ਅਮਰੀਕਾ ਬਰਫ਼ੀਲੇ ਤੂਫਾਨ ਦਾ ਸਾਹਮਣਾ ਕਰ ਰਿਹਾ ਹੈ ਤਾਂ ਯੂਰਪ ਉਪਰ ਤੇਲ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਆਪਣੀਆਂ-ਆਪਣੀਆਂ ਚੁਣੌਤੀਆਂ ਦੇ ਨਾਲ ਹਰ ਦੇਸ਼ 2023 'ਚ ਪ੍ਰਵੇਸ਼ ਕਰ ਚੁੱਕਾ ਹੈ।

ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਨਵੇਂ ਸਾਲ ਦਾ ਜਸ਼ਨ ਮਨਾਇਆ ਗਿਆ। ਪੂਰੀ ਦੁਨੀਆ 'ਚ ਲੋਕਾਂ ਦੀ ਖੁਸ਼ੀ ਇੱਕੋ ਤਰ੍ਹਾਂ ਦੀ ਸੀ। ਇਸ ਖੁਸ਼ੀ ਨੂੰ ਤਸਵੀਰਾਂ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਯੁਕਤ ਅਰਬ ਅਮੀਰਾਤ ਦੇ ਦੁਬਈ ਸਥਿਤ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖਲੀਫ਼ਾ 'ਤੇ ਨਵੇਂ ਸਾਲ ਮੌਕੇ ਆਤਿਸ਼ਬਾਜ਼ੀ ਕੀਤੀ ਗਈ। ਆਸਟਰੇਲੀਆ ਦੇ ਸਿਡਨੀ ਬਰਿਜ 'ਤੇ ਆਤਿਸ਼ਬਾਜ਼ੀ ਦਾ ਹੈਰਾਨ ਕਰਨ ਵਾਲਾ ਨਜ਼ਾਰਾ ਦੇਖਣ ਨੂੰ ਮਿਲਿਆ।

ਨਿਊ ਜ਼ੀਲੈਂਡ ਉਨ੍ਹਾਂ ਦੇਸ਼ਾਂ 'ਚ ਸ਼ਾਮਲ ਹੈ, ਜਿਸ ਨੇ ਦੁਨੀਆ 'ਚ ਸਭ ਤੋਂ ਪਹਿਲਾਂ 2023 'ਚ ਕਦਮ ਰੱਖਿਆ। ਚੀਨ ਨੇ ਕੋਵਿਡ ਪਾਬੰਦੀਆਂ ਦੇ ਬਾਵਜੂਦ ਨਵੇਂ ਸਾਲ ਦਾ ਜਸ਼ਨ ਪੂਰੇ ਜੋਸ਼ ਨਾਲ ਮਨਾਇਆ। ਰਾਜਧਾਨੀ ਬੀਜਿੰਗ 'ਚ ਲੋਕਾਂ ਨੇ ਆਤਿਸ਼ਬਾਜ਼ੀ ਕੀਤੀ। ਬ੍ਰਿਟੇਨ ਲਈ ਬੀਤਿਆ ਸਾਲ ਸਿਆਸੀ ਨਜ਼ਰੀਏ ਤੋਂ ਕਾਫ਼ੀ ਉਥਲ-ਪੁਥਲ ਵਾਲਾ ਰਿਹਾ। 2022 'ਚ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ ਦੇ ਦੇਹਾਂਤ ਤੋਂ ਬਾਅਦ ਕਿੰਗ ਚਾਰਲਸ ਦੇਸ਼ ਦੀ ਰਾਜਗੱਦੀ 'ਤੇ ਬੈਠੇ। ਬ੍ਰਿਟੇਨ ਨੇ ਵੀ 2023 ਦਾ ਸਵਾਗਤ ਧੂਮਧਾਮ ਨਾਲ ਕੀਤਾ। ਲੰਘਿਆ ਸਾਲ ਰੂਸ ਲਈ ਬੇਹੱਦ ਅਹਿਮ ਰਿਹਾ। ਪੂਰੇ ਸਾਲ ਰੂਸ ਦੁਨੀਆ ਭਰ ਦੀਆਂ ਸੁਰਖੀਆਂ ਦਾ ਹਿੱਸਾ ਰਿਹਾ। ਜੰਗ ਦੇ ਸਾਏ ਹੇਠ ਰੂਸ ਨੇ ਵੀ ਨਵੇਂ ਸਾਲ ਦਾ ਖੁੱਲ੍ਹ ਕੇ ਸਵਾਗਤ ਕੀਤਾ।


























